@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 21 March 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 21 ਮਾਰਚ 2024, 8 ਚੇਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 111, qpatrika@gmail.com ਫੋਨ : 9971359517 www.qaumipatrika.org

## ਕੇਜਰੀਵਾਲ ਦੀ ਪਟੀਸ਼ਨ 'ਤੇ ਦਿੱਲੀ ਹਾਈ ਕੋਰਟ ਨੇ ਮੰਗਿਆ ਈ.ਡੀ. ਤੋਂ ਜਵਾਬ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 20 ਮਾਰਚ : ਦਿੱਲੀ ਹਾਈ ਕੋਰਟ ਨੇ ਸ਼ਰਾਬ ਨੀਤੀ ਘਪਲੇ ਦੇ ਮਾਮਲੇ 'ਚ ਸੰਮਨ ਨੂੰ ਚੁਣੌਤੀ ਦੇਣ ਵਾਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਟੀਸ਼ਨ 'ਤੇ ਬੁੱਧਵਾਰ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਤੋਂ ਜਵਾਬ ਤਲਬ ਕੀਤਾ। ਜੱਜ ਸੁਰੇਸ਼ ਕੁਮਾਰ ਕੈਤ ਅਤੇ ਜੱਜ ਮਨੋਜ ਜੈਨ ਦੀ ਬੈਂਚ ਨੇ ਈਡੀ ਨੂੰ 2 ਹਫਤਿਆਂ 'ਚ ਆਪਣਾ ਜਵਾਬ ਦਾਖਲ ਕਰਨ ਦਾ ਨਿਰਦੇਸ਼ ਦਿੱਤਾ। ਹਾਈ ਕੋਰਟ ਇਸ ਮਾਮਲੇ 'ਚ ਅਗਲੀ ਸੁਣਵਾਈ 22 ਅਪ੍ਰੈਲ ਨੂੰ ਕਰੇਗਾ। ਸੁਣਵਾਈ ਦੌਰਾਨ ਬੈਂਚ ਨੇ ਮੁੱਖ ਮੰਤਰੀ ਕੇਜਰੀਵਾਲ ਦਾ ਪੱਖ ਰੱਖ ਰਹੇ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਤੋਂ ਪੁੱਛਿਆ,"ਪੇਸ਼ (ਈ.ਡੀ. ਦੇ ਸਾਹਮਣੇ) ਕਿਉਂ ਨਹੀਂ ਹੁੰਦੇ।" ਸਿੰਘਵੀ ਨੇ ਆਮ ਆਦਮੀ ਪਾਰਟੀ ਨੇਤਾ ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਦੀ ਈਡੀ ਵਲੋਂ ਕੀਤੀ ਗਈ ਗ੍ਰਿਫਤਾਰੀ ਦਾ ਜ਼ਿਕਰ ਕਰਦੇ ਹੋਏ ਜਵਾਬ ਦਿੱਤਾ ਕਿ ਉਨ੍ਹਾਂ ਨੂੰ (ਮੁੱਖ ਮੰਤਰੀ ਕੇਜਰੀਵਾਲ ਨੂੰ) ਖਦਸ਼ਾ ਹੈ ਕਿ ਈਡੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਵੇਗੀ। ਉਨ੍ਹਾਂ ਨੇ ਅਦਾਲਤ ਤੋਂ ਗੁਹਾਰ ਲਗਾਉਂਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਸੁਰੱਖਿਆ ਦਿੱਤੀ ਜਾਵੇ ਤਾਂ ਉਹ ਪੇਸ਼ ਹੋਣ ਲਈ ਤਿਆਰ ਹਨ। ਦੂਜੇ ਪਾਸੇ ਈ.ਡੀ. ਦਾ ਪੱਖ ਰੱਖਦੇ ਹੋਏ ਐਡੀਸ਼ਨਲ ਸਾਲਿਸੀਟਰ ਜਨਰਲ ਐੱਸ.ਵੀ. ਰਾਜੂ ਅਤੇ ਐਡਵੋਕੇਟ ਜੋਹੇਬ ਹੁਸੈਨ ਨੇ ਸ਼੍ਰੀ ਸਿੰਘਵੀ ਦੀਆਂ ਕੇਜਰੀਵਾਲ ਨੂੰ ਰਾਹਤ ਦੇਣ ਦੀਆਂ ਦਲੀਲਾਂ ਦਾ ਵਿਰੋਧ ਕੀਤਾ। ਉਨ੍ਹਾਂ ਨੇ ਦਲੀਲ ਦਿੰਦੇ ਹੋਏ ਸ਼੍ਰੀ ਕੇਜਰੀਵਾਲ ਦੀ ਪਟੀਸ਼ਨ 'ਤੇ ਸਵਾਲ ਖੜ੍ਹੇ ਕੀਤੇ ਅਤੇ ਕਿਹਾ ਕਿ ਪਟੀਸ਼ਨ ਸੁਣਵਾਈ ਲਈ ਯੋਗ ਨਹੀਂ ਹੈ। ਹਾਈ ਕੋਰਟ ਨੇ ਦੋਹਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਸ ਮਾਮਲੇ 'ਚ ਈ.ਡੀ. ਨੂੰ ਆਪਣਾ ਜਵਾਬ ਦਾਖਲ ਕਰਨ ਦਾ ਨਿਰਦੇਸ਼ ਦਿੱਤਾ। ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਮਨੀ ਲਾਂਡਰਿੰਗ ਮਾਮਲੇ 'ਚ ਈ.ਡੀ. ਦੇ ਵਾਰ-ਵਾਰ ਸੰਮਨ 'ਤੇ ਉਸ ਦੇ ਸਾਹਮਣੇ ਪੁੱਛ-ਗਿੱਛ ਲਈ ਪੇਸ਼ ਨਹੀਂ ਹੋਣ ਦੇ ਦੋਸ਼ ਮਾਮਲੇ 'ਚ ਸ਼ਨੀਵਾਰ ਨੂੰ ਦਿੱਲੀ ਦੀ ਇਕ ਅਦਾਲਤ 'ਚ ਪੇਸ਼ ਹੋਏ ਸਨ, ਜਿੱਥੇ ਉਨ੍ਹਾਂ ਨੂੰ ਸ਼ਰਤਾਂ ਨਾਲ ਜਮਾਨਤ ਮਿਲ ਗਈ ਸੀ। ਰਾਊਜ ਐਵੇਨਿਊ ਸਥਿਤ ਐਡੀਸ਼ਨਲ ਮੁੱਖ ਮੈਟਰੋਪੋਲੀਟਨ ਮੈਜਿਸਟ੍ਰੇਟ (ਏ.ਸੀ.ਐੱਮ.ਐੱਮ.) ਦਿਵਿਆ ਮਲਹੋਤਰਾ ਦੀ ਅਦਾਲਤ ਨੇ ਸੰਬੰਧਤ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਦੋਸ਼ੀ ਕੇਜਰੀਵਾਲ ਨੂੰ 15 ਹਜਾਰ ਰੁਪਏ ਦੇ ਜਮਾਨਤ ਬਾਂਡ ਜਾਂ ਇੰਨੀ ਰੁਪਏ ਦੀ ਜਮਾਨਤ ਰਾਸ਼ੀ ਜਮ੍ਹਾ ਕਰਨ ਦੀ ਸ਼ਰਤ 'ਤੇ ਜਮਾਨਤ ਅਰਜੀ ਮਨਜ਼ੂਰ ਕੀਤੀ ਸੀ।



## 'ਆਪ'-ਕਾਂਗਰਸ ਗਠਜੋੜ ਦਾ ਕੋਈ ਅਸਰ ਨਹੀਂ, ਦਿੱਲੀ ਦੀਆਂ ਸਾਰੀਆਂ 7 ਸੀਟਾਂ 'ਤੇ ਭਾਜਪਾ ਜਿੱਤੇਗੀ : ਬਾਂਸੁਰੀ ਸਵਰਾਜ

ਨਵੀਂ ਦਿੱਲੀ, 20 ਮਾਰਚ : ਲੋਕ ਸਭਾ ਚੋਣਾਂ 'ਚ ਦਿੱਲੀ 'ਚ ਭਾਜਪਾ ਦੀ ਸਭ ਤੋਂ ਘੱਟ ਉਮਰ ਦੀ ਉਮੀਦਵਾਰ ਬਾਂਸੁਰੀ ਸਵਰਾਜ ਦਾ ਕਹਿਣਾ ਹੈ ਕਿ ਆਦਮੀ ਪਾਰਟੀ ਅਤੇ ਕਾਂਗਰਸ ਦਾ ਗਠਜੋੜ 'ਸੁਆਰਥ' 'ਤੇ ਆਧਾਰਿਤ ਹੈ ਅਤੇ ਇਸ ਦਾ ਉਨ੍ਹਾਂ ਦੀ ਪਾਰਟੀ 'ਤੇ ਕੋਈ ਅਸਰ ਨਹੀਂ ਪਵੇਗਾ। ਉਹ ਰਾਜਧਾਨੀ ਦੀਆਂ 7 ਲੋਕ ਸਭਾ ਸੀਟਾਂ 'ਤੇ ਜਿੱਤ ਹਾਸਲ ਕਰੇਗੀ। ਮਰਹੂਮ ਭਾਜਪਾ ਨੇਤਾ ਸੁਸ਼ਮਾ ਸਵਰਾਜ ਦੀ ਪੁੱਤਰੀ ਬਾਂਸੁਰੀ ਨੇ ਇਕ ਨਿਊਜ ਏਜੰਸੀ ਨਾਲ ਇੰਟਰਵਿਊ ਵਿਚ ਕਿਹਾ ਕਿ 'ਅਬਕੀ ਬਾਰ 400 ਪਾਰ' ਸਿਰਫ ਨਾਅਰਾ ਨਹੀਂ ਹੈ, ਬਲਕਿ ਇਕ ਸੰਕਲਪ ਹੈ, ਜਿਸ ਨੂੰ ਸਮਰਪਿਤ ਭਾਜਪਾ ਵਰਕਰਾਂ ਦੇ ਸਹਿਯੋਗ ਅਤੇ ਜਨਤਾ ਦੇ ਸਮਰਥਨ ਨਾਲ ਅਸਲੀਅਤ ਵਿਚ ਬਦਲਿਆ ਜਾਵੇਗਾ। ਨਵੀਂ ਦਿੱਲੀ ਲੋਕ ਸਭਾ ਖੇਤਰ ਤੋਂ ਭਾਜਪਾ ਉਮੀਦਵਾਰ ਬਾਂਸੁਰੀ ਸਵਰਾਜ ਨੇ ਕਿਹਾ ਕਿ ਦਿੱਲੀ 'ਚ ਆਪ-ਕਾਂਗਰਸ ਗਠਜੋੜ ਦਾ ਕੋਈ ਅਸਰ ਨਹੀਂ ਹੋਵੇਗਾ। ਅਸੀਂ ਬਹੁਤ ਸਕਾਰਾਤਮਕ ਮੁਹਿੰਮ ਚਲਾ ਰਹੇ ਹਾਂ ਅਤੇ 10 ਸਾਲ ਦੇ ਰਿਪੋਰਟ ਕਾਰਡ ਨਾਲ ਲੋਕਾਂ ਵਿਚਾਲੇ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੇ ਜੋ ਕਿਹਾ, ਉਹ ਕੀਤਾ। ਮੈਨੀਫੈਸਟੋ ਵਿਚ ਕੀਤੇ ਗਏ ਸਾਰੇ ਵਾਅਦੇ ਪੂਰੇ ਕੀਤੇ ਗਏ, ਚਾਹੇ ਧਾਰਾ-30 ਨੂੰ ਹਟਾਉਣਾ ਹੋਵੇ, ਰਾਮ ਮੰਦਰ ਦਾ ਨਿਰਮਾਣ ਹੋਵੇ ਜਾਂ ਸੰਸਦ ਅਤੇ ਸੂਬਾ ਵਿਧਾਨਸਭਾਵਾਂ ਵਿਚ ਔਰਤਾਂ ਨੂੰ 33 ਫੀਸਦੀ ਰਾਖਵਾਂਕਰਨ ਦੇਣ ਲਈ ਕਾਨੂੰਨ ਲਿਆਉਣਾ ਹੋਵੇ। ਬਾਂਸੁਰੀ ਨੇ ਅੱਗੇ ਕਿਹਾ ਕਿ ਜਦੋਂ ਸਵਾਰਥ ਦੀ ਸਿਆਸਤ ਹੁੰਦੀ ਹੈ ਤਾਂ ਰਾਸ਼ਟਰ ਧਰਮ ਅਤੇ ਰਾਜ ਧਰਮ ਦੋਹਾਂ ਦੀ ਬਲੀ ਚੜ੍ਹਾਈ ਜਾਂਦੀ ਹੈ। ਇਸ ਲਈ ਇਹ ਗਠਜੋੜ ਨਹੀਂ ਚਲੇਗਾ। ਦਿੱਲੀ ਵਿਚ ਕਾਂਗਰਸ ਨਾਲ ਸੀਟ ਵੰਡ ਦੇ ਸਮਝੌਤੇ ਤਹਿਤ ਨਵੀਂ ਦਿੱਲੀ ਲੋਕ ਸਭਾ ਸੀਟਾਂ ਤੋਂ ਆਮ ਆਦਮੀ ਪਾਰਟੀ ਨੇ ਸੋਮਨਾਥ ਭਾਰਤੀ ਨੂੰ ਮੈਦਾਨ ਵਿਚ ਉਤਾਰਿਆ ਹੈ। ਬਾਂਸੁਰੀ ਸਵਰਾਜ ਨੇ ਕਿਹਾ ਕਿ ਉਨ੍ਹਾਂ ਨੂੰ ਨਵੀਂ ਦਿੱਲੀ ਸੰਸਦੀ ਖੇਤਰ ਵਿਚ ਪ੍ਰਚਾਰ ਕਰਦੇ ਸਮੇਂ ਲੋਕਾਂ ਦਾ ਭਰਪੂਰ ਪਿਆਰ ਮਿਲ ਰਿਹਾ ਹੈ। ਬਾਂਸੁਰੀ ਨੇ ਕਿਹਾ ਕਿ ਉਨ੍ਹਾਂ ਨੂੰ ਮੰਚ 'ਤੇ ਬੈਠਣਾ ਅਤੇ ਭਾਸ਼ਣ ਦੇਣਾ ਪਸੰਦ ਨਹੀਂ ਹੈ। ਇਸ ਦੀ ਬਜਾਏ ਮੈਨੂੰ ਲੋਕਾਂ ਵਿਚਾਲੇ ਜਾਣਾ ਅਤੇ ਉਨ੍ਹਾਂ ਨਾਲ ਗੱਲ ਕਰਨਾ ਪਸੰਦ ਹੈ।



## ਸਾਲ 1951 ਤੋਂ ਲੈ ਕੇ ਹੁਣ ਤੱਕ 71 ਹਜਾਰ ਉਮੀਦਵਾਰਾਂ ਦੀ ਜਮਾਨਤ ਜਬਤ, ਜਾਣੋ ਕਿੱਥੇ ਹੁੰਦਾ ਹੈ ਰਾਸ਼ੀ ਦਾ ਇਸਤੇਮਾਲ

ਨਵੀਂ ਦਿੱਲੀ, 20 ਮਾਰਚ : ਦੇਸ਼ 'ਚ 1951 'ਚ ਹੋਈਆਂ ਪਹਿਲੀਆਂ ਲੋਕ ਸਭਾ ਚੋਣਾਂ ਤੋਂ ਲੈ ਕੇ ਪਿਛਲੀਆਂ ਆਮ ਲੋਕਾਂ ਤੱਕ 71 ਹਜਾਰ ਤੋਂ ਵਧੇਰੇ ਉਮੀਦਵਾਰ ਕੁੱਲ ਪਈਆਂ ਵੋਟਾਂ ਦਾ 6ਵਾਂ ਹਿੱਸਾ ਹਾਸਲ ਨਾ ਕਰ ਸਕਣ ਕਾਰਨ ਜਮਾਨਤ ਜਬਤ ਕਰਵਾ ਚੁੱਕੇ ਹਨ। ਇਹ ਜਾਣਕਾਰੀ ਚੋਣ ਕਮਿਸਨ ਦੇ ਅੰਕੜਿਆਂ ਦੇ ਵਿਸਲੇਸਣ ਤੋਂ ਮਿਲੀ ਹੈ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ 86 ਫੀਸਦੀ ਉਮੀਦਵਾਰਾਂ ਦੀ ਜਮਾਨਤ ਜਬਤ ਹੋ ਗਈ ਸੀ। ਚੋਣ ਕਮਿਸਨ ਦੇ ਨਿਯਮਾਂ ਤਹਿਤ ਜੋ ਉਮੀਦਵਾਰ ਕੁਲ ਵੈਧ ਵੋਟਾਂ ਦਾ ਛੇਵਾਂ ਹਿੱਸਾ ਪ੍ਰਾਪਤ ਕਰਨ ਵਿਚ ਅਸਫਲ ਰਹਿੰਦੇ ਹਨ, ਉਨ੍ਹਾਂ ਦੀ ਜਮਾਨਤ ਜਬਤ ਕਰ ਲਈ ਜਾਂਦੀ ਹੈ ਅਤੇ ਖਜਾਨੇ ਵਿਚ ਜਮ੍ਹਾ ਕਰ ਦਿੱਤੀ ਜਾਂਦੀ ਹੈ। ਪਹਿਲੀਆਂ ਲੋਕ ਸਭਾ ਚੋਣਾਂ ਤੋਂ ਲੈ ਕੇ 2019 ਦੀਆਂ ਆਮ ਚੋਣਾਂ ਤੱਕ 91,160 ਉਮੀਦਵਾਰਾਂ ਨੇ ਆਪਣੀ ਕਿਸਮਤ ਅਜਮਾਈ ਸੀ, ਜਿਨ੍ਹਾਂ ਵਿਚੋਂ 71,246 ਉਮੀਦਵਾਰਾਂ ਦੀ ਜਮਾਨਤ ਜਬਤ ਹੋ ਗਈ ਸੀ। ਇਹ ਅੰਕੜਾ ਕੁੱਲ ਉਮੀਦਵਾਰਾਂ ਦਾ 75 ਫੀਸਦੀ ਹੈ। ਸਾਲ 1951 ਵਿਚ ਜਮਾਨਤ ਰਾਸ਼ੀ ਆਮ ਸ਼੍ਰੇਣੀ ਦੇ ਉਮੀਦਵਾਰਾਂ ਲਈ 500 ਰੁਪਏ ਅਤੇ ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ/ਐੱਸਸੀ/ਐੱਸਟੀ ਉਮੀਦਵਾਰਾਂ ਲਈ 250 ਰੁਪਏ ਸੀ, ਜੋ ਆਮ ਸ਼੍ਰੇਣੀ ਅਤੇ ਐੱਸਸੀ/ਐੱਸਟੀ ਵਰਗ ਦੇ ਉਮੀਦਵਾਰਾਂ ਲਈ ਹੁਣ ਵੱਧ ਕੇ ਕ੍ਰਮਵਾਰ 25 ਹਜਾਰ ਅਤੇ 12,500 ਹੋ ਗਈ ਹੈ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਜਮਾਨਤ ਬਚਾਅ ਲੈਣਾ ਉਮੀਦਵਾਰਾਂ ਲਈ ਮਾਣ ਦੀ ਗੱਲ ਹੁੰਦੀ ਹੈ, ਜਦਕਿ ਜਮਾਨਤ ਜਬਤ ਹੋਣ ਨੂੰ ਅਕਸਰ ਅਪਮਾਨਜਨਕ ਮੰਨਿਆ ਜਾਂਦਾ ਹੈ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਸਭ ਤੋਂ ਜ਼ਿਆਦਾ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਉਮੀਦਵਾਰਾਂ ਦੀ ਜਮਾਨਤ ਜਬਤ ਹੋਈ ਸੀ। ਬਸਪਾ ਨੇ 383 ਸੀਟਾਂ 'ਤੇ ਉਮੀਦਵਾਰ ਉਤਾਰੇ ਸਨ, ਜਿਨ੍ਹਾਂ ਵਿਚੋਂ 345 ਦੀ ਜਮਾਨਤ ਜਬਤ ਹੋ ਗਈ ਸੀ।

ਇਸ ਤੋਂ ਬਾਅਦ ਕਾਂਗਰਸ ਆਉਂਦੀ ਹੈ, ਜਿਸ ਨੇ 421 ਸੀਟਾਂ 'ਤੇ ਚੋਣ ਲੜੀ ਸੀ ਅਤੇ 148 ਸੀਟਾਂ 'ਤੇ ਉਸ ਦੇ ਉਮੀਦਵਾਰ ਆਪਣੀ ਜਮਾਨਤ ਗੁਆ ਬੈਠੇ ਸਨ। ਅਧਿਕਾਰਤ ਰਿਕਾਰਡ ਮੁਤਾਬਕ ਭਾਜਪਾ ਦੇ 51 ਉਮੀਦਵਾਰਾਂ ਦੀ ਜਮਾਨਤ ਜਬਤ ਹੋ ਗਈ ਸੀ। ਭਾਰਤੀ ਕਮਿਊਨਿਸਟ ਪਾਰਟੀ (ਭਾਕਪਾ) ਦੇ 49 ਵਿਚੋਂ 41 ਉਮੀਦਵਾਰਾਂ ਦੀ ਜਮਾਨਤ ਜਬਤ ਹੋਈ ਸੀ। ਸਾਲ 1951-52 ਵਿਚ ਹੋਈਆਂ ਪਹਿਲੀਆਂ ਲੋਕ ਸਭਾ ਚੋਣਾਂ ਲੜਨ ਵਾਲੇ ਕਰੀਬ 40 ਫੀਸਦੀ ਉਮੀਦਵਾਰ ਆਪਣੀ ਜਮਾਨਤ ਰਾਸ਼ੀ ਗੁਆ ਬੈਠੇ ਸਨ। ਉਹ ਚੋਣਾਂ 1874 ਉਮੀਦਵਾਰਾਂ ਨੇ ਲੜੀ ਸੀ, ਜਿਨ੍ਹਾਂ ਵਿਚੋਂ 745 ਦੀ ਜਮਾਨਤ ਜਬਤ ਹੋ ਗਈ ਸੀ। ਇਸ ਤੋਂ ਬਾਅਦ ਹੋਈਆਂ ਲੋਕ ਸਭਾ ਚੋਣਾਂ ਵਿਚ ਅਜਿਹੇ ਉਮੀਦਵਾਰਾਂ ਦੀ ਗਿਣਤੀ ਵਿਚ ਵਾਧਾ ਹੋਇਆ, ਜਿਨ੍ਹਾਂ ਦੀ ਜਮਾਨਤ ਜਬਤ ਹੋ ਗਈ ਸੀ। 11ਵੀਂ ਲੋਕ ਸਭਾ ਲਈ 1996 'ਚ ਹੋਈਆਂ ਚੋਣਾਂ 'ਚ 91 ਫੀਸਦੀ ਭਾਵ 13,952 ਉਮੀਦਵਾਰਾਂ ਵਿਚੋਂ 12,688 ਉਮੀਦਵਾਰਾਂ ਦੀ ਜਮਾਨਤ ਜਮਾਂ ਹੋ ਗਈ ਸੀ। ਇਸ ਚੋਣ 'ਚ ਸਭ ਤੋਂ ਵੱਧ ਉਮੀਦਵਾਰਾਂ ਨੇ ਚੋਣ ਲੜੀ ਸੀ।1991-92 ਦੀਆਂ ਲੋਕ ਸਭਾ ਚੋਣਾਂ ਵਿਚ 8749 ਵਿਚੋਂ 7539 ਉਮੀਦਵਾਰਾਂ ਦੀ ਜਮਾਨਤ ਜਬਤ ਹੋਈ ਸੀ, ਜੋ ਕਿ 86 ਫੀਸਦੀ ਸੀ। 2009 ਦੀਆਂ ਚੋਣਾਂ ਵਿਚ 8070 'ਚੋਂ 6829 ਯਾਨੀ 85 ਫੀਸਦੀ ਉਮੀਦਵਾਰਾਂ ਦੀ ਜਮਾਨਤ ਜਬਤ ਹੋ ਗਈ ਸੀ। ਇਸ ਦੇ ਨਾਲ ਹੀ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ 8251 ਉਮੀਦਵਾਰਾਂ ਦੀ ਸੱਤ ਹਜਾਰ ਰੁਪਏ ਦੀ ਜਮਾਨਤ ਜਬਤ ਹੋਈ ਸੀ।

## ਆਮਦਨ ਟੈਕਸ ਵਿਭਾਗ ਨੇ ਨੇਤਾ ਸਵਰੂਪ ਬਿਸਵਾਸ ਦੀ ਰਿਹਾਇਸ਼ 'ਤੇ ਕੀਤੀ ਛਾਪੇਮਾਰੀ

ਕੋਲਕਾਤਾ, 20 ਮਾਰਚ : ਆਮਦਨ ਟੈਕਸ ਵਿਭਾਗ ਦੀ ਜਾਂਚ ਸ਼ਾਖਾ ਦੇ ਅਧਿਕਾਰੀਆਂ ਨੇ ਤ੍ਰਿਣਮੂਲ ਕਾਂਗਰਸ () ਨੇਤਾ ਸਵਰੂਪ ਵਿਸ਼ਵਾਸ ਦੇ ਕੋਲਕਾਤਾ ਸਥਿਤ ਰਿਹਾਇਸ਼ 'ਤੇ ਬੁੱਧਵਾਰ ਯਾਨੀ ਕਿ ਅੱਜ ਛਾਪੇਮਾਰੀ ਕੀਤੀ। ਆਮਦਨ ਟੈਕਸ ਵਿਭਾਗ ਦੇ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਸਵਰੂਪ ਪੱਛਮੀ ਬੰਗਾਲ ਦੇ ਬਿਜਲੀ ਮੰਤਰੀ ਅਰੂਪ ਵਿਸ਼ਵਾਸ ਦੇ ਭਰਾ ਹਨ। ਉਨ੍ਹਾਂ ਨੇ ਦੱਸਿਆ ਕਿ ਆਮਦਨ ਟੈਕਸ ਅਧਿਕਾਰੀ ਟੈਕਸ ਚੋਰੀ ਅਤੇ ਆਦਮਨ ਤੋਂ ਵੱਧ ਸੰਪਤੀ ਰੱਖਣ ਦੇ ਦੋਸ਼ ਵਿਚ ਸ਼ਹਿਰ ਵਿਚ ਸਵਰੂਪ ਦੇ 6 ਕੰਪਲੈਕਸਾਂ 'ਤੇ ਤਲਾਸ਼ੀ ਮੁਹਿੰਮ ਚਲਾ ਰਹੇ ਹਨ। ਇਹ ਛਾਪੇਮਾਰੀ ਨਿਰਮਾਣ ਕੰਪਨੀਆਂ ਦੀ ਜਾਂਚ ਦੌਰਾਨ ਸਵਰੂਪ ਬਿਸਵਾਸ ਦਾ ਨਾਂ ਸਾਹਮਣੇ ਆਉਣ ਕਾਰਨ ਕੀਤੀ ਗਈ। ਆਮਦਨ ਟੈਕਸ ਵਿਭਾਗ ਨੇ ਦੋ ਨਿਰਮਾਣ ਕੰਪਨੀਆਂ ਨਾਲ ਜੁੜੀ ਜਬਰਨ ਵਸੂਲੀ, ਟੈਕਸ ਚੋਰੀ ਅਤੇ ਬੇਹਿਸਾਬ ਸੰਪਤੀ ਦੇ ਦੋਸਾਂ ਦੀ ਜਾਂਚ ਦੇ ਹਿੱਸੇ ਵਜੋਂ ਪੱਛਮੀ ਬੰਗਾਲ ਦੇ ਮੰਤਰੀ ਅਰੂਪ ਬਿਸਵਾਸ ਦੇ ਭਰਾ, ਤ੍ਰਿਣਮੂਲ ਕਾਂਗਰਸ ਨੇਤਾ ਸਵਰੂਪ ਬਿਸਵਾਸ ਦੇ ਘਰ 'ਤੇ ਛਾਪੇਮਾਰੀ ਕੀਤੀ।

## ਜੰਮੂ-ਕਸਮੀਰ: ਸੈਲਾਨੀਆਂ ਲਈ ਖੋਲ੍ਹਿਆ ਜਾਵੇਗਾ ਏਸ਼ੀਆ ਦਾ ਸਭ ਤੋਂ ਵੱਡਾ ਟਿਊਲਿਪ ਗਾਰਡਨ

**ਨਵਦੀਪ ਸਿੰਘ ਸਾਹਨੀ**

ਸ੍ਰੀਨਗਰ, 20 ਮਾਰਚ : ਰੰਗ-ਬਿਰੰਗੇ ਫੁੱਲਾਂ ਨਾਲ ਮਹਿਕਦਾ ਏਸੀਆ ਦਾ ਸਭ ਤੋਂ ਵੱਡਾ ਟਿਊਲਿਪ ਗਾਰਡਨ 'ਇੰਦਰਾ ਗਾਂਧੀ ਮੈਮੋਰੀਅਲ ਟਿਊਲਿਪ ਗਾਰਡਨ' ਇਸ ਹਫਤੇ ਦੇ ਅਖੀਰ 'ਚ ਸੈਲਾਨੀਆਂ ਲਈ ਖੁੱਲ੍ਹ ਜਾਵੇਗਾ। ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਗਾਰਡਨ ਨੂੰ ਪਹਿਲਾਂ ਸਿਰਾਜ ਬਾਗ ਵਜੋਂ ਜਾਣਿਆ ਜਾਂਦਾ ਸੀ। ਇਹ ਡਲ ਝੀਲ ਅਤੇ ਜਬਰਵਾਨ ਪਹਾੜੀਆਂ ਦੇ ਵਿਚਕਾਰ ਸਥਿਤ ਹੈ। ਇਸ ਨੂੰ ਸਨੀਵਾਰ ਨੂੰ ਲੋਕਾਂ ਲਈ ਖੋਲ੍ਹ ਦਿੱਤਾ ਜਾਵੇਗਾ ਕਿਉਂਕਿ ਵੱਖ-ਵੱਖ ਰੰਗਾਂ ਦੇ ਟਿਊਲਿਪ ਖਿੜਨੇ ਸੁਰੂ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਟਿਊਲਿਪਸ ਦੀਆਂ ਮੌਜੂਦਾ 68 ਕਿਸਮਾਂ ਵਿਚ ਪੰਜ ਨਵੀਆਂ ਕਿਸਮਾਂ ਸਾਮਲ ਕੀਤੀਆਂ ਗਈਆਂ ਹਨ।ਵਿਭਾਗ ਨੇ ਦੋ ਲੱਖ ਹੋਰ ਟਿਊਲਿਪ ਦੇ ਬੂਟੇ ਲਗਾਏ ਹਨ ਜਿਸ ਕਾਰਨ ਇਸ ਗਾਰਡਨ ਦਾ ਰਕਬਾ ਹੋਰ ਵਧਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ 55 ਹੈਕਟੇਅਰ ਰਕਬੇ ਵਿਚ ਫੈਲੇ ਗਾਰਡਨ ਵਿਚ ਰਿਕਾਰਡ 17 ਲੱਖ ਟਿਊਲਿਪ ਬੂਟੇ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਗਾਰਡਨ ਵਿਚ ਫੁੱਲਾਂ ਅਤੇ ਰੰਗਾਂ ਦੀ ਵਿਭਿੰਨਤਾ ਵਧਾਉਣ ਲਈ ਬਸੰਤ ਰੁੱਤ ਦੇ ਫੁੱਲਾਂ ਦੀਆਂ ਹੋਰ ਕਿਸਮਾਂ ਜਿਵੇਂ ਕਿ ਜਲਕੁੰਭੀ, ਡੈਫੋਡਿਲਸ, ਮਸਕਾਰੀ ਅਤੇ ਸਾਈਕਲੇਮੈਨ ਵੀ ਲਗਾਏ ਗਏ ਹਨ। ਇੰਦਰਾ ਗਾਂਧੀ ਮੈਮੋਰੀਅਲ ਟਿਊਲਿਪ ਗਾਰਡਨ ਦੀ ਸਥਾਪਨਾ 2007 ਵਿਚ ਤਤਕਾਲੀ ਮੁੱਖ ਮੰਤਰੀ ਗੁਲਾਮ ਨਬੀ ਆਜਾਦ ਵਲੋਂ ਜੰਮੂ ਅਤੇ ਕਸਮੀਰ ਵਿਚ ਸੈਰ-ਸਪਾਟੇ ਦੇ ਸੀਜਨ ਨੂੰ ਵਧਾਉਣ ਦੇ ਇਰਾਦੇ ਨਾਲ ਕੀਤੀ ਗਈ ਸੀ। ਪਹਿਲਾਂ ਕਸਮੀਰ ਵਿਚ ਸੈਰ ਸਪਾਟੇ ਦਾ ਸੀਜਨ ਗਰਮੀਆਂ ਅਤੇ ਸਰਦੀਆਂ ਤੱਕ ਸੀਮਤ ਸੀ। ਗਾਰਡਨ ਦੀ ਸੁਰੂਆਤ ਇਕ ਛੋਟੇ ਪੈਮਾਨੇ 'ਤੇ ਹਾਲੈਂਡ ਤੋਂ ਆਯਾਤ ਕੀਤੇ 50,000 ਟਿਊਲਿਪ ਬੂਟਿਆਂ ਨਾਲ ਹੋਈ। ਇਸ ਗਾਰਡਨ ਦੀ ਲੋਕਪ੍ਰਿਅਤਾ ਸੈਲਾਨੀਆਂ 'ਚ ਲਗਾਤਾਰ ਵੱਧ ਰਹੀ ਹੈ। ਸੈਲਾਨੀਆਂ ਅਤੇ ਟਿਊਲਿਪ ਫੁੱਲਾਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ। ਪਿਛਲੇ ਸਾਲ 3.65 ਲੱਖ ਦੇਸੀ ਅਤੇ ਵਿਦੇਸੀ ਸੈਲਾਨੀਆਂ ਨੇ ਇਸ ਗਾਰਡਨ ਦਾ ਦੌਰਾ ਕੀਤਾ, ਜਦੋਂ ਕਿ 2022 'ਚ ਇਹ ਗਿਣਤੀ 3.6 ਲੱਖ ਸੀ। ਟਿਊਲਿਪ ਗਾਰਡਨ ਫਿਲਮਾਂ ਅਤੇ ਵੀਡੀਓਜ ਦੀ ਸੂਟਿੰਗ ਲਈ ਮਨਪਸੰਦ ਸਥਾਨਾਂ ਵਿਚੋਂ ਇੱਕ ਹੈ, ਕਿਉਂਕਿ ਦੇਸ ਭਰ ਦੀਆਂ ਕਈ ਫਿਲਮ ਇਕਾਈਆਂ ਨੇ ਪਿਛਲੇ ਸਾਲ ਇਥੇ ਆਪਣੇ ਪ੍ਰੋਜੈਕਟਾਂ ਦੇ ਕੁਝ ਹਿੱਸੇ ਸੂਟ ਕੀਤੇ ਸਨ।



## ਪੰਜਾਬ 'ਚ ਸ੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਭਾਰਤੀ ਜਨਤਾ ਪਾਰਟੀ ਹੋਈ ਮਜਬੂਤ

*ਲੰਡਨ, 20 ਮਾਰਚ : ਲੋਕ ਸਭਾ ਚੋਣਾਂ ਦੇ ਮੱਦੇਨਜਰ ਰਾਜਨੀਤਕ ਪਾਰਟੀਆਂ ਨੇ ਨਿੱਤ ਨਵੇਂ ਚੇਹਰਿਆਂ ਨੂੰ ਪਾਰਟੀਆਂ ਵਿੱਚ ਸਾਮਲ ਕਰਕੇ ਪੰਜਾਬ ਨੂੰ ਜਿੱਤਣ ਲਈ ਆਪਣੀ ਮੁਹਿੰਮ ਤੇਜ ਕੀਤੀ ਹੋਈ ਹੈ, ਜਿਸ ਦੌਰਾਨ ਪੰਜਾਬ 'ਚ ਸ੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਭਾਰਤੀ ਜਨਤਾ ਪਾਰਟੀ ਇੱਕ ਮਜਬੂਤ ਪਾਰਟੀ ਬਣ ਕੇ ਸਾਹਮਣੇ ਆ ਗਈ ਹੈ। ਇਸ ਨੂੰ ਵੇਖਦੇ ਹੋਏ ਪੰਥਕ ਹਲਕਿਆਂ ਵਿੱਚ ਹਲਚਲ ਹੋਣੀ ਸੁਭਾਵਕ ਸੀ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਕਾਲੀ ਦਲ ਨਾਲ ਗਠਜੋੜ ਨੂੰ ਲੈ ਕੇ ਵੱਡਾ ਬਿਆਨ ਦੇ ਕੇ ਪੰਜਾਬ ਵਿੱਚ ਸੀਟਾਂ ਦੀ ਵੰਡ ਨੂੰ ਲੈ ਕੇ ਮਜਬੂਤ ਦਾਅਵਾ ਕੀਤਾ ਜਾਪ ਰਿਹਾ ਹੈ। ਸੀਟਾਂ ਦੀ ਵੰਡ ਨੂੰ ਲੈ ਕੇ ਜੇਕਰ ਸਥਿਤੀ ਸਾਫ ਹੁੰਦੀ ਹੈ ਤਾਂ 2-3 ਦਿਨਾਂ ਵਿਚ ਗਠਜੋੜ ਸੰਭਵ ਹੈ ਪਰ ਸ੍ਰੋਮਣੀ ਅਕਾਲੀ ਦਲ, ਭਾਜਪਾ ਨਾਲ ਸਮਝੌਤੇ ਬਗੈਰ ਮਨਫੀ ਹੁੰਦਾ ਜਾਪ ਰਿਹਾ ਹੈ ਅਤੇ ਟਕਸਾਲੀ ਆਗੂ ਕਿਸਾਨ ਅੰਦੋਲਨ ਦੇ ਡਰ ਕਾਰਨ ਸਮਝੌਤਾ ਵਿਸਾਖੀ ਤੋਂ ਬਾਅਦ ਕਰਨ ਦੇ ਰੌਅ ਵਿੱਚ ਹਨ, ਜਦੋਂਕਿ ਪੰਜਾਬ ਵਿੱਚ ਲੋਕ ਸਭਾ ਚੋਣਾਂ ਸਭ ਤੋਂ ਬਾਅਦ ਜੂਨ ਮਹੀਨੇ ਹਨ। ਭਾਰਤੀ ਜਨਤਾ ਪਾਰਟੀ ਵੱਲੋਂ ਲੋਕ ਸਭਾ ਹਲਕਾ ਪਟਿਆਲਾ, ਅੰਮ੍ਰਿਤਸਰ, ਲੁਧਿਆਣਾ, ਹੁਸ਼ਿਆਰਪੁਰ , ਗੁਰਦਾਸਪੁਰ, ਜਲੰਧਰ ਤੇ ਚੰਡੀਗੜ੍ਹ ਸਮੇਤ ਸੀਟਾਂ 'ਤੇ ਦਾਅਵੇਦਾਰੀ ਜਿੱਤਾ ਕੇ ਸੰਭਾਵੀ ਉਮੀਦਵਾਰ ਇਨ੍ਹਾਂ ਹਲਕਿਆਂ ਵਿੱਚ ਤੋਰ ਦਿੱਤੇ ਗਏ ਹਨ, ਜਿਸ ਵਿੱਚ ਅੰਮ੍ਰਿਤਸਰ ਸੀਟ ਸਭ ਤੋਂ ਜ਼ਿਆਦਾ ਸੁਰੱਖਿਅਤ ਮੰਨੀ ਜਾ ਰਹੀ ਹੈ। ਇੱਥੇ ਸਤਿਕਾਰਯੋਗ ਸ. ਤੇਜਾ ਸਿੰਘ ਸਮੁੰਦਰੀ ਦੇ ਪੋਤੇ ਸ. ਤਰਨਜੀਤ ਸਿੰਘ ਸੰਧੂ ਭਾਜਪਾ ਵੱਲੋਂ ਮਜਬੂਤ ਸੰਭਾਵੀ ਦਾਆਵੇਦਾਰ ਮੰਨੇ ਜਾ ਰਹੇ ਹਨ। ਪਟਿਆਲਾ ਵਿੱਚ ਮਹਾਰਾਣੀ ਪਰਨੀਤ ਕੌਰ ਆਪਣੇ ਸਿਆਸੀ ਕੱਦ ਮੁਤਾਬਕ ਸਹਿਰੀ ਤੇ ਪੇਂਡੂ ਵੋਟ 'ਤੇ ਮਜਬੂਤ ਪਕੜ ਰੱਖਦੇ ਹਨ। ਲੁਧਿਆਣਾ ਲੋਕ ਸਭਾ ਸੀਟ ਲਈ ਅਦਾਕਾਰ ਅਕਸੈ ਕੁਮਾਰ ਨੂੰ ਮਜਬੂਤ ਸੰਭਾਵੀ ਉਮੀਦਵਾਰ ਹਨ ਅਤੇ ਗੁਰਦਾਸਪੁਰ ਸੀਟ ਲਈ ਸਾਬਕਾ ਕਾਂਗਰਸੀ ਆਗੂ ਤੇ ਭਾਜਪਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਇਸ ਸੀਟ 'ਤੇ ਆਸਾਨੀ ਨਾਲ ਜਿੱਤ ਪ੍ਰਾਪਤ ਕਰ ਸਕਦੇ ਹਨ।*

## ਹਿਮਾਚਲ ਪ੍ਰਦੇਸ਼ 'ਚ ਕਾਂਗਰਸ ਨੂੰ ਵੱਡਾ ਝਟਕਾ, ਲੋਕ ਸਭਾ ਚੋਣਾਂ ਨਹੀਂ ਲੜੇਗੀ ਪ੍ਰਤਿਭਾ ਸਿੰਘ

**ਤੇਜਿੰਦਰ ਕੌਰ ਬੱਬਰ**

ਸ਼ਿਮਲਾ, 20 ਮਾਰਚ : ਹਿਮਾਚਲ ਪ੍ਰਦੇਸ਼ ਵਿਚ ਆਪਣੇ 6 ਵਿਧਾਇਕਾਂ ਦੀ ਬਗਾਵਤ ਨਾਲ ਜੂਝ ਰਹੀ ਕਾਂਗਰਸ ਪਾਰਟੀ ਨੇ ਲੋਕ ਸਭਾ ਚੋਣਾਂ ਨੂੰ ਲੈ ਕੇ ਮੰਥਨ ਕੀਤਾ। ਇਸ ਮੰਥਨ ਮਗਰੋਂ ਹਿਮਾਚਲ ਕਾਂਗਰਸ ਪਾਰਟੀ ਦੀ ਪ੍ਰਦੇਸ਼ ਪ੍ਰਧਾਨ ਪ੍ਰਤਿਭਾ ਸਿੰਘ ਸ਼ਿਮਲਾ ਪਰਤ ਆਈ। ਸ਼ਿਮਲਾ ਵਿਚ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਨਹੀਂ ਲੜੇਗੀ। ਦੱਸ ਦੇਈਏ ਕਿ ਪ੍ਰਤਿਭਾ ਹਿਮਾਚਲ ਪ੍ਰਦੇਸ਼ ਇਕਾਈ ਦੀ ਮੁਖੀ ਅਤੇ ਮੰਡੀ ਤੋਂ ਸੰਸਦ ਮੈਂਬਰ ਹੈ। ਪ੍ਰਤਿਭਾ ਨੇ ਕਿਹਾ ਕਿ ਉਨ੍ਹਾਂ ਨੇ ਮੰਡੀ ਸੀਟ ਤੋਂ ਉਮੀਦਵਾਰ ਦੇ ਤੌਰ 'ਤੇ ਆਪਣਾ ਨਾਂ ਵਾਪਸ ਲੈ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਹਾਈ ਕਮਾਨ ਨੂੰ ਦੱਸ ਦਿੱਤਾ ਹੈ ਕਿ ਮੈਂ ਮੰਡੀ ਤੋਂ ਚੋਣਾਂ ਨਹੀਂ ਲੜਾਂਗੀ। ਪਾਰਟੀ ਕਿਸੇ ਨੂੰ ਵੀ ਉਮੀਦਵਾਰ ਬਣਾ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਕੋਲ ਪ੍ਰਦੇਸ਼ ਕਾਂਗਰਸ ਪ੍ਰਧਾਨ ਦਾ ਅਹੁਦਾ ਹੈ ਅਤੇ ਅਜਿਹੇ ਵਿਚ ਉਹ ਮਹਿਜ ਇਕ ਲੋਕ ਸਭਾ ਸੀਟ 'ਤੇ ਕੇਂਦਰਿਤ ਨਹੀਂ ਰਹਿ ਸਕਦੀ। ਉਨ੍ਹਾਂ ਕਿਹਾ ਕਿ ਪਾਰਟੀ ਦੀ ਸਥਿਤੀ ਅਜਿਹੀ ਨਹੀਂ ਹੈ ਕਿ ਉਹ ਮੰਡੀ ਤੋਂ ਚੋਣ ਲੜ ਸਕੇ। ਸੰਗਠਨ ਵਿਚ ਨਾਰਾਜਗੀ ਹੈ ਅਤੇ ਪਾਰਟੀ ਵਰਕਰ ਸਰਗਰਮ ਨਹੀਂ ਹਨ। ਅਜਿਹੇ ਵਿਚ ਚੋਣ ਨਹੀਂ ਲੜੇਗੀ। ਦੱਸ ਦੇਈਏ ਕਿ ਹਿਮਾਚਲ ਪ੍ਰਦੇਸ਼ ਵਿਚ ਮੰਡੀ, ਸ਼ਿਮਲਾ, ਕਾਂਗੜਾ ਅਤੇ ਹਮੀਰਪੁਰ ਸੰਸਦੀ ਸੀਟਾਂ ਹਨ। ਇਨ੍ਹਾਂ ਚਾਰੋਂ ਸੀਟਾਂ ਲਈ ਕਾਂਗਰਸ ਵਿਚ 36 ਤੋਂ ਵੱਧ ਪਾਰਟੀ ਨੇਤਾਵਾਂ ਨੇ ਦਾਅਵੇਦਾਰੀ ਕੀਤੀ ਹੈ। ਨਵੀਂ ਦਿੱਲੀ ਵਿਚ ਹੋਈ ਸਕ੍ਰੀਨਿੰਗ ਕਮੇਟੀ ਦੀ ਬੈਠਕ ਵਿਚ ਮੁੱਖ ਮੰਤਰੀ ਸੁਖਵਿੰਦਰ ਸੁੱਖੂ, ਉੱਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਅਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਿਭਾ ਸਿੰਘ ਵੀ ਸ਼ਾਮਲ ਹੋਈ। ਬੈਠਕ ਵਿਚ ਇਕ-ਇਕ ਸੀਟ 'ਤੇ ਇਕ-ਇਕ ਦਾਅਵੇਦਾਰ ਅਤੇ ਮਜਬੂਤ ਦਾਅਵੇਦਾਰ ਨੂੰ ਲੈ ਕੇ ਮੰਥਨ ਹੋਇਆ ਹੈ।






## ਜਲੰਧਰ 'ਚ ਪਤੀ ਨੇ ਘਰ 'ਚੋਂ ਬੁਆਏਫਰੈਂਡ ਨਾਲ ਰੰਗੇ ਹੱਥੀਂ ਫੜੀ ਪਤਨੀ, ਫਿਰ ਜੋ ਹੋਇਆ ਸੁਣ ਨਹੀਂ ਹੋਵੇਗਾ ਯਕੀਨ

ਜਲੰਧਰ, 20 ਮਾਰਚ : ਜਲੰਧਰ 'ਚ ਮੰਗਲਵਾਰ ਰਾਤ ਨੂੰ ਇਕ ਪਤੀ ਨੇ ਆਪਣੀ ਪਤਨੀ ਨੂੰ ਉਸ ਦੇ ਬੁਆਏਫਰੈਂਡ ਨਾਲ ਘਰੋਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਤੋਂ ਬਾਅਦ ਪਤੀ-ਪਤਨੀ ਨੇ ਇਕ-ਦੂਜੇ 'ਤੇ ਦੋਸ ਲਾਉਂਦੇ ਹੋਏ ਕਾਫੀ ਦੇਰ ਤਕ ਹੰਗਾਮਾ ਕੀਤਾ। ਵਿਅਕਤੀ ਨੇ ਦੋਸ ਲਾਇਆ ਕਿ ਉਸ ਦੀ ਪਤਨੀ ਨੇ ਉਸ ਨੂੰ ਪਿਛਲੇ 5 ਦਿਨਾਂ ਤੋਂ ਘਰੋਂ ਕੱਢ ਦਿੱਤਾ ਸੀ। ਜਦੋਂ ਉਹ ਰਾਤ ਨੂੰ ਘਰ ਆਇਆ ਤਾਂ ਵੇਖਿਆ ਕਿ ਉਸ ਦੀ ਪਤਨੀ ਕਿਸੇ ਹੋਰ ਮਰਦ ਨਾਲ ਸੀ। ਉਥੇ ਹੀ ਮਹਿਲਾ ਨੇ ਕਿਹਾ ਕਿ ਉਸ ਦਾ ਪਤੀ ਉਸ ਨਾਲ ਅਕਸਰ ਕੁੱਟਮਾਰ ਕਰਦਾ ਸੀ। ਕਈ ਵਾਰ ਗੱਲ ਇੰਨੀ ਵੱਧ ਗਈ ਸੀ ਕਿ ਉਸ ਨੇ ਲੱਤ ਤੱਕ ਤੋੜ ਦਿੱਤੀ ਸੀ। ਸ਼ਰਾਬ ਦੇ ਲਈ ਉਹ ਉਸ ਦੀ ਕੁੱਟਮਾਰ ਕਰਦਾ ਸੀ, ਉਹ ਇਸ ਦਾ ਵਿਰੋਧ ਕਰਦੀ ਸੀ। ਅੱਜ ਤੱਕ ਉਸ ਦੇ ਪਤੀ ਨੇ ਨਾ ਤਾਂ ਘਰ ਦਾ ਕਿਰਾਇਆ ਦਿੱਤਾ ਹੈ ਅਤੇ ਨਾ ਹੀ ਘਰ ਦੇ ਖਰਚ ਲਈ ਪੈਸੇ ਦਿੱਤੇ ਹਨ। ਜਦੋਂ ਵੀ ਕੋਈ ਗੱਲ ਹੁੰਦੀ ਹੈ ਤਾਂ ਬੱਚੇ ਨੂੰ ਜਾਨ ਤੋਂ ਮਾਰਨ ਦੀ ਧਮਕੀਆਂ ਦਿੰਦਾ ਹੈ। ਜਿਸ ਵਿਅਕਤੀ ਨਾਲ ਉਹ ਰਹਿ ਰਹੀ ਹੈ, ਉਹ ਉਸ ਦਾ ਘਰ ਦਾ ਖਰਚਾ ਚਲਾ ਰਿਹਾ ਹੈ। ਪੁੱਤਰ ਨੂੰ ਮੰਗਲਵਾਰ ਕਾਫੀ ਬੁਖਾਰ ਸੀ ਪਰ ਉਸ ਦਾ ਪਤੀ ਨੇ ਉਸ ਨੂੰ ਦਵਾਈ ਤੱਕ ਨਹੀਂ ਲਿਆ ਕੇ ਦਿੱਤੀ। ਮੈਂ ਇਸ ਨੂੰ ਲੈ ਕੇ ਮਹਿਲਾ ਕਮਿਸ਼ਨ ਨੂੰ ਸ਼ਿਕਾਇਤ ਦਿੱਕੀ ਸੀ। ਪਤਨੀ ਦਾ ਦੋਸ਼ ਹੈ ਕਿ ਪਤੀ ਨੇ ਉਸ ਨੂੰ ਵੇਚਣ ਤੱਕ ਦੀ ਕੋਸ਼ਿਸ਼ ਕੀਤੀ। ਲੋਕਾਂ ਕੋਲੋਂ 100-100 ਰੁਪਏ ਲੈ ਕੇ ਉਸ ਦੇ ਨਾਲ ਹੀ ਸੁਲਾਉਣ ਲਈ ਘਰ ਲੈ ਜਾਂਦਾ ਸੀ। ਨੇੜਲੇ ਲੋਕਾਂ ਨੇ ਹੰਗਾਮੇ ਤੋਂ ਬਾਅਦ ਭਾਰਗਵ ਕੈਂਪ ਦੀ ਪੁਲਸ ਨੂੰ ਸੂਚਨਾ ਦਿੱਤੀ। ਪਤੀ ਨੇ ਦੱਸਿਆ ਕਿ ਉਹ ਮਜਦੂਰੀ ਕਰਦਾ ਹੈ। ਉਸ ਦਾ ਇਕ ਬੱਚਾ ਹੈ। ਮੰਗਲਵਾਰ ਰਾਤ ਉਹ ਆਪਣੇ ਘਰ 'ਚ ਪਹੁੰਚਿਆ। ਕਈ ਦੇਰ ਦਰਵਾਜਾ ਖੜਕਾਉਣ ਦੇ ਬਾਅਦ ਪਤਨੀ ਨੇ ਗੇਟ ਖੋਲ੍ਹਿਆ। ਅੰਦਰ ਵੇਖਿਆ ਤਾਂ ਉਹ ਕਿਸੇ ਹੋਰ ਮਰਦ ਨਾਲ ਸੀ। ਪਤਨੀ ਦੇ ਨਾਲ ਜਿਹੜਾ ਵਿਅਕਤੀ ਘਰ ਵਿਚ ਮੌਜੂਦ ਸੀ, ਉਹ ਹੁਸ਼ਿਆਰਪੁਰ ਦਾ ਰਹਿਣ ਵਾਲਾ ਹੈ। ਉਹ ਬੀਤੇ ਦਿਨ ਉਨ੍ਹਾਂ ਦੇ ਘਰ ਆਇਆ ਸੀ, ਜਿਸ ਤੋਂ ਬਾਅਦ ਉਹ ਇਕ ਰਾਤ ਘਰ ਵਿਚ ਹੀ ਸੀ। ਉਸ ਦੀ ਪਤਨੀ ਕਦੋਂ ਤੋਂ ਉਸ ਨਾਲ ਗੱਲਬਾਤ ਕਰ ਰਹੀ ਹੈ, ਇਸ ਬਾਰੇ ਉਸ ਨੂੰ ਕੁਝ ਨਹੀਂ ਪਤਾ। ਮਹਿਲਾ ਨੇ ਦੱਸਿਆ ਕਿ ਇਕ ਹਫਤਾ ਪਹਿਲਾਂ ਵੀ ਦੋਹਾਂ ਵਿਚਾਲੇ ਇਸੇ ਗੱਲ ਨੂੰ ਲੈ ਕੇ ਵਿਵਾਦ ਹੋਇਆ ਸੀ, ਜਿਸ ਤੋਂ ਬਾਅਦ ਮੁਹੱਲਾ ਵਾਸੀਆਂ ਨੇ ਥਾਣਾ ਡਿਵੀਜਨ ਨੰਬਰ-5 ਦੀ ਪੁਲਸ ਨੂੰ ਬੁਲਾ ਕੇ ਕਿਸੇ ਤਰ੍ਹਾਂ ਮਾਮਲਾ ਸ਼ਾਂਤ ਕਰਵਾਇਆ ਸੀ ਅਤੇ ਸਾਰੇ ਘਟਨਾ ਦੀ ਜਾਣਕਾਰੀ ਮਹਿਲਾ ਕਮਿਸ਼ਨ ਨੂੰ ਦਿੱਤੀ ਸੀ। ਫਿਲਹਾਲ ਮਹਿਲਾ ਕਮਿਸ਼ਨ ਦੇ ਕੋਲ ਉਕਤ ਮਹਿਲਾ ਦੀ ਸ਼ਿਕਾਇਤ ਚੱਲ ਰਹੀ ਹੈ।

## ਸੜਕ ਹਾਦਸੇ 'ਚ ਜ਼ਖਮੀ ਔਰਤ ਦੀ ਮੌਤ, ਮੁਕੱਦਮਾ ਦਰਜ

ਫ਼ਰੀਦਕੋਟ, 20 ਮਾਰਚ : ਸੜਕ ਹਾਦਸੇ 'ਚ ਜ਼ਖਮੀ ਬਜ਼ੁਰਗ ਔਰਤ ਦੀ ਮੌਤ ਹੋ ਜਾਣ 'ਤੇ ਸਥਾਨਕ ਥਾਣਾ ਸਦਰ ਵਿਖੇ ਮ੍ਰਿਤਕ ਔਰਤ ਦੇ ਪੁੱਤਰ ਦੇ ਬਿਆਨਾਂ 'ਤੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਲਾਗਲੇ ਪਿੰਡ ਮਚਾਕੀ ਕਲਾਂ ਨਿਵਾਸੀ ਬਿੱਟੂ ਸਿੰਘ ਨੇ ਪੁਲਸ ਨੂੰ ਬਿਆਨ ਕੀਤਾ ਕਿ ਜਦੋਂ ਉਹ ਆਪਣੀ ਮਾਤਾ ਨਾਲ ਪਿੰਡ ਵੱਲ ਪੈਦਲ ਜਾ ਰਿਹਾ ਸੀ ਤਾਂ ਇਕ ਮੋਟਰਸਾਈਕਲ ਜਿਸ ਨੂੰ ਗੁਰਪਾਲ ਸਿੰਘ ਵਾਸੀ ਪਿੰਡ ਘੱਟੀਆ ਵਾਲੀ (ਫਾਜ਼ਿਲਕਾ) ਚਲਾ ਰਿਹਾ ਸੀ, ਨੇ ਲਾਪਰਵਾਹੀ ਨਾਲ ਉਸ ਦੀ ਮਾਤਾ ਵਿਚ ਮਾਰਿਆ। ਇਸ ਕਾਰਨ ਉਸ ਦੀ ਮਾਤਾ ਦੀ ਸੱਜੀ ਲੱਤ ਜ਼ਖਮੀ ਹੋ ਜਾਣ ਦੇ ਨਾਲ-ਨਾਲ ਹੋਰ ਵੀ ਸੱਟਾਂ ਲੱਗੀਆਂ। ਬਿਆਨ ਕਰਤਾ ਨੇ ਦੱਸਿਆ ਕਿ ਉਹ ਆਪਣੀ ਮਾਤਾ ਨੂੰ ਜਦ ਫ਼ਰੀਦਕੋਟ ਮੈਡੀਕਲ ਹਸਪਤਾਲ ਵਿਚ ਇਲਾਜ ਲਈ ਲਿਆਇਆ ਤਾਂ ਡਾਕਟਰਾਂ ਨੇ ਉਸ ਨੂੰ ਮੁੱਢਲੀ ਡਾਕਟਰੀ ਸਹਾਇਤਾ ਦੇ ਕੇ ਪੀ. ਜੀ. ਆਈ. ਚੰਡੀਗੜ੍ਹ ਵਿਖੇ ਰੈਫਰ ਕਰ ਦਿੱਤਾ ਪਰ ਰਸਤੇ ਵਿਚ ਹੀ ਉਸ ਦੀ ਮਾਤਾ ਦੀ ਮੌਤ ਹੋ ਗਈ। ਇਨ੍ਹਾਂ ਬਿਆਨਾਂ 'ਤੇ ਗੁਰਪਾਲ ਸਿੰਘ ਖ਼ਿਲਾਫ ਦਰਜ ਕੀਤੇ ਗਏ ਮੁਕੱਦਮੇ ਦੀ ਅਗਲੀ ਕਾਰਵਾਈ ਥਾਣੇਦਾਰ ਪਰਮਜੀਤ ਕੌਰ ਵੱਲੋਂ ਜਾਰੀ ਹੈ।

## ਫੂਡ ਸੇਫਟੀ ਵਿਭਾਗ ਵੱਲੋਂ ਖਾਣ-ਪੀਣ ਵਾਲੀਆਂ ਰੇਹੜੀਆਂ ਤੇ ਦੁਕਾਨਾਂ ਦੀ ਚੈਕਿੰਗ

ਬਟਾਲਾ, 20 ਮਾਰਚ : ਫੂਡ ਸੇਫਟੀ ਵਿਭਾਗ ਵੱਲੋਂ ਅੱਜ ਬਟਾਲਾ ਵਿਖੇ ਖਾਣ-ਪੀਣ ਵਾਲੀਆਂ ਰੇਹੜੀਆਂ ਅਤੇ ਦੁਕਾਨਾਂ ਦੀ ਚੈਕਿੰਗ ਕੀਤੇ ਜਾਣ ਦੀ ਖਬਰ ਪ੍ਰਾਪਤ ਹੋਈ ਹੈ। ਇਸ ਸਬੰਧੀ ਐੱਲ. ਟੀ. ਜਸਪ੍ਰੀਤ ਸਿੰਘ, ਵਿਕਰਮਜੀਤ ਸਿੰਘ ਤੇ ਮੈਡਮ ਰੇਖਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਸਖਤ ਹਦਾਇਤਾਂ 'ਤੇ ਚੱਲਦਿਆਂ ਉਨ੍ਹਾਂ ਵੱਲੋਂ ਅੱਜ ਬਟਾਲਾ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਸਮੇਤ ਖਾਸ ਕਰ ਕੇ ਸਮਾਧ ਰੋਡ 'ਤੇ ਲੱਗਦੀਆਂ ਰੇਹੜੀਆਂ ਅਤੇ ਆਪਣੀਆਂ ਦੁਕਾਨਾਂ 'ਤੇ ਖਾਣ-ਪੀਣ ਵਾਲ ਸਾਮਾਨ ਵੇਚਣ ਵਾਲੇ ਦੁਕਾਨਦਾਰਾਂ ਦੀ ਚੈਕਿੰਗ ਕੀਤੀ ਗਈ ਹੈ। ਇਸ ਤਹਿਤ ਖਾਧ ਪਦਾਰਥ ਤਿਆਰ ਕਰਨ ਵਾਲੇ ਮਸਾਲਿਆਂ ਅਤੇ ਉਨ੍ਹਾਂ ਵਿਚ ਪੈਂਦੇ ਹੋਰ ਮਟੀਰੀਅਲ ਵਗੈਰਾ ਦੀ ਜਾਂਚ ਕੀਤੀ ਗਈ। ਉਨ੍ਹਾਂ ਦੁਕਾਨਦਾਰਾਂ ਤੇ ਰੇਹੜੀ ਵਾਲਿਆਂ ਨੂੰ ਹਦਾਇਤ ਕੀਤੀ ਕਿ ਆਈ. ਐੱਸ. ਆਈ. ਮਾਅਰਕਾ ਦੇ ਹੀ ਮਸਾਲਿਆਂ ਦੀ ਵਰਤੋਂ ਕਰੋ ਅਤੇ ਸਾਫ-ਸਫਾਈ ਦਾ ਵਿਸ਼ੇਸ਼ ਧਿਆਨ ਰੱਖੋ ਅਤੇ ਪਲਾਸਟਿਕ ਦੇ ਡੂਨਿਆਂ ਦੀ ਵਰਤੋਂ ਨਾ ਕਰੋ। ਇਸ ਮੌਕੇ ਫੂਡ ਸੇਫਟੀ ਵਿਭਾਗ ਵਲੋਂ ਰੇਹੜੀ ਵਾਲਿਆਂ ਅਤੇ ਦੁਕਾਨਦਾਰਾਂ ਨੂੰ ਸਰਟੀਫਿਕੇਟ ਦੀ ਵੰਡੇ ਹਨ, ਨਾਲ ਹੀ ਖਾਧ ਪਦਾਰਥਾਂ ਸੈਂਪਲ ਵੀ ਲਏ ਗਏ।

## ਪ੍ਰੇਮ ਵਿਆਹ ਕਰਵਾਉਣ ਵਾਲੇ ਮੁੰਡੇ ਦੀ ਮਾਂ ਦੇ ਹੋਏ ਕਤਲ ਕਾਂਡ 'ਚ ਨਵਾਂ ਮੋੜ

ਸ੍ਰੀ ਮੁਕਤਸਰ ਸਾਹਿਬ, 20 ਮਾਰਚ : ਬੀਤੀ ਦਿਨੀਂ ਹੋਏ ਪ੍ਰੇਮ ਵਿਆਹ ਕਰਵਾਉਣ ਵਾਲੇ ਮੁੰਡੇ ਦ ਮਾਂ ਪਰਮਜੀਤ ਕੌਰ ਉਰਫ ਪੂਜਾ ਦੇ ਹੋਏ ਕਤਲ ਕਾਂਡ ਵਿਚ ਪੁਲਸ ਨੇ ਤਿੰਨ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਮਿਤੀ 17 ਮਾਰਚ ਨੂੰ ਮੁਦਈ ਗੁਰਪਿੰਦਰ ਸਿੰਘ ਉਰਫ ਲੱਕੀ ਪੁੱਤਰ ਪੱਪੂ ਸਿੰਘ ਵਾਸੀ ਪਿੰਡ ਸਿੱਖਵਾਲਾ ਹਾਲ ਅਬਾਦ ਗੋਨੇਆਣਾ ਰੋਡ ਸ੍ਰੀ ਮੁਕਤਸਰ ਸਾਹਿਬ ਨੇ ਬਿਆਨ ਦਿੱਤਾ ਕਿ ਮੇਰੀ ਮਾਤਾ ਪਰਮਜੀਤ ਕੌਰ ਉਰਫ ਪੂਜਾ ਪਤਨੀ ਪੱਪੂ ਸਿੰਘ ਜੋ ਆਪਣੇ ਘਰ ਦੇ ਬਾਹਰ ਬੈਠੀ ਸੀ ਜਿਸ 'ਤੇ ਗੱਬਰ ਪੁੱਤਰ ਨਾ-ਮਾਲੂਮ, ਹੈਪੀ ਪੁੱਤਰ ਬਲਵਿੰਦਰ ਸਿੰਘ ਅਤੇ ਹੀਰਾ ਪੁੱਤਰ ਨਾ-ਮਾਲੂਮ ਵਾਸੀਆਨ ਗੋਨਿਆਣਾ ਰੋਡ ਸ੍ਰੀ ਮੁਕਤਸਰ ਸਾਹਿਬ ਵੱਲੋਂ ਮੇਰੀ ਮਾਤਾ ਦੇ ਸਿਰ ਵਿਚ ਕਾਪੇ ਮਾਰੇ, ਜਿਸ ਨਾਲ ਮੇਰੀ ਮਾਤਾ ਪਰਮਜੀਤ ਕੌਰ ਜਖਮੀ ਹੋ ਗਈ ਅਤੇ ਜਦੋਂ ਉਨ੍ਹਾਂ ਨੂੰ ਛਡਵਾਉਣ ਲਈ ਅੱਗੇ ਹੋਇਆ ਤਾਂ ਮੈਨੂੰ ਨਿਹਾਲ ਸਿੰਘ ਪੁੱਤਰ ਕਪੂਰ ਵੱਲੋਂ ਜੱਫਾ ਪਾ ਕੇ ਰੋਕ ਲਿਆ ਅਤੇ ਨਿਹਾਲ ਸਿੰਘ ਅਤੇ ਉਸਦੀ ਪਤਨੀ ਜਸਵੀਰ ਕੌਰ ਵੱਲੋਂ ਮੇਰੀ ਮਾਤਾ ਪਰਮਜੀਤ ਕੌਰ ਉਰਫ ਪੂਜਾ ਨੂੰ ਮਾਰਨ ਲਈ ਉਕਸਾਉਂਦੇ ਰਹੇ, ਜਿਸ ਦੇ ਬਿਆਨਾਂ 'ਤੇ ਪੁਲਸ ਵੱਲੋਂ ਮੁਕੱਦਮਾ ਨੰਬਰ 42 ਮਿਤੀ 17/03/2024 ਅ/ਧ 302,148,149,120ਬੀ ਤਹਿਤ ਬਰਖਿਲਾਫ ਗੱਬਰ ਪੁੱਤਰ ਨਾ- ਮਾਲੂਮ, ਹੈਪੀ ਪੁੱਤਰ ਬਲਵਿੰਦਰ ਸਿੰਘ, ਹੀਰਾ ਪੁੱਤਰ ਨਾ-ਮਾਲੂਮ, ਵਿੱਕੀ ਪੁੱਤਰ ਨਾ-ਮਾਲੂਮ, ਨਿਹਾਲ ਸਿੰਘ ਪੁੱਤਰ ਕਪੂਰ ਸਿੰਘ, ਜਸਵੀਰ ਕੌਰ ਪਤਨੀ ਨਿਹਾਲ ਸਿੰਘ ਵਾਸੀਆਨ ਗੋਨਿਆਣਾ ਰੋਡ ਸ੍ਰੀ ਮੁਕਤਸਰ ਸਾਹਿਬ ਤੇ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਵਿਖੇ ਦਰਜ ਰਜਿਸਟਰ ਕਰ ਤਫਤੀਸ਼ ਸ਼ੁਰੂ ਕਰ ਦਿੱਤੀ ਗਈ।

## ਪੰਜਾਬ 'ਚ ਸ੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਭਾਰਤੀ ਜਨਤਾ ਪਾਰਟੀ ਹੋਈ ਮਜਬੂਤ



ਲੰਡਨ, 20 ਮਾਰਚ : ਲੋਕ ਸਭਾ ਚੋਣਾਂ ਦੇ ਮੱਦੇਨਜਰ ਰਾਜਨੀਤਕ ਪਾਰਟੀਆਂ ਨੇ ਨਿੱਤ ਨਵੇਂ ਚੇਹਰਿਆਂ ਨੂੰ ਪਾਰਟੀਆਂ ਵਿੱਚ ਸਾਮਲ ਕਰਕੇ ਪੰਜਾਬ ਨੂੰ ਜਿੱਤਣ ਲਈ ਆਪਣੀ ਮੁਹਿੰਮ ਤੇਜ ਕੀਤੀ ਹੋਈ ਹੈ, ਜਿਸ ਦੌਰਾਨ ਪੰਜਾਬ 'ਚ ਸ੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਭਾਰਤੀ ਜਨਤਾ ਪਾਰਟੀ ਇੱਕ ਮਜਬੂਤ ਪਾਰਟੀ ਬਣ ਕੇ ਸਾਹਮਣੇ ਆ ਗਈ ਹੈ। ਇਸ ਨੂੰ ਵੇਖਦੇ ਹੋਏ ਪੰਥਕ ਹਲਕਿਆਂ ਵਿੱਚ ਹਲਚਲ ਹੋਣੀ ਸੁਭਾਵਕ ਸੀ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਕਾਲੀ ਦਲ ਨਾਲ ਗਠਜੋੜ ਨੂੰ ਲੈ ਕੇ ਵੱਡਾ ਬਿਆਨ ਦੇ ਕੇ ਪੰਜਾਬ ਵਿੱਚ ਸੀਟਾਂ ਦੀ ਵੰਡ ਨੂੰ ਲੈ ਕੇ ਮਜਬੂਤ ਦਾਅਵਾ ਕੀਤਾ ਜਾਪ ਰਿਹਾ ਹੈ। ਸੀਟਾਂ ਦੀ ਵੰਡ ਨੂੰ ਲੈ ਕੇ ਜੇਕਰ ਸਥਿਤੀ ਸਾਫ ਹੁੰਦੀ ਹੈ ਤਾਂ 2-3 ਦਿਨਾਂ ਵਿਚ ਗਠਜੋੜ ਸੰਭਵ ਹੈ ਪਰ ਸ੍ਰੋਮਣੀ ਅਕਾਲੀ ਦਲ, ਭਾਜਪਾ ਨਾਲ ਸਮਝੌਤੇ ਬਗੈਰ ਮਨਫੀ ਹੁੰਦਾ ਜਾਪ ਰਿਹਾ ਹੈ ਅਤੇ ਟਕਸਾਲੀ ਆਗੂ ਕਿਸਾਨ ਅੰਦੋਲਨ ਦੇ ਡਰ ਕਾਰਨ ਸਮਝੌਤਾ ਵਿਸਾਖੀ ਤੋਂ ਬਾਅਦ ਕਰਨ ਦੇ ਰੌਅ ਵਿੱਚ ਹਨ, ਜਦੋਂਕਿ ਪੰਜਾਬ ਵਿੱਚ ਲੋਕ ਸਭਾ ਚੋਣਾਂ ਸਭ ਤੋਂ ਬਾਅਦ ਜੂਨ ਮਹੀਨੇ ਹਨ। ਭਾਰਤੀ ਜਨਤਾ ਪਾਰਟੀ ਵੱਲੋਂ ਲੋਕ ਸਭਾ ਹਲਕਾ ਪਟਿਆਲਾ, ਅੰਮ੍ਰਿਤਸਰ, ਲੁਧਿਆਣਾ, ਹੁਸ਼ਿਆਰਪੁਰ, ਗੁਰਦਾਸਪੁਰ, ਜਲੰਧਰ ਤੇ ਚੰਡੀਗੜ੍ਹ ਸਮੇਤ ਸੀਟਾਂ 'ਤੇ ਦਾਅਵੇਦਾਰੀ ਜਿੱਤਾ ਕੇ ਸੰਭਾਵੀ ਉਮੀਦਵਾਰ ਇਨ੍ਹਾਂ ਹਲਕਿਆਂ ਵਿੱਚ ਤੋਰ ਦਿੱਤੇ ਗਏ ਹਨ, ਜਿਸ ਵਿੱਚ ਅੰਮ੍ਰਿਤਸਰ ਸੀਟ ਸਭ ਤੋਂ ਜ਼ਿਆਦਾ ਸੁਰੱਖਿਅਤ ਮੰਨੀ ਜਾ ਰਹੀ ਹੈ।

## ਪੰਜਾਬ 'ਚ ਅੱਤ ਦੀ ਗਰਮੀ 'ਚ ਚੋਣਾਂ, ਆਮ ਲੋਕਾਂ ਦਾ ਧਿਆਨ ਰੱਖਣ ਲਈ ਕੀਤੇ ਜਾਣਗੇ ਖਾਸ ਪ੍ਰਬੰਧ

ਚੰਡੀਗੜ੍ਹ (ਭਾਸਾ), 20 ਮਾਰਚ : ਪੰਜਾਬ 'ਚ ਲੋਕ ਸਭਾ ਚੋਣਾਂ ਦੌਰਾਨ ਆਪਣੀ ਵੋਟ ਪਾਉਣ ਲਈ ਆਉਣ ਵਾਲੇ ਵੋਟਰਾਂ ਲਈ ਪੋਲਿੰਗ ਸਟੇਸਨਾਂ 'ਤੇ ਮਿੱਠੇ ਜਲ ਦੀ ਛਬੀਲ ਲਗਾਈ ਜਾਵੇਗੀ। ਚੋਣ ਕਮਿਸਨ ਨੇ ਚੋਣਾਂ 'ਚ ਵੋਟ ਪ੍ਰਤੀਸਤਤਾ ਵਧਾਉਣ ਲਈ ਸਭ ਤੋਂ ਪਹਿਲਾਂ ਇਹ ਨਿਵੇਕਲਾ ਐਲਾਨ ਕੀਤਾ ਹੈ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ. ਨੇ ਮੰਗਲਵਾਰ ਨੂੰ ਕਿਹਾ ਕਿ 70 ਫੀਸਦੀ ਤੋਂ ਵੱਧ ਵੋਟਿੰਗ ਦਾ ਟੀਚਾ ਰੱਖਿਆ ਗਿਆ ਹੈ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ 1 ਜੂਨ ਨੂੰ ਵੋਟਾਂ ਪੈਣਗੀਆਂ। ਸੂਬਾ ਚੋਣ ਦਫਤਰ ਉਨ੍ਹਾਂ ਖੇਤਰਾਂ 'ਚ ਵੀ ਵੋਟਿੰਗ ਪ੍ਰਤੀਸਤ ਨੂੰ ਵਧਾਉਣ ਦੀ ਕੋਸ਼ਿਸ ਕਰੇਗਾ, ਜਿਥੇ ਪਿਛਲੀਆਂ ਚੋਣਾਂ 'ਚ ਵੋਟਿੰਗ ਘੱਟ ਹੋਈ ਸੀ। ਲੋਕ ਸਭਾ ਚੋਣਾਂ 2019 ਦੌਰਾਨ ਪੰਜਾਬ 'ਚ 65.96 ਫੀਸਦੀ ਵੋਟਿੰਗ ਹੋਈ ਸੀ। ਸਿਬਿਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੂਬੇ 'ਚ ਆਜਾਦ ਤੇ ਨਿਰਪੱਖ ਚੋਣਾਂ ਨੂੰ ਯਕੀਨੀ ਬਣਾਉਣ ਲਈ ਚੋਣ ਜਾਬਤਾ ਪੂਰੀ ਤਾਕਤ ਨਾਲ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਮਸਲ ਪਾਵਰ ਤੇ ਪੈਸੇ ਦੀ ਤਾਕਤ ਦੀ ਵਰਤੋਂ ਨੂੰ ਰੋਕਣ ਲਈ ਵਿਆਪਕ ਯਤਨ ਕੀਤੇ ਜਾ ਰਹੇ ਹਨ। ਸਿਬਿਨ ਨੇ ਇਹ ਵੀ ਕਿਹਾ ਕਿ ਪੰਜਾਬ 'ਚ ਅਰਧ ਸੈਨਿਕ ਬਲਾਂ ਦੀਆਂ 25 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ ਤੇ ਲੋੜ ਪੈਣ 'ਤੇ ਹੋਰ ਤਾਇਨਾਤੀ ਕੀਤੀ ਜਾਵੇਗੀ। ਉਨ੍ਹਾਂ ਦੁਹਰਾਇਆ ਕਿ ਸੂਬੇ 'ਚ ਵੋਟ ਪ੍ਰਤੀਸਤ ਨੂੰ ਵਧਾਉਣ ਲਈ ਯਤਨ ਕੀਤੇ ਜਾਣਗੇ। ਅਧਿਕਾਰੀ ਨੇ ਕਿਹਾ ਕਿ ਪੰਜਾਬ 'ਚ ਸੰਸਦੀ ਚੋਣਾਂ 'ਚ ਮਤਦਾਨ ਆਮ ਤੌਰ 'ਤੇ ਲਗਭਗ 65 ਪ੍ਰਤੀਸਤ ਹੁੰਦਾ ਹੈ, ਜੋ ਵਿਧਾਨ ਸਭਾ ਚੋਣਾਂ ਦੌਰਾਨ 70 ਪ੍ਰਤੀਸਤ ਤੋਂ ਵੱਧ ਜਾਂਦਾ ਹੈ। ਮੁੱਖ ਚੋਣ ਅਫਸਰ ਨੇ ਦੱਸਿਆ ਕਿ ਪੰਜਾਬ 'ਚ ਚੋਣਾਂ ਅੱਤ ਦੀ ਗਰਮੀ ਦੌਰਾਨ ਹੋਣੀਆਂ ਹਨ, ਇਸ ਲਈ ਵੋਟਰਾਂ ਨੂੰ ਰਿਫਰੈਸਮੈਂਟ ਦੇਣ ਦੇ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਕਿਹਾ, "ਅਸੀਂ ਛਬੀਲ (ਮਿੱਠਾ ਜਲ) ਦਾ ਪ੍ਰਬੰਧ ਕਰਾਂਗੇ। ਨਾਲ ਹੀ ਛਾਂ ਲਈ ਤਰਪਾਲ ਵੀ ਲਗਾਈ ਜਾਵੇਗੀ। ਵੋਟਰਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ ਤਾਂ ਜੋ ਸਾਡੀ ਵੋਟ ਪ੍ਰਤੀਸਤਤਾ ਵਧੇ।" ਅਧਿਕਾਰੀ ਨੇ ਐਲਾਨ ਕੀਤਾ ਕਿ ਸੂਬੇ ਦੇ 24,433 ਪੋਲਿੰਗ ਸਟੇਸਨਾਂ 'ਚੋਂ 2,416 ਨੂੰ ਨਾਜੁਕ ਵਜੋਂ ਪਛਾਣਿਆ ਗਿਆ ਹੈ, ਜਿਨ੍ਹਾਂ ਨੂੰ ਵਾਧੂ ਸੁਰੱਖਿਆ ਉਪਾਵਾਂ ਦੀ ਲੋੜ ਹੈ। ਸਭ ਤੋਂ ਵੱਧ ਗੰਭੀਰ 578 ਪੋਲਿੰਗ ਸਟੇਸਨ ਅੰਮ੍ਰਿਤਸਰ 'ਚ ਹਨ।

## ਜਹਿਰੀਲੀ ਸ਼ਰਾਬ ਕਾਰਨ 4 ਮੌਤਾਂ ਦੇ ਮਾਮਲੇ 'ਚ ਪ੍ਰਸ਼ਾਸਨ ਦਾ ਅਹਿਮ ਫੈਸਲਾ, ਬਣਾਈ ਉੱਚ ਪੱਧਰੀ ਜਾਂਚ ਕਮੇਟੀ

ਸੰਗਰੂਰ/ਚੰਡੀਗੜ੍ਹ, 20 ਮਾਰਚ : ਦਿੜ੍ਹਬਾ ਦੇ ਪਿੰਡ ਗੁੱਜਰਾਂ ਵਿਖੇ 4 ਲੋਕਾਂ ਦੀ ਗੈਰ-ਕੁਦਰਤੀ ਤੌਰ 'ਤੇ ਹੋਈ ਮੌਤ ਦੇ ਮਾਮਲੇ 'ਚ ਜ਼ਿਲ੍ਹਾ ਪ੍ਰਸ਼ਾਸਨ ਨੇ ਫੌਰੀ ਕਦਮ ਚੁੱਕਦਿਆਂ ਹਾਈ ਪਾਵਰ ਜਾਂਚ ਕਮੇਟੀ ਦਾ ਗਠਨ ਕੀਤਾ ਹੈ। ਇਹ ਕਮੇਟੀ ਇਨ੍ਹਾਂ ਮੌਤਾਂ ਦੇ ਕਾਰਨਾਂ ਦੀ ਜਾਂਚ ਲਈ ਵੱਖ-ਵੱਖ ਪਹਿਲੂਆਂ ਅਤੇ ਤੱਥਾਂ ਦੇ ਆਧਾਰ 'ਤੇ ਪੜਤਾਲ ਕਰਕੇ ਅਗਲੇ 72 ਘੰਟਿਆਂ 'ਚ ਆਪਣੀ ਰਿਪੋਰਟ ਸੌਂਪੇਗੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਐੱਸ. ਐੱਸ. ਪੀ. ਸਰਤਾਜ ਸਿੰਘ ਚਹਿਲ ਸਮੇਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ। ਉੱਥੇ ਹੀ ਦੂਜੇ ਪਾਸੇ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਸ ਅਰਪਿਤ ਸ਼ੁਕਲਾ ਨੇ ਵੀ ਕਿਹਾ ਹੈ ਕਿ ਪੰਜਾਬ ਪੁਲਸ ਨੇ ਇਸ ਬਾਰੇ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਹੈ ਅਤੇ ਜੋ ਵੀ ਦੋਸ਼ੀ ਪਾਇਆ ਗਿਆ, ਉਸ ਖ਼ਿਲਾਫ ਸਖਤ ਕਾਰਵਾਈ ਹੋਵੇਗੀ। ਐੱਸ. ਐੱਸ. ਪੀ. ਚਹਿਲ ਨੇ ਦੱਸਿਆ ਕਿ ਇਸ ਹਾਈ ਪਾਵਰ ਜਾਂਚ ਕਮੇਟੀ ਦਾ ਚੇਅਰਮੈਨ ਐੱਸ. ਡੀ. ਐੱਮ. ਦਿੜ੍ਹਬਾ ਨੂੰ ਲਗਾਇਆ ਗਿਆ ਹੈ, ਜਦਕਿ ਡੀ. ਐੱਸ. ਪੀ. ਦਿੜ੍ਹਬਾ, ਸੀਨੀਅਰ ਮੈਡੀਕਲ ਅਫ਼ਸਰ ਦਿੜ੍ਹਬਾ ਤੇ ਈ. ਟੀ. ਓ. ਦਿੜ੍ਹਬਾ (ਆਬਕਾਰੀ) ਨੂੰ ਮੈਂਬਰ ਲਗਾਇਆ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਿਹਤ ਵਿਭਾਗ, ਐਕਸਾਈਜ਼ ਵਿਭਾਗ, ਪੁਲਸ ਤੇ ਸਿਵਲ ਪ੍ਰਸ਼ਾਸਨ 'ਤੇ ਆਧਾਰਿਤ ਇਸ ਟੀਮ ਦੀ ਰਿਪੋਰਟ ਤੋਂ ਬਾਅਦ ਇਸ ਦੁਖਾਂਤਕ ਘਟਨਾ ਲਈ ਜ਼ਿੰਮੇਵਾਰ ਪਾਏ ਜਾਣ ਵਾਲੇ ਵਿਅਕਤੀਆਂ ਖ਼ਿਲਾਫ਼ ਸਖਤ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ 4 ਲੋਕਾਂ ਦੀ ਹੋਈ ਗੈਰ-ਕੁਦਰਤੀ ਮੌਤ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪ੍ਰਸ਼ਾਸਨ ਨੇ ਫੌਰੀ ਕਾਰਵਾਈ ਕਰਦਿਆਂ ਪਿੰਡ ਗੁੱਜਰਾਂ ਵਿਖੇ ਘਰ-ਘਰ ਸਰਵੇਖਣ ਸ਼ੁਰੂ ਕਰਵਾ ਦਿੱਤਾ ਹੈ ਕਿ ਜੇਕਰ ਕਿਸੇ ਘਰ 'ਚ ਕਿਸੇ ਵਿਅਕਤੀ ਦੀ ਸਿਹਤ ਖਰਾਬ ਹੋਣ ਸਬੰਧੀ ਕੋਈ ਲੱਛਣ ਸਾਹਮਣੇ ਆਉਂਦੇ ਹਨ ਤਾਂ ਇਸ 'ਤੇ ਫੌਰੀ ਮੈਡੀਕਲ ਸੁਵਿਧਾ ਮੁਹੱਈਆ ਕਰਵਾਈ ਜਾ ਸਕੇ ਤਾਂ ਜੋ ਕੋਈ ਹੋਰ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ। ਉਨ੍ਹਾਂ ਦੱਸਿਆ ਕਿ ਸਰਵੇਖਣ ਕਰ ਰਹੀਆਂ ਇਨ੍ਹਾਂ ਟੀਮਾਂ ਵਿੱਚ ਸਿਵਲ ਸਰਜਨ ਦਫ਼ਤਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦਫ਼ਤਰ, ਬਲਾਕ ਵਿਕਾਸ ਤੇ ਪੰਚਾਇਤ ਵਿਭਾਗ, ਮਾਲ ਵਿਭਾਗ ਤੇ ਪੁਲਸ ਵਿਭਾਗ ਦੇ ਨੁਮਾਇੰਦੇ ਸ਼ਾਮਲ ਹਨ। ਇਸ ਘਟਨਾ ਸਬੰਧੀ ਜ਼ਿਲ੍ਹਾ ਪੁਲਸ ਵੱਲੋਂ ਹੁਣ ਤੱਕ ਕੀਤੀ ਗਈ ਕਾਰਵਾਈ ਦੀ ਜਾਣਕਾਰੀ ਦਿੰਦਿਆਂ ਐੱਸ. ਐੱਸ. ਪੀ. ਸਰਤਾਜ ਸਿੰਘ ਚਹਿਲ ਨੇ ਦੱਸਿਆ ਕਿ ਮਾਮਲੇ ਦੀ ਜਾਣਕਾਰੀ ਮਿਲਦਿਆਂ ਹੀ ਪੁਲਸ ਟੀਮ ਸਬੰਧਤ ਪਿੰਡ ਵਿੱਚ ਪਹੁੰਚੀ ਅਤੇ ਕਥਿਤ ਦੋਸ਼ੀਆਂ ਖ਼ਿਲਾਫ ਧਾਰਾ-302 ਤਹਿਤ ਕਤਲ ਦਾ ਮਾਮਲਾ ਦਰਜ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮੁੱਢਲੀ ਤਫ਼ਤੀਸ਼ ਦੌਰਾਨ ਪਹਿਲਾਂ ਸੁਖਵਿੰਦਰ ਸਿੰਘ ਸੁੱਖੀ ਨਾਂ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਫਿਰ ਮਨਪ੍ਰੀਤ ਸਿੰਘ ਮਨੀ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜੋ ਕਿ ਪਿੰਡ ਗੁੱਜਰਾਂ ਦੇ ਹੀ ਵਸਨੀਕ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੀ ਤਫ਼ਤੀਸ਼ ਜਾਰੀ ਹੈ। ਦੱਸਣਯੋਗ ਹੈ ਕਿ ਪਿੰਡ 'ਚ ਜਹਿਰੀਲੀ ਸ਼ਰਾਬ ਪੀਣ ਕਾਰਨ 4 ਲੋਕਾਂ ਦੀ ਮੌਤ ਹੋ ਗਈ ਸੀ।



## ਥਾਣਾ ਸ਼ੇਰਪੁਰ 'ਚ ਤਾਇਨਾਤ ਏ. ਐੱਸ. ਆਈ, ਅਪਰਾਧਕ ਮਾਮਲਾ ਦਰਜ

ਸ਼ੇਰਪੁਰ, 20 ਮਾਰਚ : ਪੁਲਸ ਜਿਲ੍ਹਾ ਸੰਗਰੂਰ ਅਧੀਨ ਪੈਂਦੇ ਥਾਣਾ ਸ਼ੇਰਪੁਰ 'ਚ ਇਕ ਚਲਾਨ ਪੇਸ਼ ਕਰਨ ਦੇ ਬਦਲੇ ਰਿਸ਼ਵਤ ਲੈਂਦਾ ਏ. ਐੱਸ. ਆਈ. ਵਿਜੀਲੈਂਸ ਬਿਊਰੋ ਦੀ ਟੀਮ ਦੇ ਅੜਿੱਕੇ ਆ ਗਿਆ। ਵਿਜੀਲੈਂਸ ਟੀਮ ਨੇ ਰਿਸ਼ਵਤ ਵਜੋਂ ਮੁਦਈ ਮੁਕੱਦਮਾਂ ਤੋਂ ਹਾਸਲ ਕੀਤੀ ਰਕਮ ਵੀ ਨਾਮਜ਼ਦ ਏ.ਐੱਸ.ਆਈ ਤੋਂ ਬਰਾਮਦ ਕਰਕੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਬਿੰਦਰ ਸਿੰਘ ਪੁੱਤਰ ਜਗਦੇਵ ਸਿੰਘ ਵਾਸੀ ਸਲੇਮਪੁਰ, ਥਾਣਾ ਸ਼ੇਰਪੁਰ ਨੇ ਵਿਜੀਲੈਂਸ ਕੋਲ ਪਹੁੰਚ ਕੀਤੀ ਕਿ ਥਾਣਾ ਸ਼ੇਰਪੁਰ ਵਿਖੇ ਤਾਇਨਾਤ ਅਤੇ ਥਾਣੇ ਵਿਖੇ ਦਰਜ ਮੁਕੱਦਮਾਂ ਨੰਬਰ 85/2023 ਅਧੀਨ ਜ਼ੁਰਮ 306/34 ਆਈ. ਪੀ. ਸੀ. ਦਾ ਚਲਾਨ ਅਦਾਲਤ ਵਿਚ ਪੇਸ਼ ਕਰਨ ਦੇ ਨਾਂ 'ਤੇ ਮਾਮਲੇ ਦਾ ਤਫਤੀਸ਼ ਅਧਿਕਾਰੀ ਏ .ਐੱਸ. ਆਈ. ਦਰਸ਼ਨ ਸਿੰਘ ਵਾਸੀ ਪਿੰਡ ਬੁਰਜ ਰਾਜਗੜ੍ਹ, ਜ਼ਿਲ੍ਹਾ ਬਠਿੰਡਾ 20 ਹਜ਼ਾਰ ਰੁਪਏ ਦੀ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਵਿਜੀਲੈਂਸ ਬਿਊਰੋ ਦੇ ਆਲ੍ਹਾ ਅਧਿਕਾਰੀਆਂ ਨੇ ਰਿਸ਼ਵਤ ਮੰਗਣ ਵਾਲੇ ਥਾਣੇਦਾਰ ਦਰਸ਼ਨ ਸਿੰਘ ਨੂੰ ਫੜਨ ਲਈ ਵਿਜੀਲੈਂਸ ਬਿਊਰੋ ਜ਼ਿਲ੍ਹਾ ਬਰਨਾਲਾ ਦੇ ਇੰਸਪੈਕਟਰ ਗੁਰਮੇਲ ਸਿੰਘ ਸਿੱਧੂ ਦੀ ਅਗਵਾਈ ਵਿਚ ਟੀਮ ਗਠਿਤ ਕਰ ਦਿੱਤੀ ਗਈ । ਵਿਜੀਲੈਂਸ ਬਿਊਰੋ ਦੇ ਇੰਸਪੈਕਟਰ ਗੁਰਮੇਲ ਸਿੰਘ ਸਿੱਧੂ ਨੇ ਆਪਣੀ ਟੀਮ ਸਣੇ ਸਰਕਾਰੀ ਗਵਾਹਾਂ ਨੂੰ ਨਾਲ ਲੈ ਕੇ ਥਾਣਾ ਸ਼ੇਰਪੁਰ ਵਿਖੇ ਟਰੈਪ ਲਗਾ ਦਿੱਤਾ। ਇਸ ਦੌਰਾਨ ਜਦੋਂ ਏ.ਐੱਸ.ਆਈ. ਦਰਸ਼ਨ ਸਿੰਘ ਨੇ ਸ਼ਕਾਇਤ ਕਰਤਾ ਬਿੰਦਰ ਸਿੰਘ ਤੋਂ ਚਲਾਨ ਪੇਸ਼ ਕਰਨ ਦੇ ਬਦਲੇ 20 ਹਜ਼ਾਰ ਰੁਪਏ ਦੀ ਰਿਸ਼ਵਤ ਲਈ ਤਾਂ ਤੁਰੰਤ ਹੀ ਫੁਰਤੀ ਨਾਲ ਵਿਜੀਲੈਂਸ ਦੀ ਟੀਮ ਨੇ ਏ.ਐੱਸ.ਆਈ. ਦਰਸ਼ਨ ਸਿੰਘ ਨੂੰ ਰੰਗੇ ਹੱਥੀਂ ਦਬੋਚ ਲਿਆ। ਇੰਸਪੈਕਟਰ ਗੁਰਮੇਲ ਸਿੰਘ ਸਿੱਧੂ ਨੇ ਦੱਸਿਆ ਕਿ ਰਿਸਵਤ ਦੀ ਰਾਸੀ ਸਮੇਤ ਗ੍ਰਿਫਤਾਰ ਕੀਤੇ ਏਐੱਸਆਈ ਦਰਸਨ ਸਿੰਘ ਖਿਲਾਫ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਥਾਣਾ ਵਿਜੀਲੈਂਸ ਰੇਂਜ ਪਟਿਆਲਾ ਵਿਖੇ ਕੇਸ ਦਰਜ ਕਰਕੇ ਤਫਤੀਸ ਸੁਰੂ ਕਰ ਦਿੱਤੀ ਹੈ। ਵਿਜੀਲੈਂਸ ਦੇ ਇੰਸਪੈਕਟਰ ਸਿੱਧੂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਮਹਿਕਮੇ ਦਾ ਕੋਈ ਵੀ ਵੱਡਾ/ਛੋਟਾ ਅਧਿਕਾਰੀ ਜਾਂ ਕਰਮਚਾਰੀ ਕਿਸੇ ਕੰਮ ਬਦਲੇ ਰਿਸਵਤ ਮੰਗਦਾ ਹੈ ਤਾਂ ਤੁਰੰਤ ਇਸ ਦੀ ਸੂਚਨਾ ਵਿਜੀਲੈਂਸ ਬਿਊਰੋ ਨੂੰ ਦਿਓ ਤਾਂ ਕਿ ਦੋਸੀ ਨੂੰ ਗ੍ਰਿਫਤਾਰ ਕਰਕੇ ਭ੍ਰਿਸਟਾਚਾਰ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ । ਵਿਜੀਲੈਂਸ ਦੀ ਕਾਰਵਾਈ ਦੌਰਾਨ ਟੀਮ ਵਿਚ ਸਾਮਿਲ ਏਐੱਸਆਈ ਸਤਿਗੁਰ ਸਿੰਘ, ਏਐੱਸਆਈ ਸੁਖਵਿੰਦਰ ਸਿੰਘ, ਏਐੱਸਆਈ ਗੁਰਪ੍ਰੀਤ ਸਿੰਘ ਅਤੇ ਹੌਲਦਾਰ ਗੁਰਜਿੰਦਰ ਸਿੰਘ ਆਦਿ ਨੇ ਵੀ ਅਹਿਮ ਭੂਮਿਕਾ ਅਦਾ ਕੀਤੀ।

## ਪੰਜਾਬ ਦੇ ਮੌਸਮ ਨੂੰ ਲੈ ਕੇ ਸਾਹਮਣੇ ਆਈ ਚਿੰਤਾ ਭਰੀ ਖਬਰ, ਮੌਸਮ ਵਿਭਾਗ ਨੇ ਕੀਤੀ ਵੱਡੀ ਭਵਿੱਖਬਾਣੀ

ਚੰਡੀਗੜ੍ਹ, 20 ਮਾਰਚ : ਪੰਜਾਬ ਤੇ ਹਰਿਆਣਾ ਵਿਚ ਗਰਮੀ ਨੇ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਸੂਬੇ 'ਚ ਅਚਾਨਕ ਪਾਰਾ ਚੜ੍ਹਨ ਨਾਲ ਮਾਰਚ ਦੇ ਅੱਧ 'ਚ ਹੀ ਗਰਮੀ ਨੇ ਦਸਤਕ ਦੇ ਦਿੱਤੀ ਹੈ ਜਿਸ ਕਰਕੇ ਪੰਜਾਬ ਤੇ ਹਰਿਆਣਾ 'ਚ ਤਾਪਮਾਨ 30 ਡਿਗਰੀ ਸੈਲਸੀਅਸ ਤੋਂ ਟੱਪ ਗਿਆ ਹੈ। ਬੀਤੇ ਦਿਨੀਂ ਦੋਵਾਂ ਸੂਬਿਆਂ ਦੇ ਦਰਜਨਾਂ ਸ਼ਹਿਰਾਂ ਦਾ ਵੱਧ ਤੋਂ ਵੱਧ ਤਾਪਮਾਨ 31 ਤੋਂ 32 ਡਿਗਰੀ ਸੈਲਸੀਅਸ ਦੇ ਕਰੀਬ ਦਰਜ ਕੀਤਾ ਗਿਆ। ਮੌਸਮ ਵਿਭਾਗ ਨੇ ਪੰਜਾਬ ਵਿਚ 3-4 ਦਿਨ ਮੌਸਮ ਖੁਸ਼ਕ ਰਹਿਣ ਅਤੇ ਗਰਮੀ ਵਧਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਦੌਰਾਨ ਤਾਪਮਾਨ ਵਿਚ 3 ਤੋਂ 5 ਡਿਗਰੀ ਸੈਲਸੀਅਸ ਤੱਕ ਦਾ ਵਾਧਾ ਦਰਜ ਕੀਤਾ ਜਾਵੇਗਾ ਜਦਕਿ ਦੁਪਹਿਰ ਸਮੇਂ ਪਾਰਾ ਵਧਣ ਕਰਕੇ ਕਿਤੇ-ਕਿਤੇ ਹਲਕੇ ਛਰਾਟੇ ਪੈ ਸਕਦੇ ਹਨ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ 'ਚ ਮਾਰਚ ਦੇ ਅਖੀਰ 'ਚ ਲੋਕਾਂ ਨੂੰ ਆਮ ਨਾਲੋਂ ਵੱਧ ਗਰਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵਧਣ ਤੇ ਧੁੱਪ ਖਿੜਣ ਕਰਕੇ ਕਿਸਾਨਾਂ ਨੂੰ ਵੱਡੀ ਰਾਹਤ ਮਿਲੀ ਹੈ। ਮੌਸਮ ਵਿਭਾਗ ਦਾ ਕਹਿਣਾ ਹੈ ਕਿ ਇਸ ਸਾਲ ਹੋਲੇ-ਮੁਹੱਲੇ 'ਤੇ ਵੀ ਮੌਸਮ ਖੁਸ਼ਕ ਹੀ ਰਹੇਗਾ। ਪੰਜਾਬ ਵਿਚ ਵੱਧ ਤੋਂ ਵੱਧ ਤਾਪਮਾਨ ਫਰੀਦਕੋਟ ਵਿਚ ਦਰਜ ਕੀਤਾ ਗਿਆ, ਜਿੱਥੇ ਤਾਪਮਾਨ 32.3 ਡਿਗਰੀ ਸੈਲਸੀਅਸ ਰਿਹਾ। ਲੁਧਿਆਣਾ ਵਿਚ ਪਾਰਾ 30.1 ਡਿਗਰੀ ਸੈਲਸੀਅਸ, ਬਠਿੰਡਾ ਵਿਚ 29.6 ਡਿਗਰੀ ਸੈਲਸੀਅਸ, ਪਟਿਆਲਾ ਵਿਚ 30.8 ਡਿਗਰੀ ਸੈਲਸੀਅਸ, ਬਰਨਾਲਾ ਵਿਚ 29.3 ਡਿਗਰੀ ਸੈਲਸੀਅਸ, ਚੰਡੀਗੜ੍ਹ ਵਿਚ 30 ਡਿਗਰੀ ਸੈਲਸੀਅਸ, ਅੰਮ੍ਰਿਤਸਰ 'ਚ 30.9 ਡਿਗਰੀ ਸੈਲਸੀਅਸ, ਪਠਾਨਕੋਟ 'ਚ 30.4 ਡਿਗਰੀ ਸੈਲਸੀਅਸ, ਫਿਰੋਜ਼ਪੁਰ 'ਚ 30.1 ਡਿਗਰੀ ਸੈਲਸੀਅਸ ਰਿਹਾ, ਜੋ ਆਮ ਨਾਲੋਂ ਵੱਧ ਸੀ।

## ਪਿਛਲੀਆਂ 3 ਲੋਕ ਸਭਾ ਚੋਣਾਂ ਦੌਰਾਨ 15,333 ਪੋਸਟਲ ਵੋਟਾਂ ਹੋਈਆਂ ਰੱਦ, ਕਈ ਕਾਰਨ ਆਏ ਸਾਹਮਣੇ

ਜਲੰਧਰ/ਚੰਡੀਗੜ੍ਹ, 20 ਮਾਰਚ : ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮਾ ਗਿਆ ਹੈ। ਇਕ ਸਮਾਂ ਉਹ ਵੀ ਸੀ ਜਦੋਂ ਉਮੀਦਵਾਰਾਂ ਦੀਆਂ ਜ਼ਿਆਦਾਤਰ ਆਮ ਵੋਟਾਂ ਰੱਦ ਹੋ ਗਈਆਂ ਸਨ। ਇਹ ਸਥਿਤੀ ਉਦੋਂ ਸੀ ਜਦੋਂ ਈ. ਵੀ. ਐੱਮ. ਮਸੀਨਾਂ ਨਹੀਂ ਸਨ। ਪਰਚੀ ਜਰੀਏ ਵੋਟਿੰਗ ਕੀਤੀ ਜਾਂਦੀ ਸੀ। ਜੇਕਰ ਅੰਕੜਿਆਂ 'ਤੇ ਨਜਰ ਮਾਰੀ ਜਾਵੇ ਤਾਂ ਅੰਕੜੇ ਦੱਸਦੇ ਹਨ ਕਿ 1977 ਤੋਂ ਲੈ ਕੇ 1999 ਤੱਕ 8 ਲੋਕ ਸਭਾ ਚੋਣਾਂ ਵਿੱਚ 11 ਲੱਖ 73 ਹਜਾਰ 974 ਵੋਟਾਂ ਰੱਦ ਹੋਈਆਂ ਪਰ 2009 ਤੋਂ ਰਿਜੈਕਟ ਦਾ ਟਰੈਂਡ ਹੀ ਬਦਲ ਗਿਆ ਕਿਉਂਕਿ ਹੁਣ ਪੋਸਟਲ ਵੋਟਾਂ ਰੱਦ ਹੋਣ ਲੱਗ ਪਈਆਂ ਹਨ। ਹੁਣ ਤੱਕ 3 ਲੋਕ ਸਭਾ ਚੋਣਾਂ ਵਿੱਚ 15 ਹਜਾਰ 333 ਪੋਸਟਲ ਵੋਟਾਂ ਰੱਦ ਹੋ ਚੁੱਕੀਆਂ ਹਨ। 2019 ਵਿੱਚ ਸਭ ਤੋਂ ਵੱਧ ਪੋਸਟਲ ਵੋਟਾਂ ਨੂੰ ਰੱਦ ਕੀਤਾ ਗਿਆ ਹੈ। ਇਸ ਚੋਣਾਂ ਵਿੱਚ 11 ਹਜਾਰ 863 ਪੋਸਟਲ ਵੋਟਾਂ ਰਿਜੈਕਟ ਹੋਈਆਂ ਸਨ। ਚੋਣ ਕਮਿਸਨ ਮੁਤਾਬਕ ਭਾਵੇਂ ਉਨ੍ਹਾਂ ਦੇ ਰੱਦ ਹੋਣ ਦੇ ਕਈ ਕਾਰਨ ਹਨ ਪਰ ਸਭ ਤੋਂ ਅਹਿਮ ਕਾਰਨ ਵੋਟਰਾਂ ਨੂੰ ਪੋਸਟਲ ਵੋਟਿੰਗ ਸਬੰਧੀ ਸਹੀ ਜਾਣਕਾਰੀ ਨਾ ਹੋਣਾ ਹੈ। ਹੁਣ ਲੋਕ ਸਭਾ ਚੋਣਾਂ 1 ਜੂਨ ਨੂੰ ਹੋਣੀਆਂ ਹਨ। ਵੋਟ ਪਾਉਣਾ ਹਰ ਨਾਗਰਿਕ ਦਾ ਅਧਿਕਾਰ ਹੈ ਅਤੇ ਜਰੂਰੀ ਵੀ ਹੈ। ਇਸ ਲਈ ਪੋਸਟਲ ਵੋਟ ਕਿਵੇਂ ਪਾਉਣੀ ਹੈ, ਹੁਣ ਤੋਂ ਹੀ ਜਾਗਰੂਕ ਹੋ ਜਾਵੋ। ਸਹੀ ਵੋਟ ਪਾਓ ਅਤੇ ਸਹੀ ਦੀ ਚੋਣ ਕਰੋ। ਪੋਸਟਲ ਬੈਲੇਟ ਦੀ ਸ਼ੁਰੂਆਤ 1877 ਵਿੱਚ ਪੱਛਮੀ ਆਸਟ੍ਰੇਲੀਆ ਵਿੱਚ ਪੋਸਟਲ ਬੈਲਟਿੰਗ ਸੁਰੂ ਹੋਈ। ਚੋਣ ਵਿੱਚ ਕੁਝ ਲੋਕ ਜਿਵੇਂ ਚੋਣ ਡਿਊਟੀ 'ਤੇ ਤਾਇਨਾਤ ਫੌਜੀ, ਡਿਊਟੀ 'ਤੇ ਤਾਇਨਾਤ ਮੁਲਾਜਮ, ਦੇਸ ਤੋਂ ਬਾਹਰ ਕੰਮ ਕਰਨ ਵਾਲੇ ਸਰਕਾਰੀ ਅਧਿਕਾਰੀ ਅਤੇ ਪ੍ਰਿਵੇਂਟਿਵ ਡਿਟੇਸ਼ਨ ਵਿੱਚ ਰਹਿ ਰਹੇ ਲੋਕ ਚੋਣਾਂ ਵਿੱਚ ਵੋਟ ਨਹੀਂ ਕਰ ਪਾਂਦੇ, ਇਸ ਲਈ ਚੋਣ ਕਮਿਸਨ ਨੇ ਚੋਣ ਨਿਯਮ 1961 ਦੇ ਨਿਯਮ-23 ਵਿੱਚ ਸੋਧ ਕਰਕੇ ਇਨ੍ਹਾਂ ਲੋਕਾਂ ਨੂੰ ਪੋਸਟਲ ਬੈਲੇਟ ਜਾਂ ਪੋਸਟਲ ਬੈਲੇਟ ਰਾਹੀਂ ਵੋਟ ਪਾਉਣ ਦੀ ਇਜਾਜਤ ਦਿੱਤੀ ਹੈ। ਡਾਕ ਵੋਟ ਪੱਤਰ ਦੀ ਮਦਦ ਨਾਲ ਵੋਟ ਪਾਉਣ ਦੀ ਸਹੂਲਤ ਦਿੱਤੀ ਗਈ ਹੈ। 80 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਅਤੇ ਅਪਾਹਜ ਵਿਅਕਤੀਆਂ ਨੂੰ ਰਜਿਸਟ੍ਰੇਸਨ ਕਰਵਾਉਣੀ ਪੈਂਦੀ ਹੈ। 2009 ਤੋਂ 2019 ਦੀਆਂ ਤਿੰਨ ਲੋਕ ਸਭਾ ਚੋਣਾਂ ਵਿੱਚ ਸਭ ਤੋਂ ਵੱਧ ਪੋਸਟਲ ਵੋਟਾਂ ਰੱਦ ਹੋਣ ਦਾ ਰਿਕਾਰਡ ਖਡੂਰ ਸਾਹਿਬ ਲੋਕ ਸਭਾ ਹਲਕੇ ਦਾ ਹੈ, ਜਿੱਥੇ 2260 ਵੋਟਾਂ ਰੱਦ ਕਰ ਦਿੱਤੀਆਂ ਗਈਆਂ ਹਨ। ਦੂਜਾ ਸਥਾਨ ਬਠਿੰਡਾ ਦਾ ਹੈ। ਇਸ ਲੋਕ ਸਭਾ ਹਲਕੇ ਵਿੱਚ ਹੁਣ ਤੱਕ 2176 ਪੋਸਟਲ ਵੋਟਾਂ ਰੱਦ ਹੋ ਚੁੱਕੀਆਂ ਹਨ। ਭੂਸ਼ਣ ਬਾਂਸਲ ਉੱਪ ਮੁੱਖ ਚੋਣ ਅਫਸਰ ਪੰਜਾਬ ਨੇ ਕਿਹਾ ਕਿ ਚੋਣਾਂ ਵਿਚ ਕੁਝ ਲੋਕ ਜਿਵੇਂ ਫੌਜੀ ਚੋਣ ਡਿਊਟੀ ਵਿਚ ਤਾਇਨਾਤ ਕਰਮਚਾਰੀ, ਦੇਸ਼ ਦੇ ਬਾਹਰ ਕੰਮ ਕਰਨ ਵਾਲੇ ਸਰਕਾਰੀ ਅਧਿਕਾਰੀ ਵੋਟਿੰਗ ਨਹੀਂ ਕਰ ਸਕਦੇ ਹਨ, ਇਸੇ ਕਰਕੇ ਚੋਣ ਕਮਿਸ਼ਨ ਨੇ ਇਨ੍ਹਾਂ ਲੋਕਾਂ ਨੂੰ ਚੋਣਾਂ ਵਿਚ ਪੋਸਟਲ ਬੈਲੇਟ ਸੀ, ਡਾਕ ਵੋਟ ਪੱਤਰ ਦੀ ਮਦਦ ਨਾਲ ਵੋਟ ਪਾਉਣ ਦੀ ਸਹੂਲਤ ਦਿੱਤੀ ਹੈ। ਵੋਟ ਰਿਜੈਕਟ ਹੋਣ ਦੇ ਕਈ ਕਾਰਨ ਹਨ, ਕਿਸੇ ਨੇ ਫਾਰਮ 'ਤੇ ਟਿੱਕ ਠੀਕ ਢੰਗ ਨਾਲ ਨਹੀਂ ਲਗਾਇਆ ਹੁੰਦਾ। ਕਈ ਨਾਮ ਲਿਖ ਦਿੰਦੇ ਹਨ। ਕਿਸੇ ਨੇ ਅੰਗੂਠਾ ਲਗਾਇਆ ਹੁੰਦਾ ਹੈ। ਕਿਸੇ ਦੀ ਜਗ੍ਹਾ 'ਤੇ ਗਲਤ ਵੋਟਿੰਗ ਕੀਤੀ ਗਈ ਹੁੰਦੀ ਹੈ। ਇਹ ਸਾਰੇ ਕਾਰਨ ਪੋਸਟਲ ਵੋਟ ਦੇ ਰਿਜੈਕਟ ਹੋਣ ਦੇ ਹੋ ਸਕਦੇ ਹਨ।

## ਚੋਣ ਜਾਬਤੇ ਦੌਰਾਨ ਲੱਖਾਂ ਰੁਪਿਆਂ ਨਾਲ ਭਰੀ ਕਾਰ ਛੱਡ ਭੱਜੇ ਨੌਜਵਾਨ, ਪਿੱਛੇ ਲੱਗੀ ਹੋਈ ਸੀ ਪੁਲਸ

ਜਗਰਾਓਂ, 20 ਮਾਰਚ : ਲੋਕ ਸਭਾ ਚੋਣਾਂ ਦੇ ਮੱਦੇਨਜਰ ਚੋਣ ਕਮਿਸਨ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਤਹਿਤ ਵਿਸੇਸ ਨਾਕਾਬੰਦੀ ਕਰਕੇ ਵਾਹਨਾਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ। ਇਸ ਦੇ ਮੱਦੇਨਜਰ ਦਿਹਾਤੀ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ, ਜਦੋਂ ਟ੍ਰੈਫਿਕ ਪੁਲਸ ਅਤੇ ਥਾਣਾ ਸਿਟੀ ਪੁਲਸ ਦੀਆਂ ਟੀਮਾਂ ਨੇ ਨਾਕੇਬੰਦੀ ਦੌਰਾਨ ਇੱਕ ਵਰਨਾ ਕਾਰ 'ਚੋਂ ਲੱਖਾਂ ਰੁਪਏ ਦੀ ਨਕਦੀ ਬਰਾਮਦ ਕੀਤੀ। ਥਾਣਾ ਸਿਟੀ ਜਗਰਾਓਂ ਵਿਖੇ ਕੀਤੀ ਗਈ ਪ੍ਰੈੱਸ ਵਾਰਤਾ ਦੌਰਾਨ ਜਾਣਕਾਰੀ ਸਾਂਝੀ ਕਰਦਿਆਂ ਡੀ. ਐੱਸ. ਪੀ. ਮਨਜੀਤ ਸਿੰਘ ਰਾਣਾ ਨੇ ਦੱਸਿਆ ਕਿ ਨਾਕੇਬੰਦੀ ਦੌਰਾਨ ਪੁਲਸ ਟੀਮ ਨੂੰ ਸ਼ਾਮ ਦੇ ਸਮੇਂ ਮੋਗਾ ਸਾਈਡ ਤੋਂ ਇੱਕ ਵਰਨਾ ਕਾਰ ਆਉਂਦੀ ਦਿਖਾਈ ਦਿੱਤੀ। ਇਸ ਕਾਰ ਨੂੰ ਨਾਕੇ 'ਤੇ ਮੌਜੂਦ ਪੁਲਸ ਮੁਲਾਜਮਾਂ ਨੇ ਰੁਕਣ ਦਾ ਇਸਾਰਾ ਕੀਤਾ ਪਰ ਕਾਰ ਸਵਾਰ ਬੜੀ ਤੇਜ ਰਫਤਾਰ ਨਾਲ ਕਾਰ ਨਾਕੇ ਤੋਂ ਭਜਾ ਕੇ ਸਿੱਧਵਾਂ ਬੇਟ ਰੋਡ ਵੱਲ ਲੈ ਗਏ। ਜਦੋਂ ਪੁਲਸ ਨੇ ਕਾਰ ਸਵਾਰਾਂ ਦਾ ਪਿੱਛਾ ਕੀਤਾ ਤਾਂ ਉਹ ਕੁੱਝ ਹੀ ਦੂਰੀ 'ਤੇ ਆਪਣੀ ਕਾਰ ਛੱਡ ਕੇ ਮੌਕੇ ਤੋਂ ਭੱਜ ਗਏ। ਬਾਜਾਰ 'ਚ ਭੀੜ ਜ਼ਿਆਦਾ ਹੋਣ ਕਾਰਨ ਕਾਰ ਸਵਾਰ ਮੌਕੇ ਤੋਂ ਭੱਜਣ 'ਚ ਕਾਮਯਾਬ ਹੋ ਗਏ। ਡੀ. ਐੱਸ. ਪੀ. ਨੇ ਦੱਸਿਆ ਕਿ ਜਦੋਂ ਪੁਲਸ ਵੱਲੋਂ ਕਾਰ ਦੀ ਤਲਾਸੀ ਲਈ ਗਈ ਤਾਂ ਕਾਰ ਵਿੱਚੋਂ ਭਾਰਤੀ ਕਰੰਸੀ ਬਰਾਮਦ ਹੋਈ। ਇਸ ਸਬੰਧੀ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ।

## ਪੁਲਸ ਹਿਰਾਸਤ 'ਚ ਕੁੜੀ ਦੀ ਮੌਤ ਦਾ ਮਾਮਲਾ : ਹਾਈ ਕੋਰਟ ਵਲੋਂ ਸੀ. ਬੀ. ਆਈ. ਜਾਂਚ ਦੇ ਹੁਕਮ

ਚੰਡੀਗੜ੍ਹ, 20 ਮਾਰਚ : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੀ. ਬੀ. ਆਈ. ਨੂੰ 2017 'ਚ ਪੰਜਾਬ ਪੁਲਸ ਦੀ ਹਿਰਾਸਤ 'ਚ ਕਥਿਤ ਤਸ਼ੱਦਦ ਕਾਰਨ ਇਕ ਕੁੜੀ ਦੀ ਮੌਤ ਦੇ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਹੈ। ਇਹ ਪਟੀਸ਼ਨ ਮ੍ਰਿਤਕਾ ਦੇ ਮੰਗੇਤਰ ਵਲੋਂ ਦਾਇਰ ਕੀਤੀ ਗਈ ਸੀ, ਜਿਸ ਨੇ ਦੋਸ਼ ਲਾਇਆ ਸੀ ਕਿ ਲੁਧਿਆਣਾ ਦੇ ਦੁੱਗਰੀ ਥਾਣੇ 'ਚ ਦਰਜ ਹੋਏ ਧੋਖਾਧੜੀ ਨਾਲ ਸਬੰਧਤ ਇਕ ਮਾਮਲੇ ਦੀ ਜਾਂਚ ਲਈ ਉਸ ਨੂੰ ਤੇ ਰਮਨਦੀਪ ਕੌਰ ਨੂੰ ਪੁਲਸ ਹਿਰਾਸਤ 'ਚ ਲਿਆ ਗਿਆ ਸੀ। ਪੁੱਛਗਿੱਛ ਦੌਰਾਨ ਰਮਨਦੀਪ ਨੂੰ ਇੰਨੇ ਤਸੀਹੇ ਦਿੱਤੇ ਗਏ ਕਿ ਉਸ ਦੀ ਮੌਤ ਹੋ ਗਈ। ਇਸ ਤੋਂ ਬਾਅਦ ਉਸ ਨੇ 2017 'ਚ ਹਾਈ ਕੋਰਟ ਦਾ ਬੂਹਾ ਖੜਕਾਇਆ ਤੇ ਅਦਾਲਤ ਨੇ ਡੀ. ਜੀ. ਪੀ. ਨੂੰ ਮਾਮਲੇ ਦੀ ਜਾਂਚ ਲਈ ਐੱਸ. ਆਈ. ਟੀ. ਗਠਿਤ ਕਰਨ ਦੇ ਨਿਰਦੇਸ਼ ਦਿੱਤੇ। ਪਟੀਸ਼ਨਕਰਤਾ ਨੇ ਦਾਅਵਾ ਕੀਤਾ ਕਿ ਪੁਲਸ ਨੇ ਉਸ ਦੇ ਮਾਪਿਆਂ ਤੇ ਰਿਸ਼ਤੇਦਾਰਾਂ ਦਾ ਇੰਤਜ਼ਾਰ ਕੀਤੇ ਬਿਨਾਂ ਰਮਨਦੀਪ ਕੌਰ ਦਾ ਸਸਕਾਰ ਕਰ ਦਿੱਤਾ, ਜਦਕਿ ਮੈਜਿਸਟ੍ਰੇਟ ਸਾਹਮਣੇ ਪਟੀਸ਼ਨਰ ਨੇ ਕਿਹਾ ਸੀ ਕਿ ਰਮਨਦੀਪ ਦਾ ਕੋਈ ਜ਼ਿੰਦਾ ਕਾਨੂੰਨੀ ਸਰਪ੍ਰਸਤ ਨਹੀਂ ਹੈ। ਅਦਾਲਤ ਨੇ ਕਿਹਾ ਕਿ ਹੁਕਮਾਂ ਤਹਿਤ ਗਠਿਤ ਹੋਣ ਦੇ ਬਾਵਜੂਦ ਐੱਸ. ਆਈ. ਟੀ. ਨੇ ਅਹਿਮ ਸਵਾਲਾਂ ਨੂੰ ਨਜ਼ਰਅੰਦਾਜ਼ ਕੀਤਾ, ਜੋ ਇਸ ਮਾਮਲੇ ਦੀ ਨਿਰਪੱਖ ਜਾਂਚ ਲਈ ਜ਼ਰੂਰੀ ਹਨ। ਅਦਾਲਤ ਮੁਕੁਲ ਗਰਗ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਅਦਾਲਤ ਨੇ ਕਿਹਾ ਕਿ ਸਾਰੇ ਪੁਲਸ ਅਧਿਕਾਰੀਆਂ ਨੇ ਮ੍ਰਿਤਕਾ ਦੇ ਗੁੱਟ 'ਤੇ ਲੱਗੇ ਕੱਟ ਦੇ ਨਿਸ਼ਾਨਾਂ ਬਾਰੇ ਕੋਈ ਜਾਣਕਾਰੀ ਨਾ ਹੋਣ ਦੀ ਗੱਲ ਕਹੀ, ਜਦਕਿ ਸੱਜੇ ਗੁੱਟ 'ਤੇ ਲਗਭਗ ਦੋ-ਦੋ ਇੰਚ ਦੇ ਦੋ ਕੱਟ ਸਨ। ਖੱਬੇ ਹੱਥ ਦੇ ਗੁੱਟ 'ਤੇ ਜ਼ਖ਼ਮ ਸੀ। ਹੈਰਾਨੀ ਦੀ ਗੱਲ ਹੈ ਕਿ ਡਿਊਟੀ 'ਤੇ ਮੌਜੂਦ ਕਿਸੇ ਵੀ ਪੁਲਸ ਮੁਲਾਜ਼ਮ ਨੇ ਖ਼ੂਨ ਤੇ ਕੱਟ ਦੇ ਨਿਸ਼ਾਨ ਨਹੀਂ ਦੇਖੇ। ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਐੱਸ. ਆਈ. ਟੀ. ਕਿਤੇ ਨਾ ਕਿਤੇ ਢਿੱਲ ਵਰਤ ਰਹੀ ਹੈ। ਸਿੱਟੇ ਵਜੋਂ ਲੋਕਾਂ ਦਾ ਭਰੋਸਾ ਬਣਾਈ ਰੱਖਣ ਲਈ ਇਕ ਸਮਰੱਥ ਜਾਂਚ ਏਜੰਸੀ ਰਾਹੀਂ ਸੱਚੇ ਤੱਥਾਂ ਦਾ ਪਤਾ ਲਾਉਣ ਦੀ ਲੋੜ ਹੈ।



## ਡੈੱਡਲਾਈਨ ਹੋਈ ਖਤਮ, ਹੁਣ ਸਰਕਾਰੀ ਪ੍ਰਾਪਰਟੀ 'ਤੇ ਸਿਆਸੀ ਹੋਰਡਿੰਗ ਲਗਾਉਣ 'ਤੇ ਹੋਵੇਗੀ ਸਖਤ ਕਾਰਵਾਈ

ਲੁਧਿਆਣਾ, 20 ਮਾਰਚ : ਲੋਕਸਭਾ ਚੋਣ ਦੇ ਲਈ ਕੋਡ ਆਫ ਕੰਡਕਟ ਲਾਗੂ ਹੋਣ ਦੇ ਬਾਅਦ ਨਾਜਾਇਜ਼ ਤੌਰ 'ਤੇ ਲੱਗੇ ਸਿਆਸੀ ਹੋਰਡਿੰਗ ਹਟਾਉਣ ਦੇ ਲਈ ਚੋਣ ਕਮਿਸ਼ਨ ਵਲੋਂ ਜੋ 72 ਘੰਟੇ ਦੀ ਡੈੱਡਲਾਈਨ ਦਿੱਤੀ ਗਈ ਸੀ, ਉਹ ਮੰਗਲਵਾਰ ਸ਼ਾਮ ਨੂੰ ਖਤਮ ਹੋ ਗਈ ਹੈ। ਇਸ ਤੋਂ ਬਾਅਦ ਸਰਕਾਰੀ ਪ੍ਰਾਪਰਟੀ 'ਤੇ ਸਿਆਸੀ ਹੋਰਡਿੰਗ ਲਗਾਉਣ ਵਾਲਿਆਂ 'ਤੇ ਕੇਸ ਦਰਜ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਵਲੋਂ 16 ਮਾਰਚ ਦੁਪਹਿਰ ਨੂੰ ਲੋਕਸਭਾ ਚੋਣਾਂ ਦੇ ਸ਼ੈਡਿਊਲ ਦੀ ਘੋਸ਼ਣਾ ਕਰਨ ਦੇ ਕੁਝ ਦੇਰ ਬਾਅਦ ਹੀ ਨਗਰ ਨਿਗਮ ਦੀਆਂ ਟੀਮਾਂ ਫੀਲਡ ਵਿਚ ਉਤਰ ਗਈਆਂ ਸਨ, ਜਿਨ੍ਹਾਂ ਵੱਲੋਂ ਚਾਰੇ ਜ਼ੋਨਾਂ ਦੇ ਅਧੀਨ ਆਉਂਦੇ ਇਲਾਕੇ ਵਿਚ ਸਰਕਾਰੀ ਬਿਲਡਿੰਗਾਂ, ਖੰਭਿਆਂ, ਪੁਲਾਂ ਆਦਿ 'ਤੇ ਲੱਗੇ ਸਿਆਸੀ ਹੋਰਡਿੰਗ, ਬੈਨਰ, ਪੋਸਟਰ, ਝੰਡੇ ਹਟਾਉਣ ਸਮੇਤ ਵਾਲ ਪੇਂਟਿੰਗ ਖਤਮ ਕਰਨ ਦੀ ਕਾਰਵਾਈ ਕੀਤੀ ਗਈ। ਇਸ ਸਬੰਧ ਵਿਚ ਰਿਪੋਰਟ ਬਣਾ ਕੇ ਚੋਣ ਕਮਿਸ਼ਨ ਨੂੰ ਭੇਜ ਦਿੱਤੀ ਗਈ ਹੈ, ਜਿਸ ਦੇ ਬਾਅਦ ਸਰਕਾਰੀ ਬਿਲਡਿੰਗਾਂ, ਖੰਭਿਆਂ, ਪੁਲਾਂ ਆਦਿ 'ਤੇ ਸਿਆਸੀ ਹੋਰਡਿੰਗ, ਬੈਨਰ, ਪੋਸਟਰ, ਝੰਡੇ ਲਗਾਉਣ ਅਤੇ ਪੇਂਟਿੰਗ ਕਰਨ ਵਾਲਿਆਂ ਦੇ ਖਿਲਾਫ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦੇ ਮੁਤਾਬਕ ਡਿਫੈਸਮੈਂਟ ਆਫ ਪਬਲਿਕ ਪ੍ਰਾਪਰਟੀ ਐਕਟ ਦੇ ਤਹਿਤ ਕੇਸ ਦਰਜ ਕਰਵਾਉਣ ਦੀ ਕਾਰਵਾਈ ਕੀਤੀ ਜਾਵੇਗੀ। ਲੋਕਸਭਾ ਚੋਣਾਂ ਦੇ ਦੌਰਾਨ ਕੋਡ ਆਫ ਕੰਡਕਟ ਨੂੰ ਲੈ ਕੇ ਚੋਣ ਕਮਿਸ਼ਨ ਵਲੋਂ ਜੋ ਨਿਰਦੇਸ਼ ਜਾਰੀ ਕੀਤੇ ਗਏ ਹਨ ਉਨ੍ਹਾਂ ਨੂੰ ਲਾਗੂ ਕਰਨ ਦੇ ਲਈ ਸਬੰਧਤ ਵਿਭਾਗਾਂ ਵਲੋਂ ਕੀਤੀ ਜਾ ਰਹੀ ਕੋਸ਼ਿਸ਼ਾਂ ਦਾ ਰਿਐਲਟੀ ਚੈਕ ਕਰਨ ਦੇ ਲਈ ਹਲਕਾ ਸੈਂਟਰਲ ਦੇ ਏ.ਆਰ.ਓ. ਓਜਸਵੀ ਮੰਗਲਵਾਰ ਨੂੰ ਖੁਦ ਫੀਲਡ ਵਿਚ ਉਤਰੇ। ਉਨਾਂ ਨੇ ਨਗਰ ਨਿਗਮ ਮੁਲਾਜ਼ਮਾਂ ਦੇ ਨਾਲ ਫੀਲਡਗੰਜ ਅਤੇ ਈਸਾ ਨਗਰ ਇਲਾਕੇ ਦਾ ਜਾਇਜਾ ਲਿਆ ਜਿਥੇ ਸਿਆਸੀ ਹੋਰਡਿੰਗ ਹਟਾਉਣ ਨੂੰ ਲੈ ਕੇ ਤਹਿਬਾਜ਼ਾਰੀ ਟੀਮ ਦੇ ਨਾਲ ਭਾਜਪਾ ਨੇਤਾਵਾਂ ਦਾ ਵਿਵਾਦ ਹੋ ਗਿਆ ਸੀ।ਪ੍ਰਾਈਵੇਟ ਬਿਲਡਿੰਗ 'ਤੇ ਸਿਆਸੀ ਹੋਰਡਿੰਗ ਲਗਾਉਣ ਦੇ ਲਈ ਲੈਣੀ ਹੋਵੇਗੀ ਮਾਲਕ ਦੀ ਸਹਿਮਤੀ ਸਰਕਾਰੀ ਪ੍ਰਾਪਰਟੀ 'ਤੇ ਲੱਗੇ ਸਿਆਸੀ ਹੋਰਡਿੰਗ ਹਟਾਉਣ ਦੇ ਬਾਅਦ ਨਗਰ ਨਿਗਮ ਦੀਆਂ ਟੀਮਾਂ ਵਲੋਂ ਪ੍ਰਾਈਵੇਟ ਬਿਲਡਿੰਗਾਂ 'ਤੇ ਲੱਗੇ ਸਿਆਸੀ ਹੋਰਡਿੰਗਾਂ ਦੇ ਖਿਲਾਫ ਕਾਰਵਾਈ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਭਾਂਵੇ ਕਿ ਇਸ ਤੋਂ ਪਹਿਲਾ ਸਿਆਸੀ ਪਾਰਟੀਆਂ ਨੂੰ ਪ੍ਰਾਈਵੇਟ ਪ੍ਰਾਪਰਟੀ 'ਤੇ ਹੋਰਡਿੰਗ, ਬੈਨਰ, ਪੋਸਟਰ, ਝੰਡੇ ਲਗਾਉਣ ਦੇ ਲਈ ਬਿਲਡਿੰਗ ਦੇ ਮਾਲਕ ਦੀ ਸਹਿਮਤੀ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਜਮ੍ਹਾ ਕਰਵਾਉਣ ਦੀ ਮੋਹਲਤ ਦਿੱਤੀ ਗਈ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਲੋਕ ਸਭਾ ਚੋਣਾਂ : ਅੰਮ੍ਰਿਤਸਰ 'ਚ ਲਗਾਤਾਰ ਚੌਥੀ ਵਾਰ ਚਿਹਰਾ ਬਦਲੇਗੀ ਭਾਜਪਾ, ਕਾਂਗਰਸ ਵੀ ਪਿੱਛੇ ਨਹੀਂ

ਲੁਧਿਆਣਾ, 20 ਮਾਰਚ : ਅਮਰੀਕਾ 'ਚ ਭਾਰਤ ਦੇ ਸਾਬਕਾ ਰਾਜਦੂਤ ਤਰੁਣਜੀਤ ਸਿੰਘ ਸੰਧੂ ਮੰਗਲਵਾਰ ਨੂੰ ਭਾਜਪਾ 'ਚ ਸ਼ਾਮਲ ਹੋ ਗਏ ਹਨ ਅਤੇ ਉਨ੍ਹਾਂ ਨੂੰ ਲੋਕ ਸਭਾ ਚੋਣਾਂ ਦੌਰਾਨ ਅੰਮ੍ਰਿਤਸਰ ਤੋਂ ਟਿਕਟ ਮਿਲਣਾ ਤੈਅ ਮੰਨਿਆ ਜਾ ਰਿਹਾ ਹੈ। ਇਸ ਨਾਲ ਜੁੜਿਆ ਪਹਿਲੂ ਇਹ ਸਾਹਮਣੇ ਆਇਆ ਹੈ ਕਿ ਭਾਜਪਾ ਅੰਮ੍ਰਿਤਸਰ ਤੋਂ ਲਗਾਤਾਰ ਚੌਥੀ ਵਾਰ ਚਿਹਰਾ ਬਦਲਣ ਜਾ ਰਹੀ ਹੈ। ਇਸ ਮਾਮਲੇ 'ਚ ਜੇਕਰ ਲੋਕ ਸਭਾ ਚੋਣਾਂ ਨਾਲ ਸਬੰਧਿਤ ਪਿਛਲੇ 20 ਸਾਲਾਂ ਦੇ ਰਿਕਾਰਡ 'ਤੇ ਨਜ਼ਰ ਮਾਰੀਏ ਤਾਂ 2004 'ਚ ਪਹਿਲੀ ਵਾਰ ਭਾਜਪਾ ਵਲੋਂ ਚੋਣਾਂ ਲੜਨ ਵਾਲੇ ਨਵਜੋਤ ਸਿੱਧੂ ਨੇ ਕਾਂਗਰਸ ਦੇ ਦਿੱਗਜ ਰਘੂਨੰਦਨ ਲਾਲ ਭਾਟੀਆ ਦੀਆਂ ਜੜ੍ਹਾਂ ਉਖਾੜ ਦਿੱਤੀਆਂ ਸਨ। ਇਸ ਤੋਂ ਬਾਅਦ ਹੋਈਆਂ 3 ਲੋਕ ਸਭਾ ਚੋਣਾਂ 'ਚ ਸਿੱਧੂ ਨੇ ਲਗਾਤਾਰ ਜਿੱਤ ਹਾਸਲ ਕੀਤੀ ਪਰ 2014 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੇ ਸਿੱਧੂ ਦੀ ਥਾਂ ਅਰੁਣ ਜੇਤਲੀ ਨੂੰ ਮੈਦਾਨ 'ਚ ਉਤਾਰਿਆ, ਜਿਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਦੇ ਮੁਕਾਬਲੇ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਮਗਰੋਂ ਕੈਪਟਨ ਅਮਰਿੰਦਰ ਸਿੰਘ ਵਲੋਂ



ਅਸਤੀਫਾ ਦੇਣ ਕਾਰਨ 2017 ਦੌਰਾਨ ਹੋਈਆਂ ਲੋਕ ਸਭਾ ਦੀ ਜ਼ਿਮਨੀ ਚੋਣ 'ਚ ਭਾਜਪਾ ਵਲੋਂ ਉਮੀਦਵਾਰ ਬਣਾਏ ਗਏ ਰਾਜਿੰਦਰ ਮੋਹਨ ਸਿੰਘ ਨੂੰ ਕਾਂਗਰਸ ਦੇ ਗੁਰਜੀਤ ਸਿੰਘ ਔਜਲਾ ਤੋਂ ਹਾਰ ਮਿਲੀ। ਇਸ ਤਰ੍ਹਾਂ 2019 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੇ ਫਿਰ ਉਮੀਦਵਾਰ ਬਦਲਿਆ ਅਤੇ ਹਰਦੀਪ ਸਿੰਘ ਪੁਰੀ ਨੂੰ ਟਿਕਟ ਦਿੱਤੀ ਗਈ ਪਰ ਗੁਰਜੀਤ ਸਿੰਘ ਔਜਲਾ ਨੇ ਲਗਾਤਾਰ ਦੂਜੀ ਵਾਰ ਜਿੱਤ ਦਰਜ ਕੀਤੀ। ਹੁਣ ਸਾਬਕਾ ਰਾਜਦੂਤ ਤਰੁਣਜੀਤ ਸਿੰਘ ਸੰਧੂ ਨੂੰ ਸ਼ਾਮਲ ਕਰਕੇ ਸਾਫ ਹੋ ਗਿਆ ਹੈ ਕਿ ਭਾਜਪਾ ਇਕ ਵਾਰ ਫਿਰ ਉਮੀਦਵਾਰ ਬਦਲਣ ਜਾ ਰਹੀ ਹੈ। ਅੰਮ੍ਰਿਤਸਰ ਲੋਕ ਸਭਾ ਸੀਟ 'ਤੇ ਉਮੀਦਵਾਰ ਬਦਲਣ ਦੇ ਮਾਮਲੇ 'ਚ ਕਾਂਗਰਸ ਵੀ ਪਿੱਛੇ ਨਹੀਂ ਹੈ। ਕਾਂਗਰਸ ਵਲੋਂ ਵੀ ਪਿਛਲੇ 20 ਸਾਲਾਂ 'ਚ 4 ਉਮੀਦਵਾਰ ਬਦਲੇ ਗਏ ਹਨ। ਇਨ੍ਹਾਂ 'ਚ 2004 'ਚ ਰਘੂਨੰਦਨ ਲਾਲ ਭਾਟੀਆ ਨੇ ਚੋਣ ਲੜੀ ਸੀ, ਜਦੋਂ ਕਿ 2007 'ਚ ਸੁਰਿੰਦਰ ਸਿੰਗਲਾ ਅਤੇ 2009 'ਚ ਓ. ਪੀ. ਸੋਨੀ ਨੂੰ ਅੰਮ੍ਰਿਤਸਰ ਲੋਕ ਸਭਾ ਸੀਟ ਤੋਂ ਉਮੀਦਵਾਰ ਬਣਾਇਆ ਗਿਆ ਸੀ। ਹਾਲਾਂਕਿ ਇਨ੍ਹਾਂ ਤਿੰਨਾਂ ਨੂੰ ਨਵਜੋਤ ਸਿੰਘ ਸਿੱਧੂ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਬਾਅਦ 2014 'ਚ ਕੈਪਟਨ ਅਮਰਿੰਦਰ ਸਿੰਘ ਨੂੰ ਕਾਂਗਰਸ ਨੇ ਅੰਮ੍ਰਿਤਸਰ ਲੋਕ ਸਭਾ ਸੀਟ ਤੋਂ ਆਪਣਾ ਉਮੀਦਵਾਰ ਬਣਾਇਆ ਅਤੇ 2017 ਅਤੇ 2019 'ਚ ਲਗਾਤਾਰ 2 ਵਾਰ ਮੌਜਦਾ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੂੰ ਟਿਕਟ ਦਿੱਤੀ ਗਈ।

# ਚੋਣਾਂ 'ਚ ਕਾਲੇਧਨ ਦੀ ਵਰਤੋਂ 'ਤੇ ਰੋਕ ਲਾਉਣ ਲਈ ਆਮਦਨ ਵਿਭਾਗ ਸਖਤ, ਬੈਂਕ ਖਾਤਿਆਂ 'ਤੇ ਤਿੱਖੀ ਨਜ਼ਰ

ਚੰਡੀਗੜ੍ਹ, 20 ਮਾਰਚ : ਭਾਰਤੀ ਚੋਣ ਕਮਿਸ਼ਨ ਦੇ ਹੁਕਮਾਂ ਤਹਿਤ ਆਮਦਨ ਟੈਕਸ ਵਿਭਾਗ ਦੇ ਡਾਇਰੈਕਟੋਰੇਟ ਇਨਵੈਸਟੀਗੇਸਨ ਨੇ ਲੋਕ ਸਭਾ ਚੋਣਾਂ-2024 ਵਿਚ ਕਾਲੇ ਧਨ ਦੀ ਵਰਤੋਂ ਨੂੰ ਰੋਕਣ ਲਈ ਵਿਸਥਾਰਤ ਪ੍ਰਬੰਧ ਕੀਤੇ ਹਨ। ਇਸ ਸਬੰਧੀ ਯੂ. ਟੀ. ਚੰਡੀਗੜ੍ਹ ਤੋਂ ਸ਼ਿਕਾਇਤਾਂ ਪ੍ਰਾਪਤ ਕਰਨ ਲਈ ਟੋਲ-ਫਰੀ ਨੰਬਰ (1800-180-2140) ਅਤੇ ਵੱਟਸਐਪ ਨੰਬਰ (98779-82435) ਨਾਲ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ। ਇਹ ਕੰਟਰੋਲ ਰੂਮ ਹਰ ਸਮੇਂ ਚਾਲੂ ਰਹੇਗਾ। ਲੋਕਾਂ ਨੂੰ ਇਸ ਨੰਬਰ 'ਤੇ ਕਾਲ ਕਰਨ ਅਤੇ ਚੋਣ ਪ੍ਰਕਿਰਿਆ ਨੂੰ ਅਣ-ਉੱਚਿਤ ਰੂਪ ਨਾਲ ਪ੍ਰਭਾਵਿਤ ਕਰਨ ਲਈ ਇਸਤੇਮਾਲ ਕੀਤੀ ਜਾਣ ਵਾਲੀ ਨਕਦੀ ਜਾ ਹੋਰ ਮੁੱਲ ਵਾਲੀਆਂ ਵਸਤੂਆਂ ਨਾਲ ਕਾਲ ਕਰਨ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ। ਆਮਦਨ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਚੰਡੀਗੜ੍ਹ ਹਵਾਈ ਅੱਡੇ 'ਤੇ ਏਅਰ ਇੰਟੈਲੀਜੈਂਸ ਯੂਨਿਟ (ਏ. ਆਈ. ਯੂ.) ਤਾਇਨਾਤ ਹੈ, ਜੋ ਹਵਾਈ ਮਾਰਗ ਰਾਹੀਂ ਨਕਦੀ ਦੀ




ਆਵਾਜਾਈ 'ਤੇ ਨਜ਼ਰ ਰੱਖੇਗਾ। ਨਕਦੀ ਦੀ ਆਵਾਜਾਈ ਲਈ ਚਾਰਟਰਡ ਉਡਾਣਾਂ 'ਤੇ ਵੀ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਇਸੇ ਤਰ੍ਹਾਂ ਰੇਲਵੇ ਅਧਿਕਾਰੀਆਂ ਨਾਲ ਤਾਲਮੇਲ ਕਰ ਕੇ ਰੇਲਵੇ ਰਾਹੀਂ ਨਕਦੀ ਦੀ ਆਵਾਜਾਈ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ। ਬੈਂਕ ਖਾਤਿਆਂ ਤੋਂ ਕੁੱਝ ਹੱਦ ਤੋਂ ਵੱਧ ਲੈਣ-ਦੇਣ 'ਤੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਸ਼ੱਕੀ ਲੈਣ-ਦੇਣ ਦੀ ਪਛਾਣ ਕਰਨ ਲਈ ਵੀ ਕਾਰਵਾਈ ਕੀਤੀ ਜਾ ਰਹੀ ਹੈ। ਨਕਦੀ ਲੈਣ-ਦੇਣ ਦੇ ਸਬੰਧ ਵਿਚ ਢੁੱਕਵੀਂ ਕਾਰਵਾਈ ਕਰਨ ਲਈ ਇਨਫੋਰਸਮੈਂਟ ਏਜੰਸੀਆਂ (ਈ. ਡੀ.) ਨਾਲ ਵੀ ਸੰਪਰਕ ਕੀਤਾ ਜਾ ਰਿਹਾ ਹੈ ਜਿਨ੍ਹਾਂ ਨਾਲ ਜਾਣਕਾਰੀਆਂ ਦਾ ਅਦਾਨ-ਪ੍ਰਦਾਨ ਹੋ ਰਿਹਾ ਹੈ। ਡਾਇਰੈਕਟੋਰੇਟ ਉਮੀਦਵਾਰਾਂ ਦੀਆਂ ਜਾਇਦਾਦਾਂ ਅਤੇ ਦੇਣਦਾਰੀਆਂ ਦਾ ਐਲਾਨ ਕਰਨ ਵਾਲੇ ਹਲਫਨਾਮਿਆਂ ਦੀ ਵੀ ਜਾਂਚ ਕਰੇਗਾ ਅਤੇ ਜੇਕਰ ਇਸ ਨਾਲ ਸਬੰਧਿਤ ਕੋਈ ਵੀ ਜਾਣਕਾਰੀ ਲੁਕਾਈ ਜਾਂਦੀ ਹੈ ਤਾਂ ਉਸ ਦੀ ਸੂਚਨਾ ਚੋਣ ਕਮਿਸ਼ਨ ਨੂੰ ਦਿੱਤੀ ਜਾਵੇਗੀ। ਇਸੇ ਤਰ੍ਹਾਂ ਜੇਕਰ ਉਮੀਦਵਾਰਾਂ ਵਲੋਂ ਚੋਣ ਖਰਚੇ ਸਬੰਧੀ ਕੋਈ ਇਤਰਾਜਯੋਗ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਤਾਂ ਉਸ ਦੀ ਸੂਚਨਾ ਚੋਣ ਕਮਿਸ਼ਨ ਨੂੰ ਵੀ ਦਿੱਤੀ ਜਾਵੇਗੀ। ਇਸ ਮਕਸਦ ਲਈ ਕਰੀਬ 36 ਅਧਿਕਾਰੀ ਤੇ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਇਹ ਟੀਮਾਂ ਜ਼ਿਲ੍ਹਾ ਚੋਣ ਅਫਸਰ (ਡੀ. ਈ. ਓ.) ਅਤੇ ਜ਼ਿਲ੍ਹਾ ਕੰਟਰੋਲ ਕੇਂਦਰ ਦੇ ਨਾਲ-ਨਾਲ ਜ਼ਿਲ੍ਹਾ ਪੱਧਰ 'ਤੇ ਹੋਰ ਏਜੰਸੀਆਂ ਨਾਲ ਤਾਲਮੇਲ ਕਰ ਕੇ ਕੰਮ ਕਰਨਗੀਆਂ। ਚੋਣ ਪ੍ਰਕਿਰਿਆ ਦੌਰਾਨ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਸ਼ੱਕੀ ਵਿਅਕਤੀਆਂ, ਸਥਾਨਾਂ ਅਤੇ ਗਤੀਵਿਧੀਆਂ 'ਤੇ ਸਖਤ ਨਿਗਰਾਨੀ ਰੱਖੀ ਜਾ ਰਹੀ ਹੈ।

## ਪੱਛਮੀ ਬੰਗਾਲ ਦੀ ਪੁਲਸ ਦਾ ਲੁਧਿਆਣਾ 'ਚ ਛਾਪਾ: ਨੌਜਵਾਨ ਨੂੰ ਕੀਤਾ ਗ੍ਰਿਫਤਾਰ

ਲੁਧਿਆਣਾ, 20 ਮਾਰਚ :ਏ. ਟੀ. ਐੱਮ. 'ਚੋਂ ਪੈਸੇ ਕੱਢ ਕੇ ਬੈਂਕਾਂ ਨਾਲ ਲੱਖਾਂ ਰੁਪਏ ਦਾ ਫ੍ਰਾਡ ਕਰਨ ਵਾਲੇ ਮੁਲਜ਼ਮ ਨੂੰ ਫੜਨ ਲਈ ਪੱਛਮੀ ਬੰਗਾਲ ਦੀ ਪੁਲਸ ਨੇ ਲੁਧਿਆਣਾ 'ਚ ਛਾਪਾ ਮਾਰਿਆ। ਪੁਲਸ ਨੇ ਥਾਣਾ ਹੈਬੋਵਾਲ ਅਧੀਨ ਆਉਂਦੇ ਚੰਦਰ ਨਗਰ 'ਚ ਛਾਪੇਮਾਰੀ ਕਰ ਕੇ ਜੋਨੀ ਗੋਇਲ ਨਾਂ ਦੇ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ। ਪੱਛਮੀ ਬੰਗਾਲ ਦੀ ਪੁਲਸ ਟੀਮ ਨਾਲ ਸਾਈਬਰ ਸੈੱਲ ਲੁਧਿਆਣਾ ਦੇ ਨਾਲ ਚੌਕੀ ਜਗਤਪੁਰੀ ਦੀ ਪੁਲਸ ਵੀ ਸ਼ਾਮਲ ਰਹੀ।

ਜਾਣਕਾਰੀ ਮੁਤਾਬਕ ਜੋਨੀ ਗੋਇਲ ਖ਼ਿਲਾਫ ਪਹਿਲਾਂ ਵੀ ਏ. ਟੀ. ਐੱਮ. ਮਸ਼ੀਨ ਰਾਹੀਂ ਫ੍ਰਾਡ ਕਰਨ ਦੇ ਕੇਸ ਦਰਜ ਹਨ। ਸਾਲ 2017 'ਚ ਤਤਕਾਲੀ ਪੁਲਸ ਕਮਿਸ਼ਨਰ ਆਰ. ਐੱਨ. ਢੋਕੇ ਦੀ ਅਗਵਾਈ 'ਚ ਬਣੀ ਟੀਮ ਨੇ ਜੋਨੀ ਗੋਇਲ ਨਾਲ ਕੁਝ ਹੋਰ ਨੌਜਵਾਨਾਂ ਨੂੰ ਕਾਬੂ ਕੀਤਾ ਸੀ। ਉਸ ਸਮੇਂ ਪਤਾ ਲੱਗਾ ਸੀ ਕਿ ਇਹ ਲੋਕ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਨਾਂ 'ਤੇ ਵੱਖ-ਵੱਖ ਬੈਂਕਾਂ 'ਚ ਖਾਤੇ ਖੋਲ੍ਹਦੇ ਸਨ ਅਤੇ ਖਾਤਿਆਂ 'ਚ ਨਕਦੀ ਜਮ੍ਹਾ ਕਰਦੇ ਸਨ। ਇਕ ਵਾਰ ਡੈਬਿਟ ਕਾਰਡ ਮਿਲ ਜਾਣ ਤੋਂ ਬਾਅਦ ਉਹ ਏ. ਟੀ. ਐੱਮ. ਨਾਲ ਡੈਬਿਟ ਕਾਰਡ ਦੀ ਵਰਤੋਂ ਕਰ ਕੇ ਨਕਦੀ ਕਢਵਾਉਂਦੇ ਸਨ। ਏ. ਟੀ. ਐੱਮ. ਮਸ਼ੀਨ 'ਚੋਂ ਪੈਸੇ ਨਿਕਲਣ ਤੋਂ ਤੁਰੰਤ ਬਾਅਦ ਮੁਲਜ਼ਮ ਮਸ਼ੀਨ ਬੰਦ ਕਰ ਦਿੰਦੇ ਸਨ। ਕੱਢੀ ਗਈ ਨਕਦੀ ਬੈਂਕ ਦੇ ਰਿਕਾਰਡ 'ਚ ਨਹੀਂ ਆਈ।

## ਸ੍ਰੀ ਹਜ਼ੂਰ ਸਾਹਿਬ ਨੂੰ ਜਾਣ ਵਾਲੀਆਂ ਟ੍ਰੇਨਾਂ ਦਾ ਟਾਈਮ ਟੇਬਲ ਵਧਾਉਣ ਦੀ ਮੰਗ

ਪਟਿਆਲਾ (ਬਿਊਰੋ), 20 ਮਾਰਚ : ਅੱਜ ਜਥੇਦਾਰ ਸੁਖਜੀਤ ਸਿੰਘ ਬਘੌਰ ਨੇ ਸ੍ਰੀ ਹਜ਼ੂਰ ਸਾਹਿਬ ਤੋਂ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਤਖਤ ਸਚਖੰਡ ਹਜ਼ੂਰ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ ਨਾਂਦੇੜ ਨੂੰ ਰੇਲਵੇ ਵਿਭਾਗ ਵੱਲੋਂ ਇੱਕ ਟਾਈਮ ਹੋਰ ਵਧਾਉਣ ਦੀ ਮੰਗ ਕੀਤੀ ਗਈ ਹੈ। ਇਸ ਦੀ ਜਾਣਕਾਰੀ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰੈਸ ਸਕੱਤਰ ਭਾਰਤੀ ਕਿਸਾਨ ਯੂਨੀਅਨ ਪੰਜਾਬ ਨੇ ਪ੍ਰੈਸ ਨਾਲ ਸਾਂਝੀ ਕਰਨ ਉਪਰੰਤ ਕਿਹਾ ਇਸ ਦੇ ਸਬੰਧਤ ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਜਾਬ ਦੇ ਮੈਂਬਰ ਪਾਰਲੀਮੈਂਟ ਵਲੋਂ ਵੀ ਰੇਲਵੇ ਵਿਭਾਗ ਨੂੰ ਲਿਖਿਆ ਗਿਆ ਸੀ ਪਰ ਰੇਲਵੇ ਵਿਭਾਗ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ। ਇਸ ਤੋਂ ਇਲਾਵਾ ਗੁਰਦੁਆਰਾ ਸਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਦੇ ਪ੍ਰਸਾਸਕ ਡਾਕਟਰ ਵਿਜੇ ਸਤਬੀਰ ਸਿੰਘ ਜੀ ਨਾਲ ਇੱਕ ਵਿਸੇਸ ਮੁਲਾਕਾਤ ਕਰਦੇ ਹੋਏ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰੈਸ ਸਕੱਤਰ ਭਾਰਤੀ ਕਿਸਾਨ ਯੂਨੀਅਨ ਨੇ ਕਿਹਾ ਕਿ ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਦਰਸਨਾਂ ਲਈ ਸੰਗਤਾਂ ਦੀ ਆਵਾਜਾਈ ਬਹੁਤ ਵਧ ਗਈ ਹੈ। ਜਿਸ ਕਰਕੇ ਸੰਗਤਾਂ ਨੂੰ ਟਿਕਟਾਂ ਮਿਲਣ 'ਚ ਭਾਰੀ ਦਿੱਕਤ ਪੇਸ ਆ ਰਹੀ ਹੈ। ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਕਿ ਟਿਕਟਾਂ ਨਾਂ ਮਿਲਣ ਕਰਕੇ ਬਹੁਤ ਸਾਰੀਆਂ ਸੰਗਤਾਂ ਸਚਖੰਡ ਦੇ ਦਰਸਨਾਂ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਸਚਖੰਡ ਸ੍ਰੀ ਹਜ਼ੂਰ ਸਾਹਿਬ ਨੂੰ ਸੰਗਤਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਇੱਕ ਟ੍ਰੇਨ ਹੋਰ ਚਲਾਉਣ ਦੀ ਮੰਗ ਪ੍ਰਤੀ ਗੁਰਦੁਆਰਾ ਸਚਖੰਡ ਬੋਰਡ ਗੁਰਦੁਆਰਾ ਸ੍ਰੀ ਲੰਗਰ ਸ੍ਰੀ ਸਾਹਿਬ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੀ ਮੰਗ ਕੀਤੀ ਗਈ ਹੈ। ਜਥੇਦਾਰ ਸੁਖਜੀਤ ਸਿੰਘ ਬਘੌਰਾ ਵਲੋਂ ਜੋ ਪੱਤਰ ਵਿਹਾਰ ਦਿੱਲੀ ਵਿਖੇ ਰੇਲਵੇ ਵਿਭਾਗ ਨੂੰ ਦਿਤੇ ਗਏ ਹਨ, ਇਨ੍ਹਾਂ ਦੀ ਜਾਣਕਾਰੀ ਗੁਰਦੁਆਰਾ ਸਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਮੁੱਖ ਪ੍ਰਬੰਧਕ ਡਾਕਟਰ ਵਿਜੇ ਸਤਬੀਰ ਸਿੰਘ ਨੂੰ ਸੌਂਪ ਦਿਆਂ ਮੰਗ ਕੀਤੀ ਗਈ ਹੈ। ਇਸ ਸਬੰਧੀ ਰੇਲਵੇ ਵਿਭਾਗ ਦੇ ਹਾਈ ਲੈਵਲ ਦੇ ਉੱਚ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰਕੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਨੂੰ ਜਾਣ ਵਾਲੀ ਟ੍ਰੇਨ ਦੇ ਰੂਟ ਵਧਾਉਣ ਦੀ ਲੋੜ 'ਤੇ ਜੋਰ ਦਿੱਤਾ ਜਾਵੇ। ਇਸ ਤੋਂ ਇਲਾਵਾ ਜੋ ਟ੍ਰੇਨ ਸ੍ਰੀ ਗੰਗਾਨਗਰ ਰਾਜਸਥਾਨ ਤੋਂ ਹਜ਼ੂਰ ਸਾਹਿਬ ਨਾਂਦੇੜ ਨੂੰ ਚਲਦੀਆਂ ਹਨ।

## ਭੂਆ ਦੇ ਪੁੱਤ ਦੀ ਪਤਨੀ ਨਾਲ ਕੀਤਾ ਰੇਪ, ਅਸ਼ਲੀਲ ਵੀਡੀਓ ਬਣਾ ਕੇ ਭੇਜੀ ਪਤੀ ਨੂੰ

ਭਵਾਨੀਗੜ੍ਹ, 20 ਮਾਰਚ : ਭਵਾਨੀਗੜ੍ਹ 'ਚ ਰਿਸਤਿਆਂ ਨੂੰ ਸਰਮਸਾਰ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਵਿਅਕਤੀ ਨੇ ਆਪਣੀ ਭੂਆ ਦੇ ਪੁੱਤ ਦੀ ਪਤਨੀ ਨੂੰ ਡਰਾ ਧਮਕਾ ਕੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਤੇ ਉਸ ਦੀ ਇਤਰਾਜਯੋਗ ਵੀਡੀਓ ਬਣਾ ਕੇ ਮਹਿਲਾ ਦੇ ਪਤੀ ਨੂੰ ਭੇਜ ਦਿੱਤੀ। ਮਾਮਲੇ ਸਬੰਧੀ ਪੁਲਸ ਨੇ ਮਹਿਲਾ ਦੀ ਸ਼ਿਕਾਇਤ 'ਤੇ ਦੋਸੀ ਖ਼ਿਲਾਫ ਮੁਕੱਦਮਾ ਦਰਜ ਕਰਕੇ ਕਾਰਵਾਈ ਸੁਰੂ ਕਰ ਦਿੱਤੀ ਹੈ। ਫਿਲਹਾਲ ਦੋਸੀ ਦੀ ਗ੍ਰਿਫਤਾਰੀ ਹੋਣੀ ਅਜੇ ਬਾਕੀ ਹੈ। ਪੀੜਤ ਔਰਤ ਨੇ ਸਥਾਨਕ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦਾ ਵਿਆਹ 2006 ਵਿਚ ਭਵਾਨੀਗੜ੍ਹ ਨੇੜਲੇ ਇਕ ਪਿੰਡ ਵਿਚ ਹੋਇਆ ਸੀ। ਉਸਦੇ ਪਤੀ ਦੇ ਮਾਮੇ ਦਾ ਲੜਕਾ ਰਣਜੀਤ ਸਿੰਘ ਪ੍ਰਾਈਵੇਟ ਇੰਜੀਨੀਅਰ ਹੈ ਅਤੇ ਸੰਗਰੂਰ ਵਿਖੇ ਇਕ ਨਿੱਜੀ ਕੰਪਨੀ ਵਿਚ ਕੰਮ ਕਰਦਾ ਹੈ। ਮਹਿਲਾ ਅਨੁਸਾਰ ਰਣਜੀਤ ਸਿੰਘ ਪਿਛਲੇ 4 ਮਹੀਨਿਆਂ ਤੋਂ ਉਨ੍ਹਾਂ ਦੇ ਘਰ ਰਹਿਣ ਲੱਗਾ ਸੀ ਅਤੇ ਇਸੇ ਦੌਰਾਨ ਜਦੋਂ ਉਸ ਦਾ ਪਤੀ ਕੰਮ 'ਤੇ ਗਿਆ ਹੋਇਆ ਸੀ ਅਤੇ ਬੱਚੇ ਵੀ ਸਕੂਲ ਗਏ ਹੋਏ ਸਨ ਤਾਂ ਰਣਜੀਤ ਸਿੰਘ ਤੇ ਉਹ ਘਰ 'ਚ ਇਕੱਲੇ ਮੌਜੂਦ ਸਨ। ਇਸ ਦੌਰਾਨ ਰਣਜੀਤ ਨੇ ਉਸ ਨੂੰ ਡਰਾ ਧਮਕਾ ਕੇ ਉਸਦੀ ਮਰਜੀ ਦੇ ਖਿਲਾਫ ਉਸ ਨਾਲ ਸਰੀਰਕ ਸਬੰਧ ਬਣਾਏ ਤੇ ਉਸ ਨਾਲ ਬਲਾਤਕਾਰ ਕੀਤਾ।

## 'ਆਪ' ਦਾ ਪਹਿਲਾ ਬਿਆਨ, ਸਿਹਤ ਮੰਤਰੀ ਨੇ ਕਹੀ ਇਹ ਗੱਲ

ਚੰਡੀਗੜ੍ਹ, 20 ਮਾਰਚ : ਮਰਹੂਮ ਪੰਜਾਬੀ ਗਾਇਕ ਸ਼ੁੱਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ ਦੇ ਮਾਪਿਆਂ ਘਰ ਪੁੱਤਰ ਦਾ ਜਨਮ ਹੋਇਆ ਹੈ। ਮਰਹੂਮ ਗਾਇਕ ਦੀ ਮਾਤਾ ਚਰਨ ਕੌਰ ਨੇ 58 ਸਾਲ ਦੀ ਉਮਰ ਵਿਚ ਰਾਹੀਂ ਬੱਚੇ ਨੂੰ ਜਨਮ ਦਿੱਤਾ ਹੈ। ਇਸ ਵਿਚਾਲੇ ਕੇਂਦਰ ਸਰਕਾਰ ਨੇ ਇਕ ਨੋਟਿਸ ਜਾਰੀ ਕਰ ਕੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਹੈ। ਕੇਂਦਰ ਸਰਕਾਰ ਮੁਤਾਬਕ 2021 ਦੇ ਸੈਕਸ਼ਨ 21 (ਜੀ) (ਆਈ) ਅਨੁਸਾਰ, ਸਰਵਿਸ ਲੈਣ ਲਈ ਉਮਰ ਦੀ ਸੀਮਾਂ 21 ਤੋਂ 50 ਸਾਲ ਤੱਕ ਹੈ। ਇਸ ਚਿੱਠੀ ਰਾਹੀਂ ਉਨ੍ਹਾਂ ਕਿਹਾ ਕਿ ਸੰਬਧਿਤ ਵਿਭਾਗ ਇਸ ਮਾਮਲੇ ਦੀ ਜਾਂਚ ਕਰਕੇ ਅਤੇ ਇਸ ਮਾਮਲੇ 'ਚ ਕੀ ਐਕਸ਼ਨ ਲਿਆ ਹੈ ਉਸ ਦੀ ਰਿਪੋਰਟ ਕੇਂਦਰ ਸਰਕਾਰ ਦੇ ਪਰਿਵਾਰ ਭਲਾਈ ਵਿਭਾਗ ਨੂੰ ਭੇਜੇ। ਇਸ ਨੂੰ ਲੈ ਕੇ ਪੰਜਾਬ ਦੇ ਸਿਹਤ ਮੰਤਰੀ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਬਲਕੌਰ ਸਿੰਘ ਅਤੇ ਚਰਨ ਕੌਰ ਨੂੰ ਲੱਖ-ਲੱਖ ਵਧਾਈਆਂ ਦਿੰਦਿਆਂ ਕਿਹਾ ਹੈ ਕਿ ਸਾਡੇ ਵੱਲੋਂ ਉਨ੍ਹਾਂ ਨੂੰ ਬਿਲਕੁੱਲ ਪਰੇਸ਼ਾਨ ਨਹੀਂ ਕੀਤਾ ਜਾਵੇਗਾ। ਉਕਤ ਚਿੱਠੀ ਕੇਂਦਰ ਸਰਕਾਰ ਨੇ ਭੇਜੀ ਹੈ। ਕੇਂਦਰ ਸਰਕਾਰ ਲੂੰਬੜ ਚਾਲਾਂ ਚੱਲ ਰਹੀ ਹੈ, ਉਨ੍ਹਾਂ ਦੀ ਸੋਚ ਘਟੀਆ ਹੈ। ਉਨ੍ਹਾਂ ਭਰੋਸਾ ਦਵਾਇਆ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਬਿਲਕੁੱਲ ਵੀ ਪਰੇਸ਼ਾਨ ਨਹੀਂ ਕੀਤਾ ਜਾਵੇਗਾ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਵੱਲੋਂ ਸੋਸ਼ਲ ਮੀਡੀਆ ਰਾਹੀਂ ਵੀ ਸਪਸ਼ਟੀਕਰਨ ਦਿੱਤਾ ਗਿਆ ਹੈ। ਉਨ੍ਹਾਂ ਟਵੀਟ ਕੀਤਾ ਹੈ ਕਿ, "ਦਰਅਸਲ ਪੰਜਾਬ ਸਰਕਾਰ ਤੋਂ ਸਿੱਧੂ ਮੂਸੇਵਾਲਾ ਦੇ ਮਾਤਾ ਜੀ ਸਰਦਾਰਨੀ ਚਰਨ ਕੌਰ ਦੇ ਆਈ.ਵੀ.ਐਫ. ਇਲਾਜ ਦੀ ਰਿਪੋਰਟ ਦੀ ਮੰਗ, ਕੇਂਦਰ ਦੀ ਸਰਕਾਰ ਵੱਲੋਂ ਕੀਤੀ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਪੰਜਾਬੀਆਂ ਦੀਆਂ ਭਾਵਨਾਵਾਂ, ਉਨ੍ਹਾਂ ਦੇ ਜਜ਼ਬਾਤਾਂ ਦਾ ਦਿਲੋਂ ਸਨਮਾਨ ਕਰਦੇ ਹਨ, ਪਰ ਇਨ੍ਹਾਂ ਕਾਗਜਾਤਾਂ ਦੀ ਮੰਗ ਕੇਂਦਰ ਸਰਕਾਰ ਵੱਲੋਂ ਕੀਤੀ ਗਈ ਹੈ। ਸਮੂਹ ਪੰਜਾਬੀਆਂ ਅਤੇ ਸਿੱਧੂ ਮੂਸੇਵਾਲਾ ਦੇ ਪਰਿਵਾਰ ਦੇ ਸ਼ੁਭਚਿੰਤਕਾਂ ਨੂੰ ਅਪੀਲ ਹੈ ਕਿ ਉਹ ਅਫਵਾਹਾਂ ਤੋਂ ਸੁਚੇਤ ਰਹਿਣ।" ਇਸ ਦੇ ਨਾਲ ਹੀ ਕੇਂਦਰ ਵੱਲੋਂ ਜਾਰੀ ਪੱਤਰ ਵੀ ਸਾਂਝਾ ਕੀਤਾ ਗਿਆ ਹੈ।

ਦਰਅਸਲ ਪੰਜਾਬ ਸਰਕਾਰ ਤੋਂ ਸਿੱਧੂ ਮੂਸੇਵਾਲਾ ਦੇ ਮਾਤਾ ਜੀ ਸਰਦਾਰਨੀ ਚਰਨ ਕੌਰ ਦੇ ਆਈ.ਵੀ.ਐਫ. ਇਲਾਜ ਦੀ ਰਿਪੋਰਟ ਦੀ ਮੰਗ, ਕੇਂਦਰ ਦੀ '4 ਸਰਕਾਰ ਵੱਲੋਂ ਕੀਤੀ ਗਈ ਹੈ।


## ਹੋਲੀ ਵਿਸ਼ੇਸ਼ ਰੇਲਗੱਡੀਆਂ ਦੀ ਗਿਣਤੀ ਵਿਚ ਵਾਧਾ

ਰੇਲਯਾਤਰੀਆਂ ਦੀ ਸੁਵਿਧਾ ਦੇ ਲਈ ਹੋਲੀ ਸੀਜਨ ਦੇ ਦੋਰਾਨ ਉੱਤਰ ਰੇਲਵੇ ਦੁਵਾਰਾ ਹੇਠਾ ਲਿਖੀ ਹੋਲੀ ਤਿਓਹਾਰ ਵਿਸ਼ੇਸ਼ ਰੇਲਗੱਡੀਆਂ ਦਾਸੰਚਾਲਨ ਕੀਤਾ ਜਾਵੇਗਾ, ਜਿਨ੍ਹਾਂ ਦਾ ਪੂਰਾ ਵੇਰਵਾ ਹੇਠਾ ਅਨੁਸਾਰ ਹੈ:-

| ਗੱਡੀ ਨੰ: | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਚਲਨ ਦੇ ਦਿਨ | ਸਮਾਂ | ਠਹਿਰਾਵ |
|---|---|---|---|---|---|---|---|
| 01053 | ਲੋਕਮਾਨਯ ਤਿਲਕ (ਟ੍ਰਮਿ.) | 12:15 | ਬਨਾਰਸ | 16:05 | ਬੁੱਧਵਾਰ | 27.03.24 | ਪਹਿਲੀ ਵਾਤਾ., ਵਾਤਾ. 2 ਟੀਯਰ, ਵਾਤਾ. 3 ਟੀਯਰ (ਇਕੋਨਮੀ), ਸਲੀਪਰ ਅਤੇ ਸਮਾਨਯ |
| 01054 | ਬਨਾਰਸ | 20:30 | ਲੋਕਮਾਨਯ ਤਿਲਕ (ਟ੍ਰਮਿ.) | 23:55 | ਵੀਰਵਾਰ | 28.03.24 ਤਕ | |
| 01123 | ਲੋਕਮਾਨਯ ਤਿਲਕ (ਟ੍ਰਮਿ.) | 12:15 | ਗੋਰਖਪੁਰ ਜੰ: | 18:55 | ਸ਼ੁੱਕਰਵਾਰ | 29.03.24 ਤਕ | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ |
| 01124 | ਗੋਰਖਪੁਰ ਜੰ: | 21:15 | ਲੋਕਮਾਨਯ ਤਿਲਕ (ਟ੍ਰਮਿ.) | 07:25 | ਸ਼ਨੀਵਾਰ | 30.03.24 ਤਕ | |
| 01103 | ਛੱਤਰਪਤਿ ਸ਼ਿਵਾਜੀ ਮਹਾਰਾਜ (ਟ੍ਰਮਿ.) | 22:35 | ਗੋਰਖਪੁਰ ਜੰ: | 09:30 | ਵੀਰਵਾਰ | 28.03.24 ਤਕ | ਪਹਿਲੀ ਵਾਤਾ., ਵਾਤਾ. 2 ਟੀਯਰ, ਵਾਤਾ. 3 ਟੀਯਰ (ਇਕੋਨਮੀ), ਸਲੀਪਰ ਅਤੇ ਸਮਾਨਯ |
| 01104 | ਗੋਰਖਪੁਰ ਜੰ: | 15:30 | ਛੱਤਰਪਤਿ ਸ਼ਿਵਾਜੀ ਮਹਾਰਾਜ (ਟ੍ਰਮਿ.) | 00:40 | ਸ਼ਨੀਵਾਰ | 30.03.24 ਤਕ | |
| 05115 | ਛਪਰਾ | 17:45 | ਆਨੰਦ ਵਿਹਾਰ (ਟ੍ਰਮਿ.) | 11:50 | ਬੁੱਧਵਾਰ | 27.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ |
| 05116 | ਆਨੰਦ ਵਿਹਾਰ (ਟ੍ਰਮਿ.) | 14:45 | ਛਪਰਾ | 09:30 | ਵੀਰਵਾਰ | 21.03.24 ਅਤੇ 28.03.24 | |
| 05023 | ਗੋਰਖਪੁਰ ਜੰ: | 21:15 | ਆਨੰਦ ਵਿਹਾਰ (ਟ੍ਰਮਿ.) | 13:15 | ਐਤਵਾਰ | 24.03.24 ਅਤੇ 31.03.24 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ |
| 05024 | ਆਨੰਦ ਵਿਹਾਰ (ਟ੍ਰਮਿ.) | 15:15 | ਗੋਰਖਪੁਰ ਜੰ: | 07:30 | ਸੋਮਵਾਰ | 25.03.24 ਅਤੇ 01.04.24 | |
| 05097 | ਟਨਕਪੁਰ ਜੰ: | 18:25 | ਦੋਰਾਈ ਜੰ: | 13:40 | ਸ਼ੁੱਕਰ, ਸੋਮ, ਬੁੱਧ | 22.03.24 ਤੋਂ 29.03.24 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ |
| 05098 | ਦੋਰਾਈ ਜੰ: | 16:05 | ਟਨਕਪੁਰ ਜੰ: | 09:35 | ਸ਼ਨੀ, ਮੰਗਲ, ਵੀਰ | 23.03.24 ਤੋਂ 30.03.24 | |
| 05047 | ਬਨਾਰਸ | 19:20 | ਆਨੰਦ ਵਿਹਾਰ (ਟ੍ਰਮਿ.) | 09:30 | ਮੰਗਲਵਾਰ | 26.03.2024 | ਵਾਤਾ. 3 ਟੀਯਰ ਅਤੇ ਵਾਤਾ. ਕੁਰਸੀਯਾਨ |
| 05048 | ਆਨੰਦ ਵਿਹਾਰ (ਟ੍ਰਮਿ.) | 18:15 | ਬਨਾਰਸ | 08:10 | ਬੁੱਧਵਾਰ | 27.03.2024 | |
| 05053 | ਗੋਰਖਪੁਰ ਜੰ: | 09:30 | ਬਾਂਦ੍ਰਾ ਟਰਮੀਨਸ | 16:00 | ਸ਼ੁੱਕਰਵਾਰ | 22.03.24 ਅਤੇ 29.03.24 | ਸਮਾਨਯ |
| 05054 | ਬਾਂਦ੍ਰਾ ਟਰਮੀਨਸ | 21:45 | ਗੋਰਖਪੁਰ ਜੰ: | 06:25 | ਸ਼ਨੀਵਾਰ | 23.03.24 ਅਤੇ 30.03.24 | |
| 05005 | ਗੋਰਖਪੁਰ ਜੰ: | 14:40 | ਅੰਮ੍ਰਿਤਸਰ | 09:30 | ਬੁੱਧਵਾਰ | 27.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ |
| 05006 | ਅੰਮ੍ਰਿਤਸਰ | 12:45 | ਗੋਰਖਪੁਰ ਜੰ: | 08:50 | ਵੀਰਵਾਰ | 21.03.24 ਅਤੇ 28.03.24 | |
| 05049 | ਛਪਰਾ | 09:55 | ਅੰਮ੍ਰਿਤਸਰ | 09:30 | ਸ਼ੁੱਕਰਵਾਰ | 22.03.24 ਅਤੇ 29.03.24 | ਵਾਤਾ. 3 ਟੀਯਰ, ਸਲੀਪਰ ਅਤੇ ਸਮਾਨਯ |
| 05050 | ਅੰਮ੍ਰਿਤਸਰ | 12:45 | ਛਪਰਾ | 14:00 | ਸ਼ਨੀਵਾਰ | 23.03.24 ਅਤੇ 30.03.24 | |
| 05012 | ਗੋਮਤੀ ਨਗਰ | 14:00 | ਛਪਰਾ | 00:05 | ਵੀਰ, ਸ਼ਨੀ, ਸੋਮ, ਬੁੱਧ | 21.03.24 ਤੁੋਂ 27.03.24 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ |
| 05011 | ਛਪਰਾ | 05:45 | ਗੋਮਤੀ ਨਗਰ | 16:00 | ਸ਼ੁੱਕਰ, ਐਤ, ਮੰਗਲ, ਵੀਰ | 22.03.24 ਤੋਂ 28.03.24 | |
| 05045 | ਲਾਲ ਕੂੰਆ | 13:10 | ਰਾਜਕੋਟ | 18:10 | ਐਤਵਾਰ | 24.03.24 ਤੁੋਂ 31.03.24 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ |
| 05046 | ਰਾਜਕੋਟ | 22:30 | ਲਾਲ ਕੂੰਆ | 04:05 | ਸੋਮਵਾਰ | 25.03.24 ਅਤੇ 01.04.24 | |
| 05193 | ਛਪਰਾ | 15:20 | ਪਨਵੇਲ | 20:30 | ਵੀਰਵਾਰ | 21.03.24 ਤੋਂ 28.03.24 | ਵਾਤਾ. 3 ਟੀਯਰ (ਇਕੋਨਮੀ), ਸਲੀਪਰ ਅਤੇ ਸਮਾਨਯ |
| 05194 | ਪਨਵੇਲ | 21:40 | ਛਪਰਾ | 08:50 | ਸ਼ੁੱਕਰਵਾਰ | 22.03.24 ਤੋਂ 29.03.24 | |
| 09526 | ਨਾਹਰਲਗੁਨ | 10:00 | ਹਾਪਾ | 00:30 | ਸ਼ਨੀਵਾਰ | 23.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ, ਸਲੀਪਰ ਅਤੇ ਸਮਾਨਯ |
| 09184 | ਬਨਾਰਸ | 14:30 | ਮੁੰਬਈ ਸੈਂਟਰਲ | 04:20 | ਸ਼ੁੱਕਰਵਾਰ | 22.03.2024 | ਪਹਿਲੀ ਵਾਤਾ. 2 ਟੀਯਰ, ਵਾਤਾ. 3 ਟੀਯਰ, ਸਲੀਪਰ ਅਤੇ ਸਮਾਨਯ |
| 09195 | ਵਡੋਦਰਾ | 19:00 | ਮਊ | 20:45 | ਸ਼ਨੀਵਾਰ | 23.03.24 ਅਤੇ 30.03.24 | ਪਹਿਲੀ ਵਾਤਾ. 2 ਟੀਯਰ, ਵਾਤਾ. 3 ਟੀਯਰ, ਸਲੀਪਰ ਅਤੇ ਸਮਾਨਯ |
| 09196 | ਮਊ | 23:00 | ਵਡੋਦਰਾ | 00:45 | ਐਤਵਾਰ | 24.03.24 ਅਤੇ 31.03.24 | |
| 09062 | ਬਰੋਨੀ | 12:15 | ਬਲਸਾਡ | 03:45 | ਵੀਰਵਾਰ | 21.03.2024 | ਵਾਤਾ. 2 ਟੀਯਰ, ਵਾਤਾ. 3 ਟੀਯਰ, ਸਲੀਪਰ ਅਤੇ ਸਮਾਨਯ |
| 04145 | ਸੂਬੇਦਾਰ ਗੰਜ | 21:30 | ਆਨੰਦ ਵਿਹਾਰ (ਟ੍ਰਮਿ.) | 08:00 | ਮਿਤੀਆਂ ਦੇ ਅਨੁਸਾਰ | 21, 22, 23, 24, 26, 27, 28, 29 ਅਤੇ 31.03.24 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ |
| 04146 | ਆਨੰਦ ਵਿਹਾਰ (ਟ੍ਰਮਿ.) | 09:30 | ਸੂਬੇਦਾਰ ਗੰਜ | 19:00 | ਮਿਤੀਆਂ ਦੇ ਅਨੁਸਾਰ | 21 ਤੋਂ 25, 27 ਤੋਂ 30.03.24 ਅਤੇ 01.04.24 | |
| 03435 | ਮਾਲਦਾ ਟਾਊਨ | 09:30 | ਆਨੰਦ ਵਿਹਾਰ (ਟ੍ਰਮਿ.) | 14:10 | ਸੋਮਵਾਰ | 25.03.24 ਤੁੋਂ 01.04.24 | ਵਾਤਾ. 2 ਟੀਯਰ, ਵਾਤਾ. 3 ਟੀਯਰ (ਇਕੋਨਮੀ) ਸਲੀਪਰ ਅਤੇ ਸਮਾਨਯ |
| 03436 | ਆਨੰਦ ਵਿਹਾਰ (ਟ੍ਰਮਿ.) | 19:00 | ਮਾਲਦਾ ਟਾਊਨ | 23:30 | ਮੰਗਲਵਾਰ | 26.03.24 ਤੋਂ 02.04.24 | |
| 08475 | ਪੁਰੀ | 04:50 | ਹਜ਼ਰਤ ਨਿਜ਼ਾਮੁਦੀਨ | 17:40 | ਸ਼ੁੱਕਰਵਾਰ | 22.03.24 ਅਤੇ 29.03.24 | ਵਾਤਾ. 2 ਟੀਯਰ, ਵਾਤਾ. 3 ਟੀਯਰ ਸਲੀਪਰ ਅਤੇ ਸਮਾਨਯ |
| 08476 | ਹਜ਼ਰਤ ਨਿਜ਼ਾਮੁਦੀਨ | 23:35 | ਪੁਰੀ | 06:55 | ਸ਼ਨੀਵਾਰ | 23.03.24 ਅਤੇ 30.03.24 | |
| 08571 | ਵਿਸ਼ਾਖਾਪਤਨਮ | 08:20 | ਹਜ਼ਰਤ ਨਿਜ਼ਾਮੁਦੀਨ | 17:40 | ਸ਼ਨੀਵਾਰ | 23.03.24 ਤੋਂ 30.03.24 | ਵਾਤਾ. 2 ਟੀਯਰ, ਵਾਤਾ. 3 ਟੀਯਰ (ਇਕੋਨਮੀ) ਅਤੇ ਸਮਾਨਯ |
| 08572 | ਹਜ਼ਰਤ ਨਿਜ਼ਾਮੁਦੀਨ | 23:35 | ਵਿਸ਼ਾਖਾਪਤਨਮ | 13:30 | ਐਤਵਾਰ | 24.03.24 ਅਤੇ 31.03.24 | |
| 04066 | ਆਨੰਦ ਵਿਹਾਰ (ਟ੍ਰਮਿ.) | 23:00 | ਪਟਨਾ ਜੰ: | 16:00 | ਸੋਮਵਾਰ, ਵੀਰਵਾਰ | 21.03.24 ਤੋਂ 28.03.24 | ਪਹਿਲੀ ਵਾਤਾ. 2 ਟੀਯਰ, ਵਾਤਾ. ਅਤੇ 3 ਟੀਯਰ ਵਾਤਾ. |
| 04065 | ਪਟਨਾ ਜੰ: | 17:45 | ਆਨੰਦ ਵਿਹਾਰ (ਟ੍ਰਮਿ.) | 11:20 | ਮੰਗਲਵਾਰ, ਸ਼ੁੱਕਰਵਾਰ | 22.03.24 ਤੋਂ 29.03.24 | |
| 04062 | ਦਿੱਲੀ ਜੰ: | 08:50 | ਬਰੋਨੀ | 06:30 | ਐਤਵਾਰ | 24.03.24 ਤੋਂ 31.03.24 | 3 ਟੀਯਰ ਵਾਤਾ., ਸਲੀਪਰ ਅਤੇ ਸਮਾਨਯ |
| 04061 | ਬਰੋਨੀ | 08:00 | ਦਿੱਲੀ ਜੰ: | 07:35 | ਸੋਮਵਾਰ | 25.03.24 ਤੋਂ 01.04.24 | |
| 04518 | ਚੰਡੀਗੜ੍ਹ | 23:15 | ਗੋਰਖਪੁਰ | 18:20 | ਵੀਰਵਾਰ | 21.03.24 ਤੋਂ 28.03.24 | 2 ਟੀਯਰ ਵਾਤਾ., 3 ਟੀਯਰ ਵਾਤਾ, 3 ਟੀਯਰ ਇਕੋਨਮੀ, ਸਲੀਪਰ ਅਤੇ ਸਮਾਨਯ |
| 04517 | ਗੋਰਖਪੁਰ | 22:05 | ਚੰਡੀਗੜ੍ਹ | 14:10 | ਸ਼ੁੱਕਰਵਾਰ | 22.03.24 ਤੋਂ 29.03.24 | |
| 04060 | ਆਨੰਦ ਵਿਹਾਰ (ਟ੍ਰਮਿ.) | 10:30 | ਜੈਨਗਰ | 15:15 | ਮੰਗਲਵਾਰ, ਸ਼ੁੱਕਰਵਾਰ | 22.03.24 ਤੋਂ 29.03.24 | ਸਲੀਪਰ ਅਤੇ ਸਮਾਨਯ |
| 04059 | ਜੈਨਗਰ | 17:00 | ਆਨੰਦ ਵਿਹਾਰ (ਟ੍ਰਮਿ.) | 19:55 | ਬੁੱਧਵਾਰ, ਸ਼ਨੀਵਾਰ | 23.03.24 ਤੋਂ 30.03.24 | |
| 01664 | ਆਨੰਦ ਵਿਹਾਰ (ਟ੍ਰਮਿ.) | 11:10 | ਸਹਰਸਾ ਜੰ: | 11:20 | ਸੋਮਵਾਰ | 25.03.2024 | ਸਲੀਪਰ ਅਤੇ ਸਮਾਨਯ |
| 01663 | ਸਹਰਸਾ ਜੰ: | 09:30 | ਆਨੰਦ ਵਿਹਾਰ (ਟ੍ਰਮਿ.) | 13:55 | ਬੁੱਧਵਾਰ | 27.03.2024 | |
| 04010 | ਆਨੰਦ ਵਿਹਾਰ (ਟ੍ਰਮਿ.) | 23:45 | ਜੋਗਬਨੀ | 05:20 | ਮੰਗਲਵਾਰ | 26.03.2024 | ਸਲੀਪਰ ਅਤੇ ਸਮਾਨਯ |
| 04009 | ਜੋਗਬਨੀ | 09:00 | ਆਨੰਦ ਵਿਹਾਰ (ਟ੍ਰਮਿ.) | 16:05 | ਵੀਰਵਾਰ | 28.03.2024 | |

| ਗੱਡੀ ਨੰ: | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਚਲਨ ਦੇ ਦਿਨ | ਸਮਾਂ | ਠਹਿਰਾਵ |
|---|---|---|---|---|---|---|---|
| 04068 | ਦਿੱਲੀ ਜੰ: | 19:30 | ਦਰਭੰਗਾ | 16:30 | ਵੀਰਵਾਰ, ਸ਼ੁੱਕਰਵਾਰ | 22.03.24 ਤੋਂ 29.03.24 | 3 ਟੀਯਰ ਵਾਤਾ., ਸਲੀਪਰ ਅਤੇ ਸਮਾਨਯ |
| 04067 | ਦਰਭੰਗਾ | 18:00 | ਦਿੱਲੀ ਜੰ: | 16:40 | ਬੁੱਧਵਾਰ, ਸ਼ਨੀਵਾਰ | 23.03.24 ਤੋਂ 30.03.24 | |
| 04004 | ਨਵੀਂ ਦਿੱਲੀ | 00:10 | ਸੀਤਾਮੜ੍ਹੀ | 22:00 | ਵੀਰਵਾਰ, ਸ਼ੁੱਕਰਵਾਰ | 22.03.24 ਤੁੋਂ 29.03.24 | 3 ਟੀਯਰ ਵਾਤਾ., ਸਲੀਪਰ ਅਤੇ ਸਮਾਨਯ |
| 04003 | ਸੀਤਾਮੜ੍ਹੀ | 23:30 | ਨਵੀਂ ਦਿੱਲੀ | 01:30 | | | |
| 04033 | ਨਵੀਂ ਦਿੱਲੀ | 23:45 | ਸ਼. ਕੈ. ਤੁਸ਼ਾਰ ਮਹਾਜਨ | 11:10 | ਸ਼ੁੱਕਰਵਾਰ | 22.03.24 ਤੋਂ 29.03.24 | 3 ਟੀਯਰ ਇਕੋਨਮੀ, ਅਤੇ ਸਲੀਪਰ |
| 04034 | ਸ਼. ਕੈ. ਤੁਸ਼ਾਰ ਮਹਾਜਨ | 20:55 | ਨਵੀਂ ਦਿੱਲੀ | 09:30 | ਸ਼ਨੀਵਾਰ | 23.03.24 ਤੋਂ 30.03.24 | |
| 04075 | ਨਵੀਂ ਦਿੱਲੀ | 23:45 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜਾ | 11:10 | ਬੁੱਧਵਾਰ, ਐਤਵਾਰ | 24.03.24 ਤੋਂ 31.03.24 | 3 ਟੀਯਰ ਇਕੋਨਮੀ, ਅਤੇ ਸਲੀਪਰ |
| 04076 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜਾ | 20:55 | ਨਵੀਂ ਦਿੱਲੀ | 09:30 | ਵੀਰਵਾਰ, ਸੋਮਵਾਰ | 25.03.24 ਤੋਂ 01.04.24 | |
| 04080 | ਦਿੱਲੀ ਜੰ: | 19:30 | ਵਾਰਾਣਸੀ | 09:45 | ਸੋਮ, ਵੀਰ, ਸ਼ਨੀ | 21.03.24 ਤੋਂ 30.03.24 | 3 ਟੀਯਰ ਇਕੋਨਮੀ, ਅਤੇ ਸਲੀਪਰ |
| 04079 | ਵਾਰਾਣਸੀ | 18:20 | ਦਿੱਲੀ ਜੰ: | 08:50 | ਮੰਗਲ, ਸ਼ੁੱਕਰ, ਐਤ | 22.03.24 ਤੋਂ 31.03.24 | |
| 01654 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜਾ | 23:35 | ਵਾਰਾਣਸੀ | 23:55 | ਐਤਵਾਰ | 24.03.24 ਤੋਂ 31.03.24 | 2 ਟੀਯਰ ਵਾਤਾ., 3 ਟੀਯਰ ਵਾਤਾ., 3 ਟੀਯਰ ਇਕੋਨਮੀ ਸਲੀਪਰ ਅਤੇ ਸਮਾਨਯ |
| 01653 | ਵਾਰਾਣਸੀ | 05:30 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜਾ | 11:25 | ਮੰਗਲਵਾਰ | 26.03.24 ਤੋਂ 02.04.24 | |
| 02371 | ਹਾਵੜਾ | 08:15 | ਬਨਾਰਸ | 21:45 | ਸ਼ਨੀਵਾਰ | 23.03.2024 | ਪਹਿਲੀ ਵਾਤਾ., 2 ਟੀਯਰ ਵਾਤਾ., 3 ਟਿਯਰ ਵਾਤਾ., ਸਲੀਪਰ ਤੇ ਸਮਾਨਯ |
| 02372 | ਬਨਾਰਸ | 23:05 | ਹਾਵੜਾ | 12:20 | | | |
| 04064 | ਦਿੱਲੀ ਜੰ: | 13:20 | ਟੂੰਡਲਾ | 17:15 | ਹਰਰੋਜ਼ | 21.03.24 ਤੁੋਂ 24.03.24 | ਸਮਾਨਯ |
| 04063 | ਟੂੰਡਲਾ | 17:45 | ਦਿੱਲੀ ਜੰ: | 22:15 | | | |
| 04923 | ਸਹਾਰਨਪੁਰ | 04:40 | ਅੰਬਾਲਾ ਕੈਂਟ | 06:45 | ਹਰਰੋਜ਼ | 21.03.24 ਤੋਂ 24.03.24 | ਸਮਾਨਯ |
| 04924 | ਅੰਬਾਲਾ ਕੈਂਟ | 20:22 | ਸਹਾਰਨਪੁਰ | 22:30 | | | |
| 04051 | ਦਿੱਲੀ ਜੰ: | 10:00 | ਪਾਨੀਪਤ | 12:10 | ਹਰਰੋਜ਼ | 21.03.24 ਤੋਂ 24.03.24 | ਸਮਾਨਯ |
| 04052 | ਪਾਨੀਪਤ | 13:10 | ਦਿੱਲੀ ਜੰ: | 15:40 | | | |
| 04249 | ਵਾਰਾਣਸੀ | 06:25 | ਲਖਨਊ | 12:25 | ਹਰਰੋਜ਼ | 21.03.24 ਤੋਂ 24.03.24 | ਸਮਾਨਯ |
| 04250 | ਲਖਨਊ | 16:35 | ਵਾਰਾਣਸੀ | 22:35 | | | |
| 04048 | ਨਵੀਂ ਦਿੱਲੀ | 06:20 | ਆਗਰਾ ਕੈਂਟ | 11:15 | ਹਰਰੋਜ਼ | 21.03.24 ਤੁੋਂ 24.03.24 | ਸਮਾਨਯ |
| 04047 | ਆਗਰਾ ਕੈਂਟ | 14:30 | ਨਵੀਂ ਦਿੱਲੀ | 18:45 | | | |
| 09003 | ਮੁੰਬਈ ਸੈਂਟਰਲ | 16:00 | ਦਿੱਲੀ ਸਰਾਏ ਰੋਹਿਲਾ | 14:25 | ਸ਼ੁੱਕਰਵਾਰ | 22.03.24 ਅਤੇ 29.03.24 | ਪਹਿਲੀ ਵਾਤਾ., 2 ਟੀਯਰ ਵਾਤਾ., 3 ਟਿਯਰ ਵਾਤਾ., ਸਲੀਪਰ ਤੇ ਸਮਾਨਯ |
| 09004 | ਦਿੱਲੀ ਸਰਾਏ ਰੋਹਿਲਾ | 17:25 | ਮੁੰਬਈ ਸੈਂਟਰਲ | 15:25 | ਸ਼ਨੀਵਾਰ | 23.03.24 ਅਤੇ 30.03.24 | |
| 04731 | ਸ੍ਰੀ ਗੰਗਾਨਗਰ | 14:30 | ਆਗਰਾ ਕੈਂਟ | 04:05 | ਬੁੱਧਵਾਰ | 20.03.24 ਅਤੇ 27.03.24 | 2 ਟੀਯਰ ਵਾਤਾ.,3 ਟੀਯਰ ਵਾਤਾ., 3 ਟੀਯਰ ਇਕੋਨਮੀ ਸਲੀਪਰ ਅਤੇ ਸਮਾਨਯ |
| 04732 | ਆਗਰਾ ਕੈਂਟ | 07:05 | ਸ੍ਰੀ ਗੰਗਾਨਗਰ | 00:50 | ਵੀਰਵਾਰ | 21.03.24 ਅਤੇ 28.03.24 | |
| 09603 | ਉਦਯਪੁਰ ਸਿਟੀ | 23:00 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜਾ | 03:20 | ਵੀਰਵਾਰ | 19.03.24 ਅਤੇ 26.03.24 | 2 ਟੀਯਰ ਵਾਤਾ., 3 ਟੀਯਰ ਵਾਤਾ., 3 ਟੀਯਰ ਇਕੋਨਮੀ ਸਲੀਪਰ ਅਤੇ ਸਮਾਨਯ |
| 09604 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜਾ | 10:50 | ਉਦਯਪੁਰ ਸਿਟੀ | 15:10 | ਵੀਰਵਾਰ | 21.03.24 ਅਤੇ 28.03.24 | |
| 04022 | ਆਨੰਦ ਵਿਹਾਰ (ਟ੍ਰਮਿ.) | 23:55 | ਮੁਜਫਫਰਪੁਰ | 21:30 | ਵੀਰਵਾਰ | 21.03.2024 | 2 ਟੀਯਰ, ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਸਮਾਨਯ |
| 04021 | ਮੁਜਫਫਰਪੁਰ | 23:00 | ਆਨੰਦ ਵਿਹਾਰ (ਟ੍ਰਮਿ.) | 23:30 | ਸ਼ੁੱਕਰਵਾਰ | 22.03.2024 | |
| 01431 | ਪੂਣੇ | 16:15 | ਗੋਰਖਪੁਰ ਜੰ: | 21:00 | ਸ਼ੁੱਕਰਵਾਰ | 22.03.2024 | 3 ਟੀਯਰ ਵਾਤਾ., ਅਤੇ ਸਲੀਪਰ |
| 01432 | ਗੋਰਖਪੁਰ ਜੰ: | 23:25 | ਪੂਣੇ | 06:25 | ਸ਼ਨੀਵਾਰ | 23.03.2024 | |
| 01083 | ਛੱਤਰਪਤਿ ਸ਼ਿਵਾਜੀ (ਟ੍ਰਮਿ.) | 22:35 | ਗੋਰਖਪੁਰ ਜੰ: | 09:30 | ਸ਼ੁੱਕਰਵਾਰ | 22.03.2024 | 3 ਟੀਯਰ ਵਾਤਾ., ਅਤੇ ਸਲੀਪਰ |
| 01084 | ਗੋਰਖਪੁਰ ਜੰ: | 15:30 | ਛੱਤਰਪਤਿ ਸ਼ਿਵਾਜੀ (ਟ੍ਰਮਿ.) | 00:40 | ਐਤਵਾਰ | 24.03.2024 | |
| 04530 | ਬਠਿੰਡਾ ਜੰ: | 20:50 | ਵਾਰਾਣਸੀ | 17:30 | ਮਿਤੀ ਅਨੁਸਾਰ | 23.03.2024 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਸਮਾਨਯ |
| 04529 | ਵਾਰਾਣਸੀ | 20:40 | ਬਠਿੰਡਾ ਜੰ: | 17:00 | ਮਿਤੀ ਅਨੁਸਾਰ | 23.03.2024 | |
| 04536 | ਅੰਬਾਲਾ ਕੈਂਟ | 00:45 | ਕਟਿਹਾਰ ਜੰ: | 05:00 | ਮਿਤੀ ਅਨੁਸਾਰ | 22.03.2024 | 3 ਟੀਯਰ ਵਾਤਾ., ਸਲੀਪਰ ਅਤੇ ਸਮਾਨਯ |
| 04535 | ਕਟਿਹਾਰ ਜੰ: | 07:00 | ਅੰਬਾਲਾ ਕੈਂਟ | 11:15 | ਮਿਤੀ ਅਨੁਸਾਰ | 23.03.2024 | |
| 04538 | ਚੰਡੀਗੜ੍ਹ | 19:15 | ਕਟਿਹਾਰ ਜੰ: | 23:45 | ਮਿਤੀ ਅਨੁਸਾਰ | 23.03.2024 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਸਮਾਨਯ |
| 04537 | ਕਟਿਹਾਰ ਜੰ: | 04:00 | ਚੰਡੀਗੜ੍ਹ | 09:40 | ਮਿਤੀ ਅਨੁਸਾਰ | 25.03.2024 | |
| 04540 | ਅੰਬਾਲਾ ਕੈਂਟ | 20:25 | ਕਟਿਹਾਰ ਜੰ: | 23:45 | ਮਿਤੀ ਅਨੁਸਾਰ | 21.03.2024 | 3 ਟੀਯਰ ਵਾਤਾ., ਸਲੀਪਰ ਅਤੇ ਸਮਾਨਯ |
| 04539 | ਕਟਿਹਾਰ ਜੰ: | 04:00 | ਅੰਬਾਲਾ ਕੈਂਟ | 09:00 | ਮਿਤੀ ਅਨੁਸਾਰ | 23.03.2024 | |
| 04534 | ਸਰਹਿੰਦ | 13:00 | ਜੈਯਨਗਰ | 19:45 | ਮਿਤੀ ਅਨੁਸਾਰ | 22.03.2024 | 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਸਮਾਨਯ |
| 04533 | ਜੈਯਨਗਰ | 23:30 | ਸਰਹਿੰਦ | 05:15 | ਮਿਤੀ ਅਨੁਸਾਰ | 23.03.2024 | |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquriy.indianrail.gov.in ਜਾਂ NTES App ਦੇਖੋ ।

ਉੱਤਰ ਰੇਲਵੇ
ਹਾਮੇਸ਼ਾ ਤੁਹਾਡੀ ਸੇਵਾ ਵਿਚ
ਸਾਨੂੰ www.nr.indianrailways.gov.in ਉਤੇ ਮਿਲੋ
ਉਤੇ ਸਾਨੂੰ ਫਾਲੋ ਕਰੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਸਿਬਿਨ ਸੀ ਨੇ ਆਜ਼ਾਦ ਅਤੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਦੀ ਵਚਨਬੱਧਤਾ ਪ੍ਰਗਟਾਈ

**➢ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਸੂਬੇ ਭਰ ‘ਚ 15,653 ਪੋਸਟਰ ਅਤੇ 7,511 ਬੈਨਰ ਹਟਾਏ ਗਏ ➢ 1 ਮਾਰਚ ਤੋਂ ਹੁਣ ਤੱਕ 113.45 ਕਰੋੜ ਦੀ ਨਕਦੀ ਸਮੇਤ ਨਸ਼ੀਲੇ ਪਦਾਰਥਾਂ ਬਰਾਮਦ**



**ਚੰਡੀਗੜ੍ਹ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਅੱਜ ਸੈਕਟਰ 17 ਸਥਿਤ ਆਪਣੇ ਦਫ਼ਤਰ ਵਿਖੇ ਲੋਕ ਸਭਾ ਚੋਣਾਂ-2024 ਦੀਆਂ ਤਿਆਰੀਆਂ ਸਬੰਧੀ ਪ੍ਰੈਸ ਕਾਨਫਰੰਸ ਕੀਤੀ। ਇਸ ਮੌਕੇ ਉਨ੍ਹਾਂ ਨੇ ਆਦਰਸ਼ ਚੋਣ ਜ਼ਾਬਤੇ (ਐਮ.ਸੀ.ਸੀ.) ਨੂੰ ਸਹੀ ਅਤੇ ਸੁਚੱਜੇ ਢੰਗ ਨਾਲ ਲਾਗੂ ਕਰਨ ਦੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ ਤਾਂ ਜੋ ਸੂਬੇ ਵਿੱਚ ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਯਕੀਨੀ ਬਣਾਈਆਂ ਜਾ ਸਕਣ। ਉਨ੍ਹਾਂ ਵੇਰਵਿਆਂ ਦਿੰਦਿਆਂ ਦੱਸਿਆ ਕਿ 16 ਮਾਰਚ ਤੋਂ 18 ਮਾਰਚ, 2024 ਤੱਕ ਸੂਬੇ ਭਰ ਵਿੱਚ 24,433 ਕੰਧ ਲਿਖਤਾਂ, 15,653 ਪੋਸਟਰਾਂ, 7,511 ਬੈਨਰਾਂ ਅਤੇ 23,916 ਜਾਇਦਾਦਾਂ ਤੇ ਲਿਖੀਆਂ ਹੋਰ ਲਿਖਤਾਂ ਨੂੰ ਹਟਾਇਆ ਗਿਆ ਹੈ।

ਉਨ੍ਹਾਂ ਜ਼ੋਰ ਦਿੰਦਿਆ ਕਿਹਾ ਕਿ ਬਲ ਅਤੇ ਪੈਸੇ ਦੀ ਤਾਕਤ ਦੀ ਦੁਰਵਰਤੋਂ ਨੂੰ ਰੋਕਣ ਲਈ ਵਿਆਪਕ ਉਪਰਾਲੇ ਕੀਤੇ ਗਏ ਹਨ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਦੱਸਿਆ ਕਿ ਕੇਂਦਰੀ ਬਲਾਂ ਦੀਆਂ 25 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ ਅਤੇ ਇਲਾਕੇ ਦੀ ਸੰਵੇਦਨਸ਼ੀਲਤਾਂ ਦੇ ਆਧਾਰ ’ਤੇ ਵਾਧੂ ਤਾਇਨਾਤੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਇੱਕ ਮਜ਼ਬੂਤ ਜ਼ਬਤੀ ਪ੍ਰਬੰਧਨ ਪ੍ਰਣਾਲੀ ਲਾਗੂ ਕੀਤੀ ਗਈ ਹੈ, ਜਿਸ ਦੇ ਨਤੀਜੇ ਵਜੋਂ 1 ਮਾਰਚ, 2024 ਤੋਂ ਹੁਣ ਤੱਕ 113.45 ਕਰੋੜ ਰੁਪਏ ਦੀਆਂ ਜ਼ਬਤੀਆਂ ਹੋਈਆਂ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਸੀ-ਵਿਜੀਲ ਐਪ ਰਾਹੀਂ 119 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 86 ਜਾਇਜ਼ ਪਾਈਆਂ ਗਈਆਂ ਹਨ ਅਤੇ ਹੱਲ ਕਰ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਅੰਤਰ-ਰਾਜੀ ਨਾਕਿਆਂ ’ਤੇ ਸੀਸੀਟੀਵੀ ਕੈਮਰੇ ਲਗਾਏ ਗਏ ਹਨ ਅਤੇ ਲੋੜੀਂਦੇ ਉਪਕਰਨਾਂ ਨਾਲ ਲੈਸ ਫਲਾਇੰਗ ਸਕੁਐਡ ਅੰਤਰ-ਜ਼ਿਲ੍ਹਾ ਚੌਕੀਆਂ ’ਤੇ ਤਾਇਨਾਤ ਕੀਤੇ ਗਏ ਹਨ।

ਸਿਬਿਨ ਸੀ ਨੇ ਕਿਹਾ ਕਿ ਸੂਬੇ ਦੇ 24,433 ਪੋਲਿੰਗ ਸਟੇਸ਼ਨਾਂ ਵਿੱਚੋਂ 2,416 ਨੂੰ ਹੁਣ ਤੱਕ ਸੰਵੇਦਨਸ਼ੀਲ ਵਜੋਂ ਪਛਾਣਿਆ ਗਿਆ ਹੈ, ਜਿਨ੍ਹਾਂ ਨੂੰ ਵਾਧੂ ਸੁਰੱਖਿਆ ਉਪਾਵਾਂ ਦੀ ਲੋੜ ਹੈ। ਸਾਰੇ ਪੋਲਿੰਗ ਸਟੇਸ਼ਨਾਂ ’ਤੇ ਸੀਸੀਟੀਵੀ ਇੰਸਟਾਲੇਸ਼ਨ ਅਤੇ ਕੇਂਦਰੀਕ੍ਰਿਤ ਨਿਗਰਾਨੀ ਲਾਗੂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ‘ਇਸ ਵਾਰ 70 ਪਾਰ’ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ 12,000 ਪੋਲਿੰਗ ਸਟੇਸ਼ਨਾਂ ਉੱਤੇ ਖ਼ਾਸ ਤਵੱਜੋ ਦਿੱਤੀ ਜਾ ਰਹੀ ਹੈ, ਜਿੱਥੇ ਮਤਦਾਨ ਰਾਸ਼ਟਰੀ ਅਤੇ ਸੂਬੇ ਦੇ ਹੋਰਨਾਂ ਹਿੱਸਿਆਂ ਨਾਲੋਂ 2019 ਵਿੱਚ ਔਸਤ ਨਾਲੋਂ ਘੱਟ ਰਿਹਾ ਸੀ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਚੋਣ ਅਧਿਕਾਰੀਆਂ-ਕਮ-ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਪੋਲਿੰਗ ਸਟੇਸ਼ਨਾਂ ’ਤੇ ਪੀਣ ਵਾਲੇ ਪਾਣੀ, ਪਖਾਨੇ, ਦਿਸ਼ਾ ਸੂਚਕ, ਰੈਂਪ/ਵ੍ਹੀਲ ਚੇਅਰ, ਹੈਲਪ ਡੈਸਕ, ਵੋਟਰ ਸੁਵਿਧਾ ਕੇਂਦਰ, ਲੋੜੀਂਦੀ ਰੋਸ਼ਨੀ ਅਤੇ ਸ਼ੈੱਡ ਦੀ ਸਹੂਲਤ ਨੂੰ ਯਕੀਨੀ ਬਣਾਉਣ।

ਉਨ੍ਹਾਂ ਦੱਸਿਆ ਕਿ 1 ਮਾਰਚ, 2024 ਤੱਕ ਪੰਜਾਬ ਵਿੱਚ ਕੁੱਲ 2,12,71,246 ਵੋਟਰ ਹਨ ਅਤੇ ਡੁਪਲੀਕੇਟ ਵੋਟ ਨੂੰ ਰੋਕਣ ਲਈ ਵੋਟਰ ਸੂਚੀ ਦੀ ਵਿਸ਼ੇਸ਼ ਸੰਖੇਪ ਸੁਧਾਈ ਦੌਰਾਨ ਵਿਸ਼ੇਸ਼ ਯਤਨ ਕੀਤੇ ਗਏ ਹਨ।

ਇਸ ਤੋਂ ਇਲਾਵਾ ਵੋਟਰ ਸੂਚੀ ਸੁਧਾਈ ਦੇ ਹਰ ਪੜਾਅ ’ਤੇ ਰਾਜਨੀਤਿਕ ਪਾਰਟੀਆਂ ਨਾਲ ਨਿਯਮਤ ਮੀਟਿੰਗਾਂ ਕੀਤੀਆਂ ਗਈਆਂ ਹਨ ਅਤੇ ਉਨ੍ਹਾਂ ਨੂੰ ਇਤਰਾਜ਼ ਦੇਣ ਦਾ ਮੌਕਾ ਪ੍ਰਦਾਨ ਕੀਤਾ ਗਿਆ ਹੈ।

ਸਿਬਿਨ ਸੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਮੀਡੀਆ ਚੋਣ ਕਮਿਸ਼ਨ ਦੀਆਂ ਅੱਖਾਂ ਅਤੇ ਕੰਨਾਂ ਵਜੋਂ ਕੰਮ ਕਰੇ ਤਾਂ ਜੋ ਚੋਣਾਂ ਆਜ਼ਾਦ ਅਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹੀਆਂ ਜਾ ਸਕਣ। ਮੁੱਖ ਚੋਣ ਅਧਿਕਾਰੀ ਨੇ ਵਚਨਬੱਧਤਾ ਪ੍ਰਗਟਾਈ ਕਿ ਉਹ ਮੀਡੀਆ ਨਾਲ ਸਰਗਰਮੀ ਨਾਲ ਜੁੜੇ ਰਹਿਣਗੇ ਅਤੇ ਮੀਡੀਆ ਰਾਹੀਂ ਮਹੱਤਵਪੂਰਨ ਜਾਣਕਾਰੀਆਂ ਲੋਕਾਂ ਤੱਕ ਪੁੱਜਦੀਆਂ ਕਰਨਗੇ।

# ਪਤੰਜਲੀ ਇਸ਼ਤਿਹਾਰ ਮਾਮਲਾ: ਸੁਪਰੀਮ ਕੋਰਟ ਨੇ ਰਾਮਦੇਵ ਤੇ ਬਾਲਕ੍ਰਿਸ਼ਨ ਨੂੰ ਪੇਸ਼ ਹੋਣ ਦਾ ਹੁਕਮ ਦਿੱਤਾ

**ਨਵੀਂ ਦਿੱਲੀ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਪਤੰਜਲੀ ਆਯੁਰਵੇਦ ਉਤਪਾਦਾਂ ਦੇ ਇਸ਼ਤਿਹਾਰਾਂ ਅਤੇ ਉਨ੍ਹਾਂ ਦੇ ਦਵਾਈਆਂ ਦੇ ਪ੍ਰਭਾਵ ਨਾਲ ਸਬੰਧਤ ਮਾਣਹਾਨੀ ਦੀ ਕਾਰਵਾਈ ਵਿੱਚ ਅੱਜ ਯੋਗ ਗੁਰੂ ਰਾਮਦੇਵ ਅਤੇ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਆਚਾਰੀਆ ਬਾਲਕ੍ਰਿਸ਼ਨ ਨੂੰ ਨਿੱਜੀ ਤੌਰ ’ਤੇ ਪੇਸ਼ ਹੋਣ ਲਈ ਕਿਹਾ ਹੈ। ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਹਿਸਾਨੂਦੀਨ ਅਮਾਨਉੱਲ੍ਹਾ ਦੇ ਬੈਂਚ ਨੇ ਕੰਪਨੀ ਅਤੇ ਬਾਲਕ੍ਰਿਸ਼ਨ ਵੱਲੋਂ ਪਹਿਲਾਂ ਜਾਰੀ ਕੀਤੇ ਅਦਾਲਤੀ ਨੋਟਿਸਾਂ ਦਾ ਜਵਾਬ ਨਾ ਦੇਣ ’ਤੇ ਸਖ਼ਤ ਇਤਰਾਜ਼ ਕੀਤਾ।



ਉਨ੍ਹਾਂ ਨੂੰ ਨੋਟਿਸ ਜਾਰੀ ਕਰਕੇ ਪੁੱਛਿਆ ਗਿਆ ਸੀ ਕਿ ਅਦਾਲਤ ਨਾਲ ਕੀਤੇ ਵਾਅਦੇ ਦੀ ਉਲੰਘਣਾ ਕਰਨ ਲਈ ਉਨ੍ਹਾਂ ਵਿਰੁੱਧ ਮਾਣਹਾਨੀ ਦੀ ਕਾਰਵਾਈ ਕਿਉਂ ਨਾ ਕੀਤੀ ਜਾਵੇ। ਬੈਂਚ ਨੇ ਸਵਾਮੀ ਰਾਮਦੇਵ ਨੂੰ ਨੋਟਿਸ ਵੀ ਜਾਰੀ ਕਰਕੇ ਪੁੱਛਿਆ ਹੈ ਕਿ ਕਿਉਂ ਨਾ ਉਨ੍ਹਾਂ ਵਿਰੁੱਧ ਮਾਣਹਾਨੀ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ। ਸਿਖਰਲੀ ਅਦਾਲਤ ‘ਇੰਡੀਅਨ ਮੈਡੀਕਲ ਐਸੋਸੀਏਸ਼ਨ’ (ਆਈਐੱਮਏ) ਦੀ ਉਸ ਪਟੀਸ਼ਨ ‘ਤੇ ਸੁਣਵਾਈ ਕਰ ਰਹੀ ਹੈ, ਜਿਸ ਵਿਚ ਸਵਾਮੀ ਰਾਮਦੇਵ ‘ਤੇ ਟੀਕਾਕਰਨ ਮੁਹਿੰਮ ਅਤੇ ਆਧੁਨਿਕ ਦਵਾਈਆਂ ਵਿਰੁੱਧ ਮੁਹਿੰਮ ਚਲਾਉਣ ਦਾ ਦੋਸ਼ ਲਗਾਇਆ ਗਿਆ ਹੈ।

# ਐੱਚ.ਡੀ.ਐੱਫ.ਸੀ ਬੈਂਕ ਨੇ ਪੂਰੇ ਭਾਰਤ ਵਿੱਚ 60 ਬੈਂਕਿੰਗ ਆਊਟਲੇਟਾਂ ਦਾ ਕੀਤਾ ਉਦਘਾਟਨ

**ਅੰਮ੍ਰਿਤਸਰ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਸਭ ਤੋਂ ਵੱਡੇ ਨਿੱਜੀ ਖੇਤਰ ਦੇ ਬੈਂਕ, ਐੱਚ.ਡੀ.ਐੱਫ.ਸੀ ਬੈਂਕ ਨੇ ਅੱਜ ਭਾਰਤ ਭਰ ਵਿੱਚ ਆਰਬੀਆਈ ਨੋਟੀਫਾਈਡ ਅਨਬੈਂਕਡ ਰੂਰਲ ਸੈਂਟਰਾਂ (ਯੂਆਰਸੀ) ਵਿੱਚ 60 ਬਿਜ਼ਨਸ ਕਾਰਸਪੌਂਡੈਂਟਸ (ਬੀ.ਸੀ.) ਦਾ ਉਦਘਾਟਨ ਕੀਤਾ। ਬੈਂਕਿੰਗ ਆਊਟਲੇਟ ਖੋਲ੍ਹਣ ਦਾ ਐਲਾਨ ਕੀਤਾ। . ਇਹ ਨਵੇਂ ਆਊਟਲੈੱਟਸ ਹੁਣ ਐੱਚ.ਡੀ.ਐੱਫ.ਸੀ ਬੈਂਕ ਦੀ URCNetwork ਮੌਜੂਦਗੀ ਨੂੰ 5,020 ਆਊਟਲੈਟਸ ਤੱਕ ਵਧਾ ਦਿੰਦੇ ਹਨ। ਇਹ ਧਿਆਨ ਦੇਣ ਯੋਗ ਹੈ ਕਿ ਬੈਂਕ ਦਾ 34% 23 ਏਜੰਟ ਨੈੱਟਵਰਕ ਹੁਣ 10,602 ਪਿੰਡਾਂ ਵਿੱਚ ਰਸਮੀ ਵਿੱਤੀ ਉਤਪਾਦ ਅਤੇ ਸੇਵਾਵਾਂ ਪ੍ਰਦਾਨ ਕਰਦਾ ਹੈ। ਇਹ ਪਹਿਲਕਦਮੀ CSC ਈ-ਸਰਕਾਰ ਦੇ ਸਹਿਯੋਗ ਨਾਲ ਕੀਤੀ ਗਈ ਸੀ। ਇਹ ਸੂਖਮ-ਉਦਮੀਆਂ ਵਜੋਂ ਕੰਮ ਕਰ ਰਹੇ ਗ੍ਰਾਮ ਪੱਧਰੀ ਉੱਦਮੀਆਂ (VLEs) ਨੂੰ ਵਾਂਝੇ ਖੇਤਰਾਂ ਵਿੱਚ ਭੌਤਿਕ ਕੇਂਦਰਾਂ ਅਤੇ ਭਾਈਚਾਰਿਆਂ ਰਾਹੀਂ ਸਿੱਧੇ ਆਖਰੀ ਮੀਲ ਤੱਕ ਜ਼ਰੂਰੀ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ। ਇਸ ’ਤੇ ਟਿੱਪਣੀ ਕਰਦੇ ਹੋਏ, ਸ਼੍ਰੀਮਤੀ ਸਮਿਤਾ ਭਗਤ, ਗਰੁੱਪ ਹੈੱਡ, ਰਿਟੇਲ ਬ੍ਰਾਂਚ ਬੈਂਕਿੰਗ - ਉੱਤਰੀ, ਪੂਰਬੀ ਅਤੇ ਕੇਂਦਰੀ, ABCP ਅਤੇ ਰਿਟੇਲ 6✓, ਐੱਚ.ਡੀ.ਐੱਫ.ਸੀ ਬੈਂਕ ਨੇ ਕਿਹਾ, ਐੱਚ.ਡੀ.ਐੱਫ.ਸੀ ਬੈਂਕ ਦੇਸ਼ ਦੇ ਦੂਰ-ਦੁਰਾਡੇ ਦੇ ਹਿੱਸਿਆਂ ਵਿੱਚ ਵੀ ਵਿੱਤੀ ਸਮਾਵੇਸ਼ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਾਨੂੰ ਖੁਸ਼ੀ ਹੈ ਕਿ ਸਾਡੇ 23 ਨੈੱਟਵਰਕ ਦਾ ਇੱਕ ਮਹੱਤਵਪੂਰਨ ਹਿੱਸਾ, ਲਗਭਗ 34%, ਭਾਰਤੀ ਰਿਜ਼ਰਵ ਬੈਂਕ ਦੁਆਰਾ ਸੂਚਿਤ ਕੀਤੇ ਬਿਨਾਂ ਬੈਂਕਡ ਗ੍ਰਾਮੀਣ ਕੇਂਦਰਾਂ (URCs) ਦੀ ਸੇਵਾ ਕਰਦਾ ਹੈ। ਸਾਡਾ ਉਦੇਸ਼ ਇਹਨਾਂ ਭਾਈਚਾਰਿਆਂ ਨੂੰ ਸਸ਼ਕਤ ਕਰਨਾ ਅਤੇ ਉਹਨਾਂ ਨੂੰ ਮਹੱਤਵਪੂਰਨ ਵਿੱਤੀ ਸੇਵਾਵਾਂ ਜਿਵੇਂ ਕਿ AEPS ਟ੍ਰਾਂਜੈਕਸ਼ਨਾਂ, ਡਿਪਾਜ਼ਿਟ ਤੱਕ ਪਹੁੰਚ ਪ੍ਰਦਾਨ ਕਰਨਾ ਹੈ। ਸੇਵਾਵਾਂ, ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਬੀਮਾ ਅਤੇ ਕ੍ਰੈਡਿਟ ਸਹੂਲਤਾਂ। ਹੱਲ ਪ੍ਰਦਾਨ ਕਰਕੇ ਸਰਕਾਰ ਦੇ ਵਿੱਤੀ ਸਮਾਵੇਸ਼ ਏਜੰਡੇ ਵਿੱਚ ਯੋਗਦਾਨ ਪਾਉਣ ਲਈ।÷ ਸ਼੍ਰੀ ਸੰਜੇ ਰਾਕੇਸ਼, MD, CSC, ਨੇ ਡਿਜੀਟਲ ਨਵੀਨਤਾ ਦੀ ਮਹੱਤਤਾ ’ਤੇ ਜ਼ੋਰ ਦਿੱਤਾ ਅਤੇ ਸੁਝਾਅ ਦਿੱਤਾ ਕਿ ਬੈਂਕ ਨੂੰ ਬੀ ਸੀ ਕੇਂਦਰਾਂ ’ਤੇ ਕਈ ਤਰ੍ਹਾਂ ਦੇ ਡਿਜੀਟਲ ਉਤਪਾਦਾਂ ਅਤੇ ਸੇਵਾਵਾਂ ਨੂੰ ਸ਼ੁਰੂ ਕਰਨ ’ਤੇ ਵਿਚਾਰ ਕਰਨਾ ਚਾਹੀਦਾ ਹੈ। ਇਸ ਰਣਨੀਤਕ ਕਦਮ ਦਾ ਉਦੇਸ਼ ਕੈਚਮੈਂਟ ਖੇਤਰ ਦੇ ਗਾਹਕਾਂ ਨੂੰ ਸਿੱਧੇ ਤੌਰ ’ਤੇ ਵਿਆਪਕ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨਾ ਹੈ। ਇਸ ਤੋਂ ਇਲਾਵਾ, ਸ਼੍ਰੀਰਾਕੇਸ਼ ਨੇ URC ਸਥਾਨਾਂ ’ਤੇ BCs ਵਜੋਂ ਕੰਮ ਕਰ ਰਹੇ VLEs ਨੂੰ ਸਥਾਨਕ ਗਾਹਕ ਅਧਾਰ ਨੂੰ ਸੰਬੰਧਿਤ ਵਿੱਤੀ ਉਤਪਾਦਾਂ ਅਤੇ ਸੇਵਾਵਾਂ ਦੀ ਪੇਸ਼ਕਸ਼ ਕਰਕੇ ਐੱਚ.ਡੀ.ਐੱਫ.ਸੀ ਬੈਂਕ ਅਤੇ CSC ਭਾਈਵਾਲੀ ਰਾਹੀਂ ਆਪਣੀ ਕਮਾਈ ਦੀ ਸੰਭਾਵਨਾ ਨੂੰ ਵੱਧ ਤੋਂ ਵੱਧ ਕਰਨ ਦੀ ਸਲਾਹ ਦਿੱਤੀ।

# ਅੰਤਰਰਾਜੀ ਸਰਹੱਦ ’ਤੇ 24 ਘੰਟੇ ਨਜ਼ਰਸਾਨੀ ਰੱਖੀ ਜਾਵੇਗੀ : ਡੀ.ਆਈ.ਜੀ.

**➢ ਪੰਜਾਬ ਪੁਲਿਸ ਸ਼ਾਂਤਮਈ ਲੋਕ ਸਭਾ ਚੋਣਾਂ ਕਰਵਾਉਣ ਲਈ ਵਚਨਬੱਧ ➢ ਡਿਪਟੀ ਕਮਿਸ਼ਨਰ ਨੇ ਪੁਲਿਸ ਅਧਿਕਾਰੀਆਂ ਨੂੰ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਉਣ ਲਈ ਕਿਹਾ**

**ਪਟਿਆਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਰੇਂਜ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਹਰਿਆਣਾ ਨਾਲ ਲੱਗਦੇ ਅੰਤਰ ਰਾਜੀ ਬਾਰਡਰ ਉਪਰ 24 ਘੰਟੇ ਵਿਸ਼ੇਸ਼ ਨਾਕਾਬੰਦੀ ਕਰਕੇ ਨਜਾਇਜ਼ ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਉਪਰ ਵਿਸ਼ੇਸ਼ ਨਜ਼ਰ ਰੱਖੀ ਜਾਵੇ। ਉਹ ਅੱਜ ਜ਼ਿਲ੍ਹੇ ਦੇ ਸਮੂਹ ਗਜ਼ਟਿਡ ਅਫ਼ਸਰਾਂ, ਥਾਣਿਆਂ ਤੇ ਚੌਂਕੀਆਂ ਦੇ ਮੁਖੀਆਂ ਅਤੇ ਸਪੈਸ਼ਲ ਯੂਨਿਟ ਦੇ ਇੰਚਾਰਜਾਂ ਨਾਲ ਇੱਥੇ ਪੁਲਿਸ ਲਾਈਨ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕਰ ਰਹੇ ਸਨ। ਇਸ ਮੌਕੇ



ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਅਤੇ ਐਸ.ਐਸ.ਪੀ. ਵਰੁਣ ਸ਼ਰਮਾ ਵਿਸ਼ੇਸ਼ ਤੌਰ ਮੌਜੂਦ ਸਨ।

ਡੀ.ਆਈ.ਜੀ ਨੇ ਮੀਟਿੰਗ ਦੌਰਾਨ ਜਿਥੇ ਪੰਜਾਬ ਪੁਲਿਸ ਵੱਲੋਂ ਲੋਕ ਸਭਾ ਚੋਣਾਂ ਸ਼ਾਂਤਮਈ ਤਰੀਕੇ ਨਾਲ ਕਰਵਾਉਣ ਦੀ ਵਚਨਬੱਧਤਾ ਦੁਹਰਾਈ, ਉਥੇ ਤਨਦੇਹੀ ਨਾਲ ਡਿਊਟੀ ਨਿਭਾਉਣ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਹਦਾਇਤ ਕੀਤੀ ਕਿ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਸ਼ਾਂਤਮਈ ਚੋਣ ਅਮਲ ਵਿੱਚ ਵਿਘਨ ਪਾਉਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਉਨ੍ਹਾਂ ਨੇ ਵਿਸਥਾਰ ਨਾਲ ਕਰਾਇਮ ਬਾਰੇ ਵਿਚਾਰ ਵਟਾਂਦਰਾ ਕਰਦਿਆਂ ਅਗਾਮੀ ਲੋਕ ਸਭਾ ਚੋਣਾਂ-2024 ਸਬੰਧੀ ਸੁਰੱਖਿਆ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ।

ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੇ ਜ਼ਿਲ੍ਹੇ ਵਿੱਚ ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਦੇ ਅਮਲ ਨੂੰ ਯਕੀਨੀ ਬਣਾਉਣ ਲਈ ਹਦਾਇਤ ਕਰਦਿਆਂ ਕਿਹਾ ਕਿ ਆਦਰਸ਼ ਚੋਣ ਜ਼ਾਬਤੇ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ।

# ਅੰਮ੍ਰਿਤਸਰ ’ਚ 20 ਸਾਲਾਂ ਤੋਂ ਇੱਥੇ ਲੋਕ ਸਭਾ ਚੋਣਾਂ ਜਿੱਤਣ ਵਾਲੇ ਨੇ ਕਦੇ ਵੀ ਕੇਂਦਰ ਦੀ ਸੱਤਾ ਦਾ ਆਨੰਦ ਨਹੀਂ ਮਾਣਿਆ

**ਅੰਮ੍ਰਿਤਸਰ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਅੰਮ੍ਰਿਤਸਰ ਲੋਕ ਸਭਾ ਸੀਟ ਗਰਮ ਸੀਟ ਮੰਨੀ ਜਾਂਦੀ ਹੈ। ਇਸ ਸੀਟ ਦਾ ਲੰਮੇ ਸਮੇਂ ਤੋਂ ਇਹ ਇਤਿਹਾਸ ਰਿਹਾ ਹੈ ਕਿ ਅੰਮ੍ਰਿਤਸਰ ਤੋਂ ਜਿਸ ਵੀ ਪਾਰਟੀ ਦਾ ਉਮੀਦਵਾਰ ਲੋਕ ਸਭਾ ਮੈਂਬਰ ਚੁਣਿਆ ਗਿਆ ਹੈ, ਕੇਂਦਰ ਵਿਚ ਉਸ ਦੀ ਸਰਕਾਰ ਨਹੀਂ ਬਣੀ।

ਇਸ ਖੇਤਰ ਨੂੰ ਹਮੇਸ਼ਾ ਵਿਰੋਧੀ ਪਾਰਟੀ ਦੇ ਸੰਸਦ ਮੈਂਬਰ ਵੱਲੋਂ ਅੰਮ੍ਰਿਤਸਰ ਸੀਟ ਤੋਂ ਜਿੱਤਣ ਦਾ ਖਮਿਆਜ਼ਾ ਭੁਗਤਣਾ ਪਿਆ ਹੈ। ਚੁਣੇ ਹੋਏ ਸੰਸਦ ਮੈਂਬਰ ਹਮੇਸ਼ਾ ਹੀ ਲੋਕਾਂ ਸਾਹਮਣੇ ਇਹ ਗੱਲ ਕਹਿੰਦੇ ਹਨ ਕਿ ਕੇਂਦਰ ’ਚ ਵਿਰੋਧੀ ਪਾਰਟੀ ਹੋਣ ਕਾਰਨ ਅੰਮ੍ਰਿਤਸਰ ਨੂੰ ਬਜਟ ਅਤੇ ਹੋਰ ਸਕੀਮਾਂ ਤਹਿਤ ਚੰਗੇ ਪ੍ਰਾਜੈਕਟ ਨਹੀਂ ਮਿਲ ਸਕੇ, ਜਿਸ ਕਾਰਨ ਅੰਮ੍ਰਿਤਸਰ ਸੰਸਦੀ ਹਲਕਾ ਚੋਣਾਂ ਦੇ ਮੁਕਾਬਲੇ ਕਾਫੀ ਪਛੜ ਗਿਆ ਹੈ। ਹੋਰ ਸੰਸਦੀ ਹਲਕਿਆਂ ਦਾ ਵਿਕਾਸ ਹੈ।

**1999 ਵਿੱਚ ਕਾਂਗਰਸ ਦੀ ਜਿੱਤ ਹੋਈ, ਵਾਜਪਾਈ ਦੀ ਸਰਕਾਰ ਬਣੀ**

ਸਾਲ 1999 ਵਿੱਚ ਕਾਂਗਰਸ ਦੇ ਰਘੁਨੰਦਨ ਲਾਲ ਭਾਟੀਆ ਨੇ ਇਹ ਸੀਟ ਜਿੱਤੀ ਸੀ। ਫਿਰ ਵਾਜਪਾਈ ਦੀ ਅਗਵਾਈ ਵਿੱਚ ਦੇਸ਼ ਵਿੱਚ ਭਾਜਪਾ ਦੀ ਸਰਕਾਰ ਬਣੀ। ਭਾਜਪਾ ਦੇ ਨਵਜੋਤ ਸਿੰਘ ਸਿੱਧੂ 2004 ਤੋਂ 2009 ਤੱਕ ਇਸ ਸੀਟ ਤੋਂ ਸੰਸਦ ਮੈਂਬਰ ਰਹੇ।

ਫਿਰ ਕੇਂਦਰ ਵਿਚ ਡਾ: ਮਨਮੋਹਨ ਸਿੰਘ ਦੀ ਅਗਵਾਈ ਵਿਚ ਕਾਂਗਰਸ ਦੀ ਸਰਕਾਰ ਰਹੀ। 2014 ’ਚ ਇਸ ਸੀਟ ’ਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਸੰਸਦ ਮੈਂਬਰ ਬਣੇ ਸਨ। ਉਦੋਂ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਸੀ।

ਕਾਂਗਰਸ ਦੇ ਗੁਰਜੀਤ ਔਜਲਾ ਨੇ 2017 ਵਿੱਚ ਲੋਕ ਸਭਾ ਉਪ ਚੋਣ ਜਿੱਤੀ ਸੀ, ਉਦੋਂ ਵੀ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਸੀ। ਇਸੇ ਤਰ੍ਹਾਂ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਗੁਰਜੀਤ ਸਿੰਘ ਔਜਲਾ ਨੇ ਜਿੱਤ ਹਾਸਲ ਕੀਤੀ ਸੀ, ਉਦੋਂ ਵੀ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਰਹੀ ਸੀ। ਇਹੀ ਕਾਰਨ ਹੈ ਕਿ ਪਿਛਲੇ 20 ਸਾਲਾਂ ਤੋਂ ਅੰਮ੍ਰਿਤਸਰ ਤੋਂ ਜਿੱਤੇ ਸੰਸਦ ਮੈਂਬਰ ਹਮੇਸ਼ਾ ਲੋਕਾਂ ਸਾਹਮਣੇ ਇਹ ਕਹਿੰਦੇ ਸੁਣੇ ਗਏ ਹਨ ਕਿ ਕੇਂਦਰ ਵਿੱਚ ਵਿਰੋਧੀ ਪਾਰਟੀ ਦੀ ਸਰਕਾਰ ਹੈ, ਇਸ ਲਈ ਅੰਮ੍ਰਿਤਸਰ ਨੂੰ ਲੋੜੀਂਦੇ ਫੰਡ ਅਤੇ ਪ੍ਰੋਜੈਕਟ ਮੁਹੱਈਆ ਨਹੀਂ ਕਰਵਾਏ ਜਾ ਰਹੇ।

# ਮਣਕੂ ਐਗਰੋਟੈਕ ਸਮਾਣਾ ਦੇ ਐਮ.ਡੀ. ਸੁਖਵਿੰਦਰ ਸਿੰਘ ਮਣਕੂ ਨੇ ਰੈਡ ਕਰਾਸ ਸੁਸਾਇਟੀ ਲਈ 50 ਲੱਖ ਰੁਪਏ ਦਾ ਚੈਕ ਡਿਪਟੀ ਕਮਿਸ਼ਨਰ ਨੂੰ ਸੌਂਪਿਆ



ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੂੰ ਰੈਡ ਕਰਾਸ ਸੁਸਾਇਟੀ ਪਟਿਆਲਾ ਲਈ 50 ਲੱਖ ਰੁਪਏ ਦਾ ਚੈਕ ਸੌਂਪਦੇ ਹੋਏ ਮਣਕੂ ਐਗਰੋ ਟੈਕ ਪ੍ਰਾਈਵੇਟ ਲਿਮਟਿਡ ਸਮਾਣਾ ਦੇ ਐਮ.ਡੀ. ਸੁਖਵਿੰਦਰ ਸਿੰਘ ਮਣਕੂ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

**ਪਟਿਆਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਣਕੂ ਐਗਰੋਟੈਕ ਪ੍ਰਾਈਵੇਟ ਲਿਮਟਿਡ ਸਮਾਣਾ ਦੇ ਐਮ.ਡੀ. ਸੁਖਵਿੰਦਰ ਸਿੰਘ ਮਣਕੂ ਨੇ ਆਪਣੇ ਸੀ.ਐਸ.ਆਰ. ਫੰਡਾਂ ਵਿੱਚੋਂ 50 ਲੱਖ ਰੁਪਏ ਦਾ ਚੈਕ ਇੰਡੀਅਨ ਰੈਡ ਕਰਾਸ ਸੁਸਾਇਟੀ ਪਟਿਆਲਾ ਲਈ ਮੈਡੀਕਲ ਫੈਸਿਲਟੀਜ਼ ਦੀ ਅਪਗ੍ਰੇਡੇਸ਼ਨ ਤੇ ਮੈਡੀਕਲ ਸਾਜੋ-ਸਮਾਨ ਖਰੀਦਣ ਲਈ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੂੰ ਸੌਂਪਿਆ। ਡਿਪਟੀ ਕਮਿਸ਼ਨਰ ਨੇ ਸੁਖਵਿੰਦਰ ਸਿੰਘ ਮਣਕੂ ਵੱਲੋਂ ਮਣਕੂ ਐਗਰੋਟੈਕ ਪ੍ਰਾਈਵੇਟ ਲਿਮਟਿਡ ਦੇ ਸੀ.ਐਸ.ਆਰ. ਫੰਡਾਂ ਵਿੱਚੋਂ ਸਮਾਜ ਭਲਾਈ ਲਈ ਦਿੱਤੇ ਜਾ ਰਹੇ ਯੋਗਦਾਨ ਦੀ ਭਰਵੀਂ ਸ਼ਲਾਘਾ ਕੀਤੀ। ਉਨ੍ਹਾਂ ਅਪੀਲ ਕੀਤੀ ਕਿ ਹੋਰ ਸੰਸਥਾਵਾਂ ਵੀ ਇਸੇ ਤਰ੍ਹਾਂ ਸਮਾਜ ਭਲਾਈ ਲਈ ਆਪਣਾ ਯੋਗਦਾਨ ਪਾਉਣ ਲਈ ਅੱਗੇ ਆਉਣ। ਸੁਖਵਿੰਦਰ ਸਿੰਘ ਮਣਕੂ ਨੇ ਦੱਸਿਆ ਕਿ ਮਣਕੂ ਐਗਰੋਟੈਕ ਸਮਾਣਾ ਨੇ ਕੋਵਿਡ ਸਮੇਂ 20 ਲੱਖ ਰੁਪਏ ਰੈਡ ਕਰਾਸ ਸੁਸਾਇਟੀ ਦੀ ਮਦਦ ਲਈ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਨੂੰ ਸੌਂਪੇ ਸਨ, ਇਸ ਤੋਂ ਬਾਅਦ ਸਿਵਲ ਹਸਪਤਾਲ ਸਮਾਣਾ ਲਈ ਡਾਇਲਾਸਿਸ ਯੂਨਿਟ, ਜੈਨਰੇਟਰ ਸੈਟ ਤੇ ਲਾਂਡਰੀ ਲਈ 54 ਲੱਖ ਰੁਪਏ ਦੇਣ ਸਮੇਤ ਹੋਰ ਵੀ ਕਈ ਕੰਮਾਂ ਲਈ ਆਪਣਾ ਯੋਗਦਾਨ ਪਾਇਆ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਕੰਚਨ, ਜ਼ਿਲ੍ਹਾ ਉਦਯੋਗ ਕੇਂਦਰ ਦੇ ਮੈਨੇਜਰ ਅੰਗਦ ਸਿੰਘ ਸੋਹੀ, ਸੀ.ਏ. ਰਾਜੇਸ਼ ਗੁਪਤਾ ਅਤੇ ਰੈਡ ਕਰਾਸ ਸੁਸਾਇਟੀ ਦੇ ਸਕੱਤਰ ਡਾ. ਪ੍ਰਿਤਪਾਲ ਸਿੰਘ ਸਿੱਧੂ ਵੀ ਮੌਜੂਦ ਸਨ।

# ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਭਾਜਪਾ ’ਚ ਸ਼ਾਮਲ, ਅੰਮ੍ਰਿਤਸਰ ਤੋਂ ਲੜ ਸਕਦੇ ਨੇ ਲੋਕ ਸਭਾ ਚੋਣ

**ਨਵੀਂ ਦਿੱਲੀ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਵਿੱਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਅੱਜ ਭਾਜਪਾ ਵਿੱਚ ਸ਼ਾਮਲ ਹੋ ਗਏ।ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਲੋਕ ਸਭਾ ਚੋਣਾਂ ਵਿੱਚ ਮੈਦਾਨ ਵਿੱਚ ਉਤਾਰਿਆ ਜਾ ਸਕਦਾ ਹੈ। ਉਹ ਪਾਰਟੀ ਦੇ ਜਨਰਲ ਸਕੱਤਰ ਵਿਨੋਦ ਤਾਵੜੇ ਅਤੇ ਤਰੁਣ ਚੁੱਘ ਦੀ ਮੌਜੂਦਗੀ ਵਿੱਚ ਪਾਰਟੀ ਵਿੱਚ ਸ਼ਾਮਲ ਹੋਏ। ਭਾਜਪਾ ਵਿੱਚ ਸ਼ਾਮਲ ਹੋ ਕੇ ਸ੍ਰੀ ਸੰਧੂ ਨੇ ਭਾਰਤ-ਅਮਰੀਕਾ ਸਬੰਧਾਂ ’ਚ ਹੋਏ ਵਿਕਾਸ ਬਾਰੇ ਗੱਲ ਕੀਤੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪਾਰਟੀ ਪ੍ਰਧਾਨ ਜੇਪੀ ਨੱਢਾ ਦਾ ਧੰਨਵਾਦ ਕੀਤਾ।

# ਨਾਇਬ ਸੈਣੀ ਗੁਰਦੁਆਰਾ ਸ਼੍ਰੀ ਨਾਡਾ ਸਾਹਿਬ ਵਿਖੇ ਹੋਏ ਨਤਮਸਤਕ, ਲੋਕ ਸਭਾ ਮੁਹਿੰਮ ਦੀ ਕੀਤੀ ਸ਼ੁਰੂਆਤ

**ਅੰਬਾਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੰਗਲਵਾਰ ਨੂੰ ਅੰਬਾਲਾ ’ਚ ਪਾਰਟੀ ਦੀ ਲੋਕ ਸਭਾ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਤੀਜੀ ਵਾਰ ਸੱਤਾ ’ਚ ਲਿਆਉਣਾ ਹੈ। ਲੋਕ ਸਭਾ ਮੁਹਿੰਮ ਦੀ ਸ਼ੁਰੂਆਤ ਤੋਂ ਪਹਿਲਾਂ ਮੁੱਖ ਮੰਤਰੀ ਪੰਚਕੂਲਾ ਦੇ ਗੁਰਦੁਆਰਾ ਸ਼੍ਰੀ ਨਾਡਾ ਸਾਹਿਬ ਵਿਖੇ ਵੀ ਨਤਮਸਤਕ ਹੋਏ ਅਤੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ। ਸੈਣੀ ਨੇ ਕਿਹਾ ਕਿ ਮੈਂ ਅੰਬਾਲਾ ਵਿਚ ਆਪਣੇ ਸਾਰੇ ਪਾਰਟੀ ਵਰਕਰਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਅਤੇ ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਤੁਸੀਂ ਆਪਣੀਆਂ ਕੀਮਤੀ ਵੋਟਾਂ ਸਾਡੇ ਉਮੀਦਵਾਰ ਬੰਤੋ ਕਟਾਰੀਆ ਨੂੰ ਪਾਓ। ਅਸੀਂ ਪ੍ਰਧਾਨ ਮੰਤਰੀ ਮੋਦੀ ਨੂੰ ਜਿੱਤ ਕੇ ਸੱਤਾ ਵਿਚ ਵਾਪਸ ਲਿਆਉਣਾ ਹੈ।

ਇਸ ਤੋਂ ਪਹਿਲਾਂ 14 ਮਾਰਚ ਨੂੰ ਮੁੱਖ ਮੰਤਰੀ ਸੈਣੀ ਨੇ ਦਿੱਲੀ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਸੀ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਮਗਰੋਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਮੈਨੂੰ ਆਸ਼ੀਰਵਾਦ ਦਿੱਤਾ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਰਿਆਂ ਨੂੰ ਨਾਲ ਲੈ ਕੇ ਹਰਿਆਣਾ ਨੂੰ ਮਜ਼ਬੂਤੀ ਨਾਲ ਅੱਗੇ ਲੈ ਕੇ ਜਾਣਾ ਹੈ। ਉਨ੍ਹਾਂ ਕਿਹਾ ਕਿ ਮਨੋਹਰ ਲਾਲ ਦੀ ਅਗਵਾਈ ਵਿਚ ਹਰਿਆਣਾ ਦਾ ਜੋ ਅਕਸ ਬਣਿਆ ਹੈ, ਉਸ ਨੂੰ ਅੱਗੇ ਵਧਾਇਆ ਜਾਵੇਗਾ।

# ਸ਼ਹੀਦ ਅੰਮ੍ਰਿਤਪਾਲ ਦੇ ਪਰਿਵਾਰ ਨਾਲ ਦੁੱਖ ਵੰਡਾਉਣ ਪਹੁੰਚੇ ਮੁੱਖ ਮੰਤਰੀ ਭਗਵੰਤ ਮਾਨ



**ਦਸੂਹਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਪੁਲਸ ਮੁਲਾਜ਼ਮ ਸ਼ਹੀਦ ਅੰਮ੍ਰਿਤਪਾਲ ਸਿੰਘ ਦੇ ਗ੍ਰਹਿ ਪਿੰਡ ਜੰਡੋਰ ਵਿਖੇ ਪਹੁੰਚੇ। ਜਿੱਥੇ ਉਨ੍ਹਾਂ ਨੇ ਸ਼ਹੀਦ ਦੇ ਪਿਤਾ ਹਰਮਿੰਦਰ ਸਿੰਘ, ਭਰਾ ਸੁਖਬੀਰ ਸਿੰਘ, ਮਾਤਾ ਸੁਰਿੰਦਰ ਕੌਰ, ਪਤਨੀ ਗਗਨਦੀਪ ਕੌਰ ਅਤੇ ਹੋਰ ਪਿੰਡ ਵਾਸੀਆਂ ਨਾਲ ਸ਼ਹੀਦ ਦੀ ਮੌਤ ’ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਐਡਵੋਕੇਟ ਕਰਮਵੀਰ ਸਿੰਘ ਘੁੰਮਣ, ਵਿਧਾਇਕ ਰਾਜਕੁਮਾਰ ਚੱਬੇਵਾਲ, ਐੱਸ. ਐੱਸ. ਪੀ. ਸੁਰਿੰਦਰ ਲਾਂਬਾ ਅਤੇ ਹੋਰ ਹਾਜ਼ਰ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਅੰਮ੍ਰਿਤਪਾਲ ਸਿਰਫ ਪਿੰਡ ਦਾ ਨਹੀਂ ਸਗੋਂ ਪੂਰੇ ਪੰਜਾਬ ਦਾ ਪੁੱਤ ਹੈ। ਅੰਮ੍ਰਿਤਪਾਲ ਪਿੰਡ ਦਾ ਹੀਰਾ ਸੀ, ਜਿਸ ਕਾਰਣ ਹਰ ਕੋਈ ਦੁਖੀ ਹੈ ਕਿ ਅੱਜ ਸਾਡਾ ਹੀਰਾ ਗਵਾਚ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਪਰਿਵਾਰ ਦੇ ਨਾਲ ਖੜ੍ਹੇ ਹਾਂ। ਅੰਮ੍ਰਿਤਪਾਲ ਨੂੰ ਸ਼ਹੀਦ ਕਰਨ ਵਾਲੇ ਗੈਂਗਸਟਰ ਨੂੰ ਵੀ ਮਾਰ ਦਿੱਤਾ ਗਿਆ ਹੈ। ਪਤਾ ਲੱਗਾ ਹੈ ਕਿ ਗੈਂਗਸਟਰ ਦੀ ਕੋਈ ਲਾਸ਼ ਲੈਣ ਵੀ ਨਹੀਂ ਆ ਰਿਹਾ ਹੈ।

# ਉਮੀਦਵਾਰਾਂ ਨੂੰ ਆਪਣੇ ਵਿਰੁੱਧ ਦਰਜ ਮੁਕੱਦਮੇ ਬਾਰੇ ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਆ ’ਚ ਤਿੰਨ ਵਾਰ ਦੇਣਾ ਪਵੇਗਾ ਇਸ਼ਤਿਹਾਰ

**➢ ਜ਼ਿਲ੍ਹਾ ਚੋਣ ਅਫ਼ਸਰ ਤੇ ਐਸ.ਐਸ.ਪੀ ਵੱਲੋਂ ਸਿਆਸੀ ਪਾਰਟੀਆਂ ਨੂੰ ਚੋਣ ਜਾਬਤੇ ਦੀ ਪਾਲਣਾ ਸਖ਼ਤੀ ਨਾਲ ਕਰਨ ਦੀ ਅਪੀਲ ➢ ਚੋਣ ਜਾਬਤੇ ਦੀ ਪਾਲਣਾ ਸਬੰਧੀਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ**

**ਪਟਿਆਲਾ, 20 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਅਤੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਲੋਕ ਸਭਾ ਚੋਣਾਂ ਸਬੰਧੀਂ ਲਾਗੂ ਹੋਏ ਚੋਣ ਜਾਬਤੇ ਤੋਂ ਜਾਣੂ ਕਰਵਾਉਣ ਲਈ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਮੂਹ ਸਿਆਸੀ ਪਾਰਟੀਆਂ ਨੂੰ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਲਾਗੂ ਕੀਤੇ ਚੋਣ ਜਾਬਤੇ ਦੀ ਸਖ਼ਤੀ ਪਾਲਣਾ ਨਾਲ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸਿਆਸੀ ਪਾਰਟੀਆਂ ਅਤੇ ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਨੂੰ ਪੂਰਾ ਸਹਿਯੋਗ ਦੇਵੇਗਾ।



ਜ਼ਿਲ੍ਹਾ ਚੋਣ ਅਫ਼ਸਰ ਤੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਅਤੇ ਐਸ.ਐਸ.ਪੀ. ਵਰੁਣ ਸ਼ਰਮਾ ਚੋਣ ਜਾਬਤੇ ਸਬੰਧੀਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਦੇ ਹੋਏ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਜੇਕਰ ਕਿਸੇ ਉਮੀਦਵਾਰ ਦੀ ਵੋਟ ਪਟਿਆਲਾ ਲੋਕ ਸਭਾ ਹਲਕੇ ਵਿੱਚ ਨਹੀਂ ਬਣੀ ਹੋਈ ਤਾਂ ਉਹ ਆਪਣੀ ਵੋਟ ਨਾਮਜਦਗੀ ਦੇ ਆਖਰੀ ਦਿਨ ਤੋਂ 10 ਦਿਨ ਪਹਿਲਾਂ ਤੱਕ ਫਾਰਮ ਨੰਬਰ 6 ਭਰਕੇ ਬਣਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਆਪਣੀਆਂ ਸਾਰੀਆਂ ਗਤੀਵਿਧੀਆਂ ਨਿਰਧਾਰਤ ਨਿਯਮਾਂ ਅਤੇ ਆਦਰਸ਼ ਚੋਣ ਜਾਬਤੇ ਦੇ ਨਿਰਧਾਰਤ ਨੇਮਾਂ ਅੰਦਰ ਰਹਿ ਕੇ ਹੀ ਕਰਨ ਤਾਂ ਉਨ੍ਹਾਂ ਨੂੰ ਕੋਈ ਦਿਕਤ ਨਹੀਂ ਆਵੇਗੀ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਉਮੀਦਵਾਰ ਲਈ ਕਾਨੂੰਨੀ ਚੋਣ ਖ਼ਰਚੇ ਦੀ ਸੀਮਾ 95 ਲੱਖ ਰੁਪਏ ਨਿਰਧਾਰਤ ਕੀਤੀ ਗਈ ਹੈ, ਇਸ ਲਈ ਸਾਰੇ ਉਮੀਦਵਾਰ ਨਿਯਮਾਂ ਦਾ ਪਾਲਣ ਕਰਨ ਕਿਉਂਕਿ ਉਨ੍ਹਾਂ ਦੇ ਖਰਚੇ ’ਤੇ ਨਜ਼ਰ ਰੱਖੀ ਜਾਵੇਗੀ। ਖ਼ਰਚੇ ਦਾ ਸਾਰਾ ਲੇਖਾ ਜੋਖਾ ਰੱਖਿਆ ਜਾਵੇ ਤੇ ਇਸ ਦੀ ਤਿੰਨ ਵਾਰ ਪੜਤਾਲ ਕੀਤੀ ਜਾਵੇਗੀ ਤੇ ਜੇਕਰ ਕੋਈ ਉਮੀਦਵਾਰ ਖਰਚੇ ਰਜਿਸਟਰ ਦੀ ਪੜਤਾਲ ਨਹੀਂ ਕਰਵਾਉਂਦਾ ਤਾਂ ਪ੍ਰਵਾਨਗੀਆਂ ਰੱਦ ਹੋਣ ਜਾਣਗੀਆਂ।

ਪ੍ਰਚਾਰ ਲਈ ਵਰਤੇ ਜਾਣ ਵਾਲੇ ਪ੍ਰਿੰਟ, ਇਲੈਕਟ੍ਰੋਨਿਕ ਅਤੇ ਸੋਸ਼ਲ ਮੀਡੀਆ ਪਲੇਟਫ਼ਾਰਮ ’ਤੇ ਵੀ ਚੋਣ ਕਮਿਸ਼ਨ ਵੱਲੋਂ ਤਿੱਖੀ ਨਜ਼ਰ ਰੱਖੀ ਜਾਵੇਗੀ, ਜਿਸ ਲਈ ਹਰ ਤਰ੍ਹਾਂ ਦੇ ਪ੍ਰਚਾਰ ਲਈ ਉਮੀਦਵਾਰਾਂ ਵੱਲੋਂ ਅਗੇਤੀਆਂ ਪ੍ਰਵਾਨਗੀਆਂ ਲੈਣੀਆਂ ਲਾਜਮੀ ਹਨ। ਉਨ੍ਹਾਂ ਕਿਹਾ ਕਿ ਸਾਰੀ ਪ੍ਰਚਾਰ ਸਮੱਗਰੀ ਉਪਰ ਪ੍ਰਿੰਟਰ ਤੇ ਪਬਲਿਸ਼ਰ ਦਾ ਨਾਮ ਲਿਖਿਆ ਹੋਣਾ ਲਾਜਮੀ ਹੈ।

ਨਾਮਜਦਗੀ ਸਮੇਂ ਹਰ ਉਮੀਦਵਾਰ ਨੂੰ ਫਾਰਮ ਨੰਬਰ 26 ਭਰਨ ਸਮੇਂ ਹਲਫ਼ੀਆ ਬਿਆਨ ਦਾ ਹਰ ਕਾਲਮ ਭਰਨ ਸਮੇਂ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੀ ਵੀ ਜਾਣਕਾਰੀ ਦੇਵੇਗਾ। ਇਸ ਤੋਂ ਬਿਨ੍ਹਾਂ ਉਮੀਦਵਾਰ ਨਾਮਜਦਗੀ ਦਾਖਲ ਕਰਨ ਦੀ ਪ੍ਰਕ੍ਰਿਆ ਚੋਣ ਕਮਿਸ਼ਨ ਵੱਲੋਂ 7 ਮਈ 2024 ਨੂੰ ਜਾਰੀ ਹੋਣ ਵਾਲੇ ਨੋਟੀਫਿਕੇਸ਼ਨ ਦੇ ਨਾਲ ਸ਼ੁਰੂ ਹੋ ਜਾਵੇਗੀ। ਉਮੀਦਵਾਰ ਆਪਣੇ ਨਾਮਜ਼ਦਗੀ ਪੱਤਰ ਦਾ ਕੋਈ ਵੀ ਕਾਲਮ ਜਾਂ ਖਾਨਾ ਖਾਲੀ ਨਹੀਂ ਛੱਡੇਗਾ।

ਉਮੀਦਵਾਰ ਨਾਮਜ਼ਦਗੀ ਦਾਖਲ ਕਰਨ ਲਈ ਆਪਣੇ ਨੌਮੀਨੇਸ਼ਨ ਫਾਰਮ ਵਿੱਚ ਆਪਣੇ ਨਿਜੀ ਵੇਰਵੇ ਕਮਿਸ਼ਨ ਦੇ ਪੋਰਟਲ ਸੁਵਿਧਾ ਡਾਟ ਈਸੀਆਈ ਡਾਟ ਜੀਓਵੀ ਡਾਟ ਇਨ www.suvidha.eci.gov.in ’ਤੇ ਆਨਲਾਈਨ ਵੀ ਭਰ ਸਕਣਗੇ। ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖਰੀ ਮਿਤੀ 14 ਮਈ ਹੈ ਤੇ 15 ਮਈ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ ਤੇ 17 ਮਈ ਨੂੰ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ। 1 ਮਈ ਨੂੰ ਵੋਟਾਂ ਪੈਣਗੀਆਂ ਤੇ 4 ਮਈ ਨੂੰ ਵੋਟਾਂ ਦੀ ਗਿਣਤੀ ਹੋਵੇਗੀ।

ਇਸ ਮੌਕੇ ਮੌਜੂਦ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਦੀਆਂ ਵੱਖ-ਵੱਖ ਟੀਮਾਂ ਨਿਰੰਤਰ ਕਾਰਜਸ਼ੀਲ ਹਨ ਅਤੇ ਪੁਲਿਸ ਅਤੇ ਆਬਕਾਰੀ ਵਿਭਾਗ ਵੱਲੋਂ ਵੀ ਚੌਕਸੀ ਵਰਤੀ ਜਾ ਰਹੀ ਹੈ, ਇਸ ਲਈ ਨਸ਼ਿਆਂ ਦੀ ਵੰਡ ਸਮੇਤ ਕੋਈ ਵੀ ਗ਼ੈਰਕਾਨੂੰਨੀ ਗਤੀਵਿਧੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਗਰੀਬ ਤੋਂ ਗਰੀਬ ਵੋਟਰ ਵੀ ਆਪਣੀ ਵੋਟ ਨਿਰਪੱਖ ਤੇ ਬਿਨ੍ਹਾਂ ਡਰ ਭੈਅ ਤੋਂ ਵੋਟ ਦੀ ਵਰਤੋਂ ਕਰੇ।

ਐਸ.ਐਸ.ਪੀ. ਸ਼ਰਮਾ ਨੇ ਕਿਹਾ ਕਿ ਕੋਈ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਵੋਟਰਾਂ ਨੂੰ ਕਿਸੇ ਤਰ੍ਹਾਂ ਪ੍ਰਭਾਵਤ ਨਾ ਕਰੇ ਅਤੇ ਜੇਕਰ ਕੋਈ ਅਜਿਹਾ ਮਾਮਲਾ ਸਾਹਮਣੇ ਆਇਆ ਤਾਂ ਪੜਤਾਲ ਕਰਕੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਸ਼ੇ, ਸ਼ਰਾਬ ਤੇ ਕੋਈ ਹੋਰ ਗ਼ੈਰਕਾਨੂੰਨੀ ਵਸਤੂ ਵੋਟਰਾਂ ਨੂੰ ਵੰਡੇ ਜਾਣ ਦਾ ਮਾਮਲਾ ਵੀ ਸਾਹਮਣੇ ਆਇਆ ਤਾਂ ਬਣਦੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪੁਲਿਸ ਬਿਨ੍ਹਾਂ ਕਿਸੇ ਡਰ ਭੈਅ ਤੋਂ ਪਾਰਦਰਸ਼ੀ ਢੰਗ ਨਾਲ ਚੋਣਾਂ ਕਰਵਾਉਣ ਲਈ ਵਚਨਬੱਧ ਹੈ, ਇਸ ਲਈ ਸਮੂਹ ਸਿਆਸੀ ਪਾਰਟੀਆਂ ਸਹਿਯੋਗ ਕਰਨ।

# ਸਾਇੰਸ ਸਿਟੀ ਵਲੋਂ ਕਰਵਾਏ ਗਏ ਇਨੋਟੈਕ 2024 ਵਿਚ 100 ਤੋਂ ਵੱਧ ਨਵੀਆਂ-ਨਵੀਆਂ ਕਾਢਾਂ ’ਤੇ ਆਧਾਰਤ ਮਾਡਲਾਂ ਦਾ ਪ੍ਰਦਰਸ਼ਨ

**ਜਲੰਧਰ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਸ਼ਪਾ ਗੁਜਰਾਲ ਸਾਇੰਸ ਸਿਟੀ ਵਲੋਂ 19ਵੇਂ ਸਥਾਪਨਾਂ ਦਿਵਸ ਤੇ ਆਈ.ਕੇ.ਜੀ ਪੰਜਾਬ ਟੈਕਨੀਕਲ ਯੂਨੀਵਰਸਿਟੀ ਨਾਲ ਮਿਲਕੇ ਸਾਂਝੇ ਤੌਰ ਤੇ ਇਨੋਟੈਕ-2024 ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੰਜਾਬ ਭਰ ਦੇ ਇੰਜੀਨੀਅਰਿਗ ਅਤੇ ਪੌਲੀਟੈਕਨਿਕ ਕਾਲਜਾਂ ਦੇ 400 ਤੋਂ ਵੱਧ ਵਿਦਿਆਰਥੀਆਂ ਨੇ ਵੱਖ-ਵੱਖ ਮਾਡਲਾਂ ਰਾਹੀ ਨਵੀਆਂ -ਨਵੀਆਂ ਕਾਢਾਂ ਤੇ ਤਕਨੀਕਾਂ ਦਾ ਪ੍ਰਦਰਸ਼ਨ ਕੀਤਾ। ਐਨ.ਆਈ.ਟੀ ਜਲੰਧਰ ਅਤੇ ਥਾਪਰ ਕਾਲਜ ਪਟਿਆਲਾ ਦੇ ਮਾਹਿਰਾਂ ਦੀ ਟੀਮ ਵਲੋਂ ਵਿਦਿਆਰਥੀਆਂ ਦੁਆਰਾ ਨਵੀਨਤਾਂ ਤੇ ਆਧਾਰਤ ਤਿਆਰ ਕੀਤੇ ਗਏ ਮਾਡਲਾਂ ਦਾ ਨਿਰੀਖਣ ਕੀਤਾ ਗਿਆ।

ਡਾ. ਸੁਸ਼ੀਲ ਮਿੱਤਲ ਉੱਪ-ਕੁਲਪਤੀ ਆਈ.ਕੇ.ਜੀ ਪੰਜਾਬ ਟੈਕਨੀਕਲ ਯੂਨੀਵਰਸਿਟੀ ਇਸ ਮੌਕੇ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਡਾ.ਮਿੱਤਲ ਨੇ ਇੰਜੀਨੀਅਰਿੰਗ ਦੇ ਖੇਤਰ ਵਿਚ ਪੈਰ ਰੱਖਣ ਵਾਲੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਬੇਮਿਸਾਲ ਯੁਕਤ੍ਹਾਂ ਅਤੇ ਤਕਨੀਕੀ ਤਰੱਕੀ ਵੱਲ ਅਗਰਸਰ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਸਥਾਈ ਵਿਕਾਸ ਦੇ ਟੀਚਿਆਂ ਦੀ ਪ੍ਰਾਪਤੀ ਦੇ ਨਾਲ—ਨਾਲ ਉਤਪਾਦਕਤਾ ਨੂੰ ਵਧਾਉਣ, ਆਰਥਿਕਤਾ ਵਿਚ ਬਦਲਾਅ, ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ, ਸਿਹਤ ਸੰਭਾਲ ਦੀਆਂ ਸਹੂਲਤਾਂ ਨੂੰ ਅੱਗੇ ਵਧਾਉਣ, ਖੇਤੀਬਾੜੀ ਦੇ ਢੰਗ ਤਰੀਕਿਆਂ ਵਿਚ ਸਥਿਰਤਾ ਨਾਲ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਰਹਿਣ—ਸਹਿਣ ਵਿਚ ਸੁਧਾਰ ਆਦਿ ਲਈ ਵਿਗਿਆਨ,ਤਕਨਾਲੋਜੀ ਅਤੇ ਨਵੀਨਤਾ ਦੀ ਭੂਮਿਕਾ ਉਪਰ ਜ਼ੋਰ ਦਿੱਤਾ। ਇਸ ਮੌਕੇ ਸਾਇੰਸ ਸਿਟੀ ਦੇ ਡਾਇਰੈਕਟਰ ਡਾ.ਰਾਜੇਸ਼ ਗਰੋਵਰ ਨੇ ਜਲਵਾਯੂ ਪਰਿਵਰਤਨ ਤੋਂ ਲੈ ਕੇ ਵਿਸ਼ਵ ਪੱਧਰ ਤੇ ਪਾਈਆਂ ਜਾ ਰਹੀਆਂ ਸਿਹਤ ਨਾਲ ਸਬੰਧਤ ਦੁਨੀਆਂ ਨੂੰ ਦਰਪੇਸ਼ ਚੁਣੌਤੀਆਂ ਤੋਂ ਨੌਜਵਾਨਾਂ ਇੰਜੀਨੀਅਰਾਂ ਨੂੰ ਜਾਣੂ ਕਰਵਾਇਆ।ਉਨ੍ਹਾਂ ਦੱਸਿਆ ਕਿ ਨਵੀਨਤਾਂ ਹੀ ਇਕੋ ਇਕ ਕੁੰਜੀ ਹੈ, ਜਿਸ ਦੁਆਰਾ ਇਹਨਾਂ ਚੁਣੌਤੀਆਂ ਨੂੰ ਹੱਲ ਕਰਨ ਦੇ ਨਾਲ -ਨਾਲ ਨਵੇਂ ਵਿਚਾਰ ਅਤੇ ਨਵੀਆਂ ਤਕਨੀਕਾਂ ਪੈਦਾ ਕੀਤੀਆਂ ਜ਼ਾ ਸਕਦੀਆਂ ਹਨ। ਉਨ੍ਹਾਂ ਉਭਰ ਰਹੇ ਇੰਜੀਨਅਰਾਂ ਨੂੰ ਸੱਦਾ ਦਿੰਦਿਆ ਕਿਹਾ ਕਿ ਨੌਜਵਾਨਾਂ ਦੇ ਦਿਮਾਂਗ ਨਵੀਨ ਵਿਚਾਰਾਂ ਨਾਲ ਭਰੂਪਰ ਹੁੰਦੇ ਹਨ ਅਤੇ ਉਹਨਾਂ ਵਿਚ ਭਵਿੱਖ ਦੇ ਆਗੂਆਂ ਵਜੋਂ ਨਵੇਂ ਹੱਲ ਲਭੱਣ ਦੀ ਸਮਰੱਥਾ ਹੈ। ਇਹਨਾਂ ਦੇ ਯੋਗਦਾਨ ਦੀ ਸ਼ਕਤੀ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਥਾਈ ਵਿਕਾਸ ਦਿੱਤਾ ਜਾ ਸਕਦਾ ਹੈ। ਉਨ੍ਹਾਂ ਅੱਗੋਂ ਕਿਹਾ ਕਿ ਨਵੀਨਤਾ ਅਤੇ ਸਿਰਜਣਾਤਮਿਕਤਾ ਨੂੰ ਇਸ ਖਿੱਤੇ ਵਿਚ ਉਤਸ਼ਾਹਿਤ ਕਰਨ ਦੇ ਆਸ਼ੇ ਨਾਲ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਵਲੋਂ ਹਰ ਸਾਲ ਆਪਣੇ ਸਲਾਨਾ ਦਿਵਸ *ਤੇ ਇਨੋਟੈਕ ਦਾ ਆਯੋਜਨ ਕੀਤਾ ਜਾਂਦਾ ਹੈ। ਇਹ ਪ੍ਰੋਗਰਾਮ ਨੌਜਵਾਨਾਂ ਨੂੰ ਹਰ ਸਾਲ ਆਪਣੇ ਨਵੀਨਤਕਾਰੀਲ ਮਾਡਲਾਂ ਰਾਹੀ ਸਿਰਜਣਾਤਮਿਕ ਤੇ ਨਵੀਆਂ —ਨਵੀਆਂ ਕਾਢਾਂ ਦਾ ਸੱਭਿਆਚਾਰ ਪੈਦਾ ਕਰਨ ਲਈ ਇਕ ਪਲੇਟ ਫ਼ਾਰਮ ਮੁਹੱਈਆ ਕਰਵਾਉਂਦਾ ਹੈ। ਇਸ ਮੌਕੇ ਇੰਜੀਨੀਅਰਿਗ ਅਤੇ ਪੋਲੀਟੈਕਨਿਕ ਵਿਦਿਆਰਥੀਆਂ ਵਲੋਂ ਤਿਆਰ ਪ੍ਰੋਜੈਕਟ ਮਾਡਲਾਂ ਦੇ ਨਤੀਜੇ ਇਸ ਪ੍ਰਕਾਰ ਰਹੇ : ਸਾਫ਼ਟਵੇਅਰ ਇੰਜੀਨੀਅਰਿੰਗ ਵਿਚ ਚੰਡੀਗੜ੍ਹ ਗਰੁੱਪ ਕਾਲਜਿਜ ਲਾਂਡਰਾ ਮੋਹਲੀ ( ਪ੍ਰੋਜੈਕਟ : ਐਡਵਾਂਸ ਆਲਟੀਫ਼ਿਸ਼ੀਅਲ ਡਰੋਨ) ਅਤੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਹੁਸ਼ਿਆਰਪੁਰ (ਪ੍ਰੋਜੈਕਟ ਡੋਸ ਅਟੈਕ ਅਤੇ ਇਸ ਨੂੰ ਘਟਾਉਣਾ) ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ ਤੇ ਰਹੇ।ਸਾਫ਼ਟਵੇਅਰ ਪੌਲੀਟੈਕਨਿਕ ਵਿਚ ਮੇਹਰ ਚੰਦ ਪੌਲੀਟੈਕਨਿਕ ਜਲੰਧਰ (ਪ੍ਰੋਜੈਕਟ: ਭਾਰਤ ਦਰਪਣ) ਅਤੇ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫ਼ਗਵਾੜਾ (ਲੈਂਜ ਕੇਅਰ )ਨੇ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕੀਤਾ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ 13 ਲੋਕ ਸਭਾ ਹਲਕਿਆਂ ਦੇ ਵੋਟਰਾਂ ਬਾਬਤ ਵੇਰਵੇ ਜਾਰੀ

**ਚੰਡੀਗੜ੍ਹ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਦੇ ਕੁੱਲ ਪੋਲਿੰਗ ਸਟੇਸ਼ਨਾਂ ਅਤੇ ਕੁੱਲ ਵੋਟਰਾਂ ਬਾਬਤ ਜਾਣਕਾਰੀ ਜਾਰੀ ਕੀਤੀ ਹੈ। ਉਨ੍ਹਾਂ ਦੱਸਿਆ ਕਿ 1 ਮਾਰਚ 2024 ਤੱਕ ਪੰਜਾਬ ਵਿਚ ਕੁੱਲ 2 ਕਰੋੜ 12 ਲੱਖ 71 ਹਜ਼ਾਰ 246 ਵੋਟਰ ਹਨ। ਇਨ੍ਹਾਂ ਵਿਚ 1 ਕਰੋੜ 11 ਲੱਖ 92 ਹਜ਼ਾਰ 959 ਮਰਦ ਵੋਟਰ ਜਦਕਿ 1 ਕਰੋੜ 77 ਹਜ਼ਾਰ 543 ਔਰਤ ਵੋਟਰ ਹਨ। ਕੁੱਲ 744 ਟਰਾਂਸਜੈਂਡਰ ਵੋਟਰ ਹਨ। 13 ਸੀਟਾਂ ਲਈ ਕੁੱਲ 24433 ਪੋਲਿੰਗ ਸਟੇਸ਼ਨ ਸਥਾਪਤ ਕੀਤੇ ਗਏ ਹਨ।

ਵਿਸਥਾਰ ਵਿਚ ਜਾਣਕਾਰੀ ਅਨੁਸਾਰ ਗੁਰਦਾਸਪੁਰ ਲੋਕ ਸਭਾ ਸੀਟ ਲਈ ਕੁੱਲ ਪੋਲਿੰਗ ਸਟੇਸ਼ਨ 1895 ਹਨ ਅਤੇ ਕੁੱਲ ਵੋਟਰਾਂ ਦੀ ਗਿਣਤੀ 15 ਲੱਖ 95 ਹਜ਼ਾਰ 300 ਹੈ। ਇਨ੍ਹਾਂ ਵਿਚ 8 ਲੱਖ 44 ਹਜ਼ਾਰ 299 ਮਰਦ ਵੋਟਰ ਜਦਕਿ 7 ਲੱਖ 50 ਹਜ਼ਾਰ 965 ਔਰਤ ਵੋਟਰ ਹਨ। 36 ਵੋਟਰ ਟਰਾਂਸਜੈਂਡਰ ਹਨ। ਇਸੇ ਤਰ੍ਹਾਂ ਅੰਮ੍ਰਿਤਸਰ ਸੀਟ ਲਈ ਕੁੱਲ ਪੋਲਿੰਗ ਸਟੇਸ਼ਨ 1676 ਹਨ ਅਤੇ ਕੁੱਲ ਵੋਟਰਾਂ ਦੀ ਗਿਣਤੀ 15 ਲੱਖ 93 ਹਜ਼ਾਰ 846 ਹੈ। ਇਨ੍ਹਾਂ ਵਿਚ 8 ਲੱਖ 36 ਹਜ਼ਾਰ 966 ਮਰਦ ਵੋਟਰ ਜਦਕਿ 7 ਲੱਖ 56 ਹਜ਼ਾਰ 820 ਔਰਤ ਵੋਟਰ ਹਨ। 60 ਵੋਟਰ ਟਰਾਂਸਜੈਂਡਰ ਹਨ।

ਖਡੂਰ ਸਾਹਿਬ ਲਈ ਕੁੱਲ ਪੋਲਿੰਗ ਸਟੇਸ਼ਨ 1974 ਹਨ ਅਤੇ ਕੁੱਲ ਵੋਟਰਾਂ ਦੀ ਗਿਣਤੀ 16 ਲੱਖ 55 ਹਜ਼ਾਰ 468 ਹੈ। ਇਨ੍ਹਾਂ ਵਿਚ 8 ਲੱਖ 70 ਹਜ਼ਾਰ 337 ਮਰਦ ਵੋਟਰ ਜਦਕਿ 7 ਲੱਖ 85 ਹਜ਼ਾਰ 67 ਔਰਤ ਵੋਟਰ ਹਨ। 64 ਵੋਟਰ ਟਰਾਂਸਜੈਂਡਰ ਹਨ। ਜਲੰਧਰ (ਰਾਖਵੀਂ) ਸੀਟ ਲਈ ਕੁੱਲ ਪੋਲਿੰਗ ਸਟੇਸ਼ਨ 1951 ਹਨ ਅਤੇ ਕੁੱਲ ਵੋਟਰਾਂ ਦੀ ਗਿਣਤੀ 16 ਲੱਖ 41 ਹਜ਼ਾਰ 872 ਹੈ। ਇਨ੍ਹਾਂ ਵਿਚ 8 ਲੱਖ 54 ਹਜ਼ਾਰ 48 ਮਰਦ ਵੋਟਰ ਜਦਕਿ 7 ਲੱਖ 87 ਹਜ਼ਾਰ 781 ਔਰਤ ਵੋਟਰ ਹਨ।

43 ਵੋਟਰ ਟਰਾਂਸਜੈਂਡਰ ਹਨ। ਹੁਸ਼ਿਆਰਪੁਰ (ਰਾਖਵੀਂ) ਸੀਟ ਲਈ ਕੁੱਲ ਪੋਲਿੰਗ ਸਟੇਸ਼ਨ 1963 ਹਨ ਅਤੇ ਕੁੱਲ ਵੋਟਰਾਂ ਦੀ ਗਿਣਤੀ 15 ਲੱਖ 93 ਹਜ਼ਾਰ 18 ਹੈ। ਇਨ੍ਹਾਂ ਵਿਚ 8 ਲੱਖ 26 ਹਜ਼ਾਰ 679 ਮਰਦ ਵੋਟਰ ਜਦਕਿ 7 ਲੱਖ 66 ਹਜ਼ਾਰ 296 ਔਰਤ ਵੋਟਰ ਹਨ। 43 ਵੋਟਰ ਟਰਾਂਸਜੈਂਡਰ ਹਨ।

ਇਸੇ ਤਰ੍ਹਾਂ ਆਨੰਦਪੁਰ ਸਾਹਿਬ ਸੀਟ ਲਈ ਕੁੱਲ ਪੋਲਿੰਗ ਸਟੇਸ਼ਨ 2066 ਹਨ ਅਤੇ ਕੁੱਲ ਵੋਟਰਾਂ ਦੀ ਗਿਣਤੀ 17 ਲੱਖ 11 ਹਜ਼ਾਰ 255 ਹੈ। ਇਨ੍ਹਾਂ ਵਿਚ 8 ਲੱਖ 93 ਹਜ਼ਾਰ 567 ਮਰਦ ਵੋਟਰ ਜਦਕਿ 8 ਲੱਖ 17 ਹਜ਼ਾਰ 627 ਔਰਤ ਵੋਟਰ ਹਨ। 61 ਵੋਟਰ ਟਰਾਂਸਜੈਂਡਰ ਹਨ।

ਲੁਧਿਆਣਾ ਸੀਟ ਲਈ ਕੁੱਲ ਪੋਲਿੰਗ ਸਟੇਸ਼ਨ 1842 ਹਨ ਅਤੇ ਕੁੱਲ ਵੋਟਰਾਂ ਦੀ ਗਿਣਤੀ 17 ਲੱਖ 28 ਹਜ਼ਾਰ 619 ਹੈ। ਇਨ੍ਹਾਂ ਵਿਚ 9 ਲੱਖ 22 ਹਜ਼ਾਰ 5 ਮਰਦ ਵੋਟਰ ਜਦਕਿ 8 ਲੱਖ 6 ਹਜ਼ਾਰ 484 ਔਰਤ ਵੋਟਰ ਹਨ। 130 ਵੋਟਰ ਟਰਾਂਸਜੈਂਡਰ ਹਨ। ਫਤਹਿਗੜ੍ਹ ਸਾਹਿਬ (ਰਾਖਵੀਂ) ਸੀਟ ਲਈ ਕੁੱਲ ਪੋਲਿੰਗ ਸਟੇਸ਼ਨ 1820 ਹਨ ਅਤੇ ਕੁੱਲ ਵੋਟਰਾਂ ਦੀ ਗਿਣਤੀ 15 ਲੱਖ 39 ਹਜ਼ਾਰ 155 ਹੈ। ਇਨ੍ਹਾਂ ਵਿਚ 8 ਲੱਖ 16 ਹਜ਼ਾਰ 775 ਮਰਦ ਵੋਟਰ ਜਦਕਿ 7 ਲੱਖ 22 ਹਜ਼ਾਰ 353 ਔਰਤ ਵੋਟਰ ਹਨ। 27 ਵੋਟਰ ਟਰਾਂਸਜੈਂਡਰ ਹਨ।

ਫਰੀਦਕੋਟ (ਰਾਖਵੀਂ) ਸੀਟ ਲਈ ਕੁੱਲ ਪੋਲਿੰਗ ਸਟੇਸ਼ਨ 1688 ਹਨ ਅਤੇ ਕੁੱਲ ਵੋਟਰਾਂ ਦੀ ਗਿਣਤੀ 15 ਲੱਖ 78 ਹਜ਼ਾਰ 937 ਹੈ। ਇਨ੍ਹਾਂ ਵਿਚ 8 ਲੱਖ 34 ਹਜ਼ਾਰ 493 ਮਰਦ ਵੋਟਰ ਜਦਕਿ 7 ਲੱਖ 44 ਹਜ਼ਾਰ 363 ਔਰਤ ਵੋਟਰ ਹਨ। 81 ਵੋਟਰ ਟਰਾਂਸਜੈਂਡਰ ਹਨ। ਫਿਰੋਜ਼ਪੁਰ ਸੀਟ ਲਈ ਕੁੱਲ ਪੋਲਿੰਗ ਸਟੇਸ਼ਨ 1902 ਹਨ ਅਤੇ ਕੁੱਲ ਵੋਟਰਾਂ ਦੀ ਗਿਣਤੀ 16 ਲੱਖ 57 ਹਜ਼ਾਰ 131 ਹੈ। ਇਨ੍ਹਾਂ ਵਿਚ 8 ਲੱਖ 73 ਹਜ਼ਾਰ 684 ਮਰਦ ਵੋਟਰ ਜਦਕਿ 7 ਲੱਖ 83 ਹਜ਼ਾਰ 402 ਔਰਤ ਵੋਟਰ ਹਨ। 45 ਵੋਟਰ ਟਰਾਂਸਜੈਂਡਰ ਹਨ।

ਉੱਧਰ ਬਠਿੰਡਾ ਸੀਟ ਲਈ ਕੁੱਲ ਪੋਲਿੰਗ ਸਟੇਸ਼ਨ 1814 ਹਨ ਅਤੇ ਕੁੱਲ ਵੋਟਰਾਂ ਦੀ ਗਿਣਤੀ 16 ਲੱਖ 38 ਹਜ਼ਾਰ 881 ਹੈ। ਇਨ੍ਹਾਂ ਵਿਚ 8 ਲੱਖ 63 ਹਜ਼ਾਰ 989 ਮਰਦ ਵੋਟਰ ਜਦਕਿ 7 ਲੱਖ 74 ਹਜ਼ਾਰ 860 ਔਰਤ ਵੋਟਰ ਹਨ। 32 ਵੋਟਰ ਟਰਾਂਸਜੈਂਡਰ ਹਨ। ਸੰਗਰੂਰ ਸੀਟ ਲਈ ਕੁੱਲ ਪੋਲਿੰਗ ਸਟੇਸ਼ਨ 1765 ਹਨ ਅਤੇ ਕੁੱਲ ਵੋਟਰਾਂ ਦੀ ਗਿਣਤੀ 15 ਲੱਖ 50 ਹਜ਼ਾਰ 17 ਹੈ। ਇਨ੍ਹਾਂ ਵਿਚ 8 ਲੱਖ 20 ਹਜ਼ਾਰ 879 ਮਰਦ ਵੋਟਰ ਜਦਕਿ 7 ਲੱਖ 29 ਹਜ਼ਾਰ 92 ਔਰਤ ਵੋਟਰ ਹਨ। 46 ਵੋਟਰ ਟਰਾਂਸਜੈਂਡਰ ਹਨ। ਪਟਿਆਲਾ ਸੀਟ ਲਈ ਕੁੱਲ ਪੋਲਿੰਗ ਸਟੇਸ਼ਨ 2077 ਹਨ ਅਤੇ ਕੁੱਲ ਵੋਟਰਾਂ ਦੀ ਗਿਣਤੀ 17 ਲੱਖ 87 ਹਜ਼ਾਰ 747 ਹੈ। ਇਨ੍ਹਾਂ ਵਿਚ 9 ਲੱਖ 35 ਹਜ਼ਾਰ 238 ਮਰਦ ਵੋਟਰ ਜਦਕਿ 8 ਲੱਖ 52 ਹਜ਼ਾਰ 433 ਔਰਤ ਵੋਟਰ ਹਨ। 76 ਵੋਟਰ ਟਰਾਂਸਜੈਂਡਰ ਹਨ।

# ਫ਼ਿਰੋਜ਼ਪੁਰ ਵਿਖੇ 2 ਕਰੋੜ ਦੀ ਲਾਗਤ ਨਾਲ ਬਣਿਆ ਦੇਸ਼ ਦਾ ਪਹਿਲਾ ਇਤਿਹਾਸਕ ਸਾਰਾਗੜ੍ਹੀ ਮਿਊਜ਼ੀਅਮ ਲੋਕ ਅਰਪਿਤ

## ➢ 2 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਸਾਰਾਗੜ੍ਹੀ ਵਾਰ ਮੈਮੋਰੀਅਲ ਦਾ ਕੰਮ ਵੀ ਜ਼ੋਰਾਂ 'ਤੇ ➢ ਹੁਸੈਨੀਵਾਲਾ ਸ਼ਹੀਦੀ ਸਮਾਰਕ ਦੀ ਕਾਇਆ ਕਲਪ ਲਈ 25 ਕਰੋੜ ਖਰਚੇ ਜਾਣਗੇ

**ਫਿਰੋਜ਼ਪੁਰ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸਾਰਾਗੜ੍ਹੀ ਦੀ ਇਤਿਹਾਸਕ ਲੜਾਈ ਵਿੱਚ ਦੁਸ਼ਮਣ ਨਾਲ ਟੱਕਰ ਲੈਂਦਿਆਂ ਸ਼ਹੀਦੀ ਪ੍ਰਾਪਤ ਕਰਨ ਵਾਲੇ 21 ਸਿੱਖ ਬਹਾਦਰ ਸੈਨਿਕਾਂ ਦੀ ਲਾਮਿਸਾਲ ਕੁਰਬਾਨੀ, ਬਹਾਦਰੀ ਤੇ ਜੁਝਾਰੂਪਣ ਨੂੰ ਸਮਰਪਿਤ 2 ਕਰੋੜ ਦੀ ਲਾਗਤ ਨਾਲ ਬਣਿਆ ਦੇਸ਼ ਦਾ ਪਹਿਲਾ ਇਤਿਹਾਸਕ ਸਾਰਾਗੜ੍ਹੀ ਮਿਊਜ਼ੀਅਮ ਲੋਕ ਅਰਪਿਤ ਕੀਤਾ ਗਿਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਅਨਮੋਲ ਗਗਨ ਮਾਨ ਦੀ ਯੋਗ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਕੌਮੀ ਸ਼ਹੀਦਾਂ ਦੀ ਯਾਦਗਾਰ, ਪੰਜਾਬ ਦੇ ਸ਼ਾਨਾਮਤੀ ਇਤਿਹਾਸ ਬਾਰੇ ਲੋਕਾਂ ਨੂੰ ਜਾਗਰੂਕ ਕਰਨ, ਰਾਜ ਵਿੱਚ ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨ ਅਤੇ ਇਤਿਹਾਸਕ ਮਹੱਤਤਾ ਵਾਲੇ ਸਥਾਨਾਂ ਦੇ ਵਿਕਾਸ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਅੱਜ ਵਿਧਾਇਕ ਸ. ਰਣਬੀਰ ਸਿੰਘ ਭੁੱਲਰ ਅਤੇ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਸਾਰਾਗੜ੍ਹੀ ਮਿਊਜ਼ੀਅਮ ਦਾ ਲੋਕ-ਅਰਪਣ ਕੀਤਾ।ਉਨ੍ਹਾਂ ਦੱਸਿਆ ਕਿ ਇਸ ਮਿਊਜ਼ੀਅਮ ਵਿੱਚ ਸਾਰਾਗੜ੍ਹੀ ਜੰਗ ਦੇ ਸਮੇਂ ਵਰਤੇ ਜਾਣ ਸਿਗਨਲਿੰਗ ਤਕਨੀਕ ਦੇ ਆਰਕੀਫੈਕਟਸ, ਇਕਿਊਪਮੈਂਟ, ਕੋਡਿੰਗ, ਡਿਕੋਡਿੰਗ ਨੂੰ ਦਰਸਾਇਆ ਗਿਆ ਹੈ, ਜਿਸ ਨਾਲ ਇਥੇ ਆਉਣ ਵਾਲੇ ਲੋਕਾਂ ਅਤੇ ਖਾਸ ਕਰ ਸਕੂਲੀ ਵਿਦਿਆਰਥੀਆਂ ਨੂੰ ਇਤਿਹਾਸਕ ਦੇ ਨਾਲ-ਨਾਲ ਤਕਨੀਕੀ ਗਿਆਨ ਵੀ ਮਿਲੇਗਾ। ਇਸ ਮਿਊਜ਼ੀਅਮ ਵਿੱਚ ਸੱਤ ਗੈਲਰੀਆਂ ਬਣੀਆਂ ਹਨ ਜੋ ਕਿ ਸਾਰਾਗੜ੍ਹੀ ਪੋਸਟ ਅਤੇ ਜੰਗ ਦੀ ਵੱਖ-ਵੱਖ ਪਹਿਲੂਆਂ ਤੋਂ ਤਸਵੀਰ ਪੇਸ਼ ਕਰਦੀਆਂ ਹਨ। ਪਹਿਲੀ ਗੈਲਰੀ ਵਿੱਚ ਸਾਰਾਗੜ੍ਹੀ ਪੋਸਟ ਦਾ ਮਾਡਲ ਬਣਾਇਆ ਗਿਆ ਹੈ ਅਤੇ ਸਾਰਾਗੜ੍ਹੀ ਜੰਗ ਦਾ ਇਤਿਹਾਸ ਵੀ ਦਿਖਾਇਆ ਗਿਆ ਹੈ, ਜਿਸ ਵਿੱਚ ਸਾਰਾਗੜ੍ਹੀ ਦੇ ਸ਼ਹੀਦਾਂ ਬਾਰੇ ਜਾਣਕਾਰੀ ਹੈ। ਗੈਲਰੀ -2 ਵਿੱਚ ਥਰੀ ਡੀ ਥਿਏਟਰ ਬਣਾਇਆ ਗਿਆ ਹੈ ਜਿੱਥੇ ਹਵਲਦਾਰ ਈਸ਼ਰ ਸਿੰਘ ਦੀ ਅਗਵਾਈ ਵਿੱਚ ਹਜ਼ਾਰਾਂ ਅਫਗਾਨਾਂ ਨਾਲ ਨਾਲ ਲੜੇ 21 ਸਿੱਖ ਸੈਨਿਕਾਂ ਦੀ ਸ਼ੂਰਬੀਰਤਾ ਨੂੰ ਸਮਰਪਿਤ ਸਾਰਾਗੜ੍ਹੀ ਦੀ ਇਤਿਹਾਸਕ ਜੰਗ ਨੂੰ ਦਰਸਾਉਂਦੀ ਦੀ ਪੂਰੀ ਮੂਵੀ ਦਿਖਾਈ ਜਾਂਦੀ ਹੈ। ਗੈਲਰੀ-3 ਵਿੱਚ ਹੀਲਿਓਗ੍ਰਾਫੀ ਗੈਲਰੀ ਹੈ ਜਿਸ ਵਿੱਚ ਉਸ ਵੇਲੇ ਦੋ ਕਿਲੇ ਅਤੇ ਇਕ ਪੋਸਟ ਦੇ ਵਿੱਚ ਕਿਸ ਪ੍ਰਕਾਰ ਸਿਗਨਲਿੰਗ ਹੁੰਦੀ ਸੀ ਬਾਰੇ ਲਈਵ ਵੀ.ਐਫ.ਐਕਸ. ਤਕਨੀਕ ਰਾਹੀਂ ਦਿਖਾਇਆ ਗਿਆ ਹੈ। ਗੈਲਰੀ-4 ਵਿੱਚ ਟੂ ਡੀ ਮੂਵੀ ਚਲਦੀ ਹੈ ਜਿਸ ਵਿੱਚ ਇਸ ਲੜਾਈ ਤੋਂ ਬਾਅਦ ਦੀਆਂ ਹਾਲਾਤਾਂ, ਘਟਨਾਵਾਂ, ਸਨਮਾਨਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ। ਅਗਲੀ ਗੈਲਰੀ ਵਿੱਚ ਇਸ ਲੜਾਈ ਦੌਰਾਨ ਸਿੱਖ ਫੌਜੀਆਂ ਅਤੇ ਅਫ਼ਗਾਨਾਂ ਵੱਲੋਂ ਵਰਤੇ ਗਏ ਹਥਿਆਰਾਂ ਅਤੇ ਬੰਦੂਕਾਂ ਨੂੰ ਪ੍ਰਤੀਕ੍ਰਿਤਿਆਂ ਦੁਆਰਾ ਦਿਖਾਇਆ ਗਿਆ ਹੈ। ਛੇਵੀਂ ਗੈਲਰੀ ਜਿਸ ਨੂੰ ਲਾਸਟ ਮੈਨ ਗੈਲਰੀ ਵੀ ਕਿਹਾ ਜਾਂਦਾ ਹੈ ਆਖ਼ਰੀ ਸ਼ਹੀਦ ਗੁਰਮੁਖ ਸਿੰਘ ਨੂੰ ਸਮਰਪਿਤ ਹੈ। ਇਸ ਤੋਂ ਬਾਅਦ ਆਖ਼ਰੀ ਗੈਲਰੀ-7 ਹੈ ਜੋ ਕਿ ਸ਼ਰਧਾਂਜਲੀ ਗੈਲਰੀ ਅਤੇ ਸੈਲਫ਼ੀ ਗੈਲਰੀ ਹੈ। ਇੱਥੇ ਸਿੱਖ ਫੌਜੀਆਂ ਦੀ ਬੰਦੂਕ ਰੱਖੀ ਗਈ ਹੈ ਜਿੱਥੇ ਸੈਂਸਰ ਲਗਾਇਆ ਗਿਆ ਹੈ ਜਿਸ ਨੂੰ ਛੂਹ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ। ਇਸੇ ਗੈਲਰੀ ਵਿੱਚ ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦਾ ਲਾਈਵ ਕਟਆਊਟ ਲਗਾਇਆ ਗਿਆ ਹੈ ਜਿਸ ਕੋਲ ਖੜ੍ਹੇ ਹੋ ਕੇ ਲੋਕ ਸੈਲਫ਼ੀ ਲੈ ਸਕਦੇ ਹਨ। ਇਸ ਗੈਲਰੀ ਵਿੱਚ ਉਸ ਵੇਲੇ ਦੀਆਂ ਅਖ਼ਬਾਰਾਂ ਦੀ ਕਟਿੰਗ ਅਤੇ ਮਹਾਰਾਣੀ ਵਿਕਟੋਰੀਆਂ ਦੁਆਰਾ ਕੀਤਾ ਸਨਮਾਨ, ਸ਼ਹੀਦਾਂ ਦੀਆਂ ਬਣੀਆਂ ਯਾਦਗਾਰਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਗੈਲਰੀਆਂ ਵਿੱਚ ਟੱਚ ਪੈਨਲ ਲਗਾਏ ਗਏ ਹਨ ਜਿਨ੍ਹਾਂ ਵਿੱਚ ਸਾਰਾਗੜ੍ਹੀ ਜੰਗ ਅਤੇ ਸ਼ਹੀਦਾਂ ਬਾਰੇ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਵਿਸਥਾਰ ਨਾਲ ਜਾਣਕਾਰੀ ਲਈ ਜਾ ਸਕਦੀ ਹੈ। ਸਾਰਾਗੜ੍ਹੀ ਦੇ ਸ਼ਹੀਦਾਂ ਦੀ ਮਹਾਨ ਕੁਰਬਾਨੀ ਦੀ ਯਾਦ ਵਿੱਚ ਉਸਾਰਿਆ ਇਹ ਅਜਾਇਬਘਰ 36 ਸਿੱਖ ਦੇ 21 ਸੈਨਿਕਾਂ ਦੀ ਮਿਸਾਲੀ ਗਾਥਾ ਜੋ ਕਿ ਸਮਾਣਾ ਰਿੱਜ (ਹੁਣ ਪਾਕਿਸਤਾਨ) ਵਿਖੇ ਵਾਪਰੀ ਸੀ, ਜਿਨ੍ਹਾਂ ਨੇ 12 ਸਤੰਬਰ, 1897 ਨੂੰ 10,000 ਅਫ਼ਗਾਨੀਆਂ ਦੇ ਹਮਲੇ ਖ਼ਿਲਾਫ਼ ਗਹਿਗੱਚ ਲੜਾਈ ਲੜਦਿਆਂ ਕੁਰਬਾਨੀ ਦੇ ਦਿੱਤੀ ਸੀ, ਭਾਰਤੀ ਫੌਜ ਦੇ ਇਤਿਹਾਸ ਵਿਚ ਹਮੇਸ਼ਾਂ ਮਿਸਾਲ ਬਣੀ ਰਹੇਗੀ।

# ਡੀ ਬੀ ਜੀ ਵਲੋਂ ਫ਼ਰਿਸ਼ਤਿਆਂ ਨੂੰ ਸਨਮਾਨਿਤ ਕਰਨਾ ਪ੍ਰਸ਼ੰਸਾਯੋਗ ਉਪਰਾਲੇ : ਡਾ.ਬਲਬੀਰ ਸਿੰਘ



**ਪਟਿਆਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦੁਰਘਟਨਾ ਪੀੜਤਾਂ ਦੇ ਮਦਦਗਾਰ ਫ਼ਰਿਸ਼ਤਿਆਂ ਨੂੰ ਡਾਕਟਰ ਰਾਕੇਸ਼ ਵਰਮੀ ਸੰਸਥਾਪਕ ਡੈਡੀਕੇਟਿਡ ਬ੍ਰਦਰਜ਼ ਗਰੁੱਪ ਰਜਿਸਟਰਡ ਪੰਜਾਬ ਪਟਿਆਲਾ ਵਲੋਂ ਹਰ ਮਹੀਨੇ ਪ੍ਰਸ਼ੰਸਾ ਪੱਤਰ ਅਤੇ ਗੋਲਡ ਮੈਡਲ ਦੇ ਕੇ ਸਨਮਾਨਿਤ ਕਰਨ ਦੇ ਮਿਸ਼ਨ, ਸਾਡੇ ਪੰਜਾਬ ਅਤੇ ਭਾਰਤ ਵਿੱਚ ਸਰਵੋਤਮ ਮਾਨਵਤਾਵਾਦੀ ਕਾਰਜ ਹਨ ਇਸ ਲਈ ਪੰਜਾਬ ਸਰਕਾਰ, ਸਿਹਤ, ਟਰਾਂਸਪੋਰਟ ਅਤੇ ਸਿੱਖਿਆ ਮੰਤਰਾਲੇ ਵੱਲੋਂ ਡੀ ਬੀ ਜੀ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਜਾਂਦੀ ਹੈ, ਇਹ ਵਿਚਾਰ ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਜੀ ਨੇ ਮੁੱਢਲੀ ਸਹਾਇਤਾ ਫ਼ਸਟ ਏਡ ਦੀ ਸਿਖਲਾਈ ਪ੍ਰਾਪਤ ਬਿਜਲੀ ਬੋਰਡ ਦੇ ਅਕਾਊਂਟਸ ਅਫ਼ਸਰ ਸ੍ਰੀ ਅਮਰਦੀਪ ਸਿੰਘ ਨੂੰ 23 ਨੰਬਰ ਰੈਲਵੇ ਫਾਟਕ ਪਟਿਆਲਾ ਕੋਲ ਸੜਕੀ ਹਾਦਸੇ ਕਾਰਨ ਜਖਮੀ ਇਸਤਰੀ ਨੂੰ ਫ਼ਸਟ ਏਡ ਦੇ ਕੇ ਮਾਤਾ ਕੁਸ਼ੱਲਿਆ ਹਸਪਤਾਲ ਵਿਖੇ ਪਹੁੰਚਾਉਣ ਅਤੇ ਉਥੇ ਉਸ ਇਸਤ੍ਰੀ ਦੇ ਇਲਾਜ ਸੀ ਟੀ ਸਕੈਨ ਕਰਵਾਏ ਜਿਸ ਸਦਕਾ ਉਸਦੀ ਜਾਨ ਬਚਾਉਣ ਲਈ ਡੀ ਬੀ ਜੀ ਵਲੋਂ ਸਨਮਾਨਿਤ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਨੇ ਕਿਹਾ ਕਿ ਕੀਮਤੀ ਜਾਨਾਂ ਬਚਾਉਣ ਲਈ ਸੜਕਾਂ, ਘਰ ਮਹੱਲਿਆ, ਸੰਸਥਾਵਾਂ ਅਤੇ ਕੰਮ ਵਾਲੀਆਂ ਥਾਵਾਂ ਤੇ ਜ਼ਖ਼ਮੀਆਂ, ਬੇਹੋਸ਼, ਦਿਲ ਦੇ ਦੌਰੇ, ਅਨਜਾਇਨਾ ਕਾਰਡੀਅਕ ਅਰੈਸਟ ਸਮੇਂ ਤੁਰੰਤ ਮੌਕੇ ਤੇ ਠੀਕ ਮੁੱਢਲੀ ਸਹਾਇਤਾ, ਸੀ ਪੀ ਆਰ, ਰਿਕਵਰੀ ਪੁਜੀਸ਼ਨ, ਵੈਂਟੀਲੇਟਰ ਬਣਾਉਟੀ ਸਾਹ ਕਿਰਿਆ ਫਾਇਰ ਸੇਫਟੀ ਰੈਸਕਿਊ ਦੀ ਟ੍ਰੇਨਿੰਗ ਲੈਣ ਅਤੇ ਆਪਣੇ ਮਹੱਲਿਆਂ ਕਾਲੋਨੀਆਂ ਸੰਸਥਾਵਾਂ ਵਿਖੇ ਟਰੇਨਿੰਗ ਕੈਂਪ ਲਗਾਉਣ ਲਈ ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੇ ਪ੍ਰਧਾਨ ਡਾਕਟਰ ਰਾਕੇਸ਼ ਵਰਮੀ ਜਾਂ ਸ੍ਰੀ ਕਾਕਾ ਰਾਮ ਵਰਮਾ ਚੀਫ਼ ਟ੍ਰੇਨਰ ਫ਼ਸਟ ਏਡ ਸਿਹਤ ਸੇਫਟੀ ਜਾਗਰੂਕਤਾ ਮਿਸ਼ਨ ? ਜੋ ਪਿਛਲੇ 40 ਸਾਲਾਂ ਤੋਂ ਪੰਜਾਬ ਰੈੱਡ ਕਰਾਸ ਸੁਸਾਇਟੀ ਵੱਲੋਂ ਫ਼ਸਟ ਏਡ ਸੀ ਪੀ ਆਰ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਦੀ ਟ੍ਰੇਨਿੰਗ ਦੇਣ ਲਈ ਪ੍ਰਸ਼ੰਸਾਯੋਗ ਉਪਰਾਲੇ ਕਰ ਰਹੇ ਹਨ, ਨੂੰ ਸਪੰਰਕ ਕਰਨਾ ਚਾਹੀਦਾ। ਡਾਕਟਰ ਬਲਬੀਰ ਸਿੰਘ ਨੇ ਧੰਨਵਾਦ ਕਰਦੇ ਹੋਏ ਕਿਹਾ ਪੰਜਾਬ ਸਰਕਾਰ ਅਜਿਹੇ ਮਦਦਗਾਰ ਫਰਿਸਤਿਆ ਨੂੰ ਸਵਤੰਤਰਤਾ ਜਾਂ ਗਣਤੰਤਰ ਦਿਵਸ ਮੌਕੇ ਵੀ ਸਨਮਾਨਿਤ ਕਰੇਗੀ। ਉਨ੍ਹਾਂ ਨੇ ਡੀ ਬੀ ਜੀ ਦੇ ਪ੍ਰਧਾਨ ਡਾਕਟਰ ਰਾਕੇਸ਼ ਵਰਮੀ, ਮਹਾਨ ਖ਼ੂਨਦਾਨੀ ਨੂੰ ਸੰਤ ਸਿਪਾਹੀ ਦਾ ਸਨਮਾਨ ਦਿੰਦੇ ਹੋਏ ਕਿਹਾ ਕਿ ਦੂਸਰੀਆਂ ਸੰਸਥਾਵਾਂ, ਸਿੱਖਿਆ ਅਦਾਰਿਆਂ ਨੂੰ ਵੀ ਕੀਮਤੀ ਜਾਨਾਂ ਬਚਾਉਣ ਲਈ ਸਿੱਖਿਆ ਸੰਸਥਾਵਾਂ ਪੁਲਿਸ ਮਹੱਲਿਆਂ ਕਾਲੋਨੀਆਂ ਵਿਖੇ ਟਰੇਨਿੰਗ ਪ੍ਰੋਗਰਾਮ ਕਰਵਾਕੇ, ਮਦਦਗਾਰ ਫਰਿਸਤੇ ਤਿਆਰ ਕਰਨੇ ਚਾਹੀਦੇ ਹਨ ਤਾਂ ਜੋਂ ਹਰੇਕ ਜ਼ਿੰਦਗੀ ਬਚਾਈ ਜਾਵੇ। ਵਿਦਿਆਰਥੀਆਂ ਨੌਜਵਾਨਾਂ ਐਨ ਐਸ ਐਸ ਵੰਲਟੀਅਰਾਂ ਐਨ ਸੀ ਸੀ ਕੈਡਿਟਸ ਅਤੇ ਲੋਕਾਂ ਨੂੰ ਪੀੜਤਾਂ ਦੀ ਮਦੱਦ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿਣਾ ਚਾਹੀਦਾ ਜਿਸ ਲਈ ਫ਼ਸਟ ਏਡ ਸੀ ਪੀ ਆਰ ਦੀ ਟ੍ਰੇਨਿੰਗ ਲੈਣੀ ਚਾਹੀਦੀ ਹੈ। ਸ੍ਰੀ ਅਮਰਦੀਪ ਸਿੰਘ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੇ ਮਿਸ਼ਨ ਨੂੰ ਦੇਖਦੇ ਆਤਮ ਵਿਸ਼ਵਾਸ ਹੌਸਲੇ ਨਾਲ ਪੀੜਤ ਭੈਣ ਨੂੰ ਫ਼ਸਟ ਏਡ ਦੇਕੇ ਹਸਪਤਾਲ ਪਹੁੰਚਾਇਆ ਜਿਸ ਸਦਕਾ ਉਸ ਭੈਣ ਦੇ ਘਰ ਪਰਿਵਾਰ ਦੀਆਂ ਖੁਸ਼ੀਆਂ ਬਚ ਗਈਆ ਇਸ ਲਈ ਹਰੇਕ ਇਨਸਾਨ ਨੂੰ ਹਾਦਸੇ ਘਟਾਉਣ ਅਤੇ ਪੀੜਤਾਂ ਨੂੰ ਬਚਾਉਣ ਲਈ ਮਦਦਗਾਰ ਫਰਿਸਤੇ ਵਜੋਂ ਤਿਆਰ ਰਹਿਣਾ ਚਾਹੀਦਾ ਹੈ ਇਹ ਜਾਣਕਾਰੀ ਫਕੀਰ ਚੰਦ ਮਿਤਲ ਡੀ ਬੀ ਜੀ ਪਟਿਆਲਾ ਨੇ ਦਿੱਤੀ ।

# ਬੇਰੁਜ਼ਗਾਰ ਸਿਹਤ ਵਰਕਰ ਕਰਨਗੇ ਅੱਜ ਸਿਹਤ ਮੰਤਰੀ ਦੀ ਕੋਠੀ ਦਾ ਘਿਰਾਓ



**ਪਟਿਆਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਵਿੱਚ ਮਲਟੀ ਪਰਪਜ਼ ਹੈਲਥ ਵਰਕਰ ਪੁਰਸ਼ ਦੀ ਭਰਤੀ ਦੀ ਮੰਗ ਨੂੰ ਲੈਕੇ ਸੰਘਰਸ਼ ਕਰਦੇ ਆ ਰਹੇ ਬੇਰੁਜ਼ਗਾਰਾਂ ਨੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਦੇ ਲਾਰਿਆਂ ਤੋਂ ਅੱਕ ਕੇ 17 ਮਾਰਚ ਨੂੰ ਪਟਿਆਲਾ ਦੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਨੇੜਲੀ ਉਹਨਾਂ ਦੀ ਰਿਹਾਇਸ਼ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ।

ਯੂਨੀਅਨ ਆਗੂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਨੇ ਚੋਣ ਵਾਅਦਿਆਂ ਦੌਰਾਨ ਸਿਹਤ ਅਤੇ ਸਿੱਖਿਆ ਵਿਭਾਗ ਵਿੱਚ ਵਿਸ਼ੇਸ਼ ਤੌਰ 'ਤੇ ਭਰਤੀਆਂ ਕਰਨ ਦਾ ਵਾਅਦਾ ਕੀਤਾ ਸੀ।ਪ੍ਰੰਤੂ ਕਰੀਬ ਦੋ ਸਾਲ ਵਿੱਚ ਸਿਹਤ ਵਿਭਾਗ ਅੰਦਰ ਮਲਟੀ ਪਰਪਜ਼ ਹੈਲਥ ਵਰਕਰ ਦੀ ਇੱਕ ਵੀ ਅਸਾਮੀ ਲਈ ਇਸ਼ਤਿਹਾਰ ਨਹੀਂ ਦਿੱਤਾ ਗਿਆ।ਜਦਕਿ ਸੂਬੇ ਅੰਦਰ ਡੇਂਗੂ ਅਤੇ ਚਿਕਨਗੁਨੀਆ ਸਮੇਤ ਅਨੇਕਾਂ ਬਿਮਾਰੀਆਂ ਕੀਮਤੀ ਜਾਨਾਂ ਲੈ ਰਹੀਆਂ ਹਨ।ਉਹਨਾਂ ਕਿਹਾ ਕਿ ਦਰਜਨਾਂ ਮੀਟਿੰਗਾਂ ਵਿੱਚ ਸਿਹਤ ਮੰਤਰੀ ਨੇ ਭਾਵੇਂ ਭਰੋਸਾ ਦਿੱਤਾ ਸੀ।ਪ੍ਰੰਤੂ 31 ਦਸੰਬਰ 2023 ਤੱਕ ਹਜ਼ਾਰਾਂ ਬੇਰੁਜ਼ਗਾਰ ਓਵਰ ਏਜ਼ ਹੋ ਚੁੱਕੇ ਹਨ।ਜਦਕਿ ਯੂਨੀਅਨ ਪਹਿਲਾਂ ਹੀ ਉਮਰ ਹੱਦ ਛੋਟ ਸਮੇਤ ਭਰਤੀ ਦੀ ਮੰਗ ਕਰਦੀ ਆ ਰਹੀ ਹੈ।ਉਹਨਾਂ ਦੱਸਿਆ ਕਿ ਕਿਸੇ ਵੀ ਭਰਤੀ ਦੇ ਇਸ਼ਤਿਹਾਰ ਵਿੱਚ ਚਾਲੂ ਸਾਲ ਦੀ ਪਹਿਲੀ ਜਨਵਰੀ ਨੂੰ ਉਮਰ ਹੱਦ ਦੀ ਲਈ ਮੁੱਢਲੀ ਤਰੀਕ ਮੰਨਿਆ ਜਾਂਦਾ ਹੈ।ਉਹਨਾਂ ਕਿਹਾ ਕਿ ਭਾਵੇਂ ਸਿਹਤ ਵਿਭਾਗ ਅੰਦਰ ਵਰਕਰ ਪੁਰਸ਼ ਦੀਆਂ ਅੰਦਾਜ਼ਨ 270 ਅਸਾਮੀਆਂ ਮਨਜ਼ੂਰ ਹੋਣ ਦਾ ਪਤਾ ਲੱਗਾ ਹੈ।ਪ੍ਰੰਤੂ ਜੇਕਰ ਇਹ ਇਸ਼ਤਿਹਾਰ ਜਲਦੀ ਜਾਰੀ ਨਾ ਕੀਤਾ ਤਾਂ ਹਜ਼ਾਰਾਂ ਬੇਰੁਜ਼ਗਾਰ ਹੋਰ ਓਵਰ ਏਜ਼ ਹੋ ਜਾਣਗੇ।ਉਹਨਾਂ ਕਿਹਾ ਕਿ ਸਰਕਾਰ ਦੀ ਲਾਪਰਵਾਹੀ ਨਾਲ ਹਰੇਕ ਸਾਲ ਹਜ਼ਾਰਾਂ ਕੋਰਸ ਪਾਸ ਬੇਰੁਜ਼ਗਾਰ ਓਵਰ ਏਜ਼ ਦੀ ਸ੍ਰੇਣੀ ਵਿੱਚ ਸ਼ਾਮਿਲ ਹੋ ਰਹੇ ਹਨ।

ਉਹਨਾਂ ਕਿਹਾ ਕਿ ਅਜੇ ਵੀ ਸਿਹਤ ਮੰਤਰੀ ਨੀਂਦ ਵਿੱਚੋ ਜਾਗਣ ਅਤੇ ਸ੍ ਭਗਵੰਤ ਮਾਨ ਵੱਲੋ ਚੋਣਾਂ ਮੌਕੇ ਉਮਰ ਹੱਦ ਛੋਟ ਸਬੰਧੀ ਦਿੱਤੇ ਬਿਆਨਾਂ ਦੀ ਪੂਰਤੀ ਲਈ ਉਮਰ ਹੱਦ ਛੋਟ ਦੇ ਕੇ ਜਲਦੀ ਤੋਂ ਭਰਤੀ ਇਸ਼ਤਿਹਾਰ ਜਾਰੀ ਕਰਨ ਅਤੇ ਉਮਰ ਹੱਦ ਲੰਘਾ ਚੁੱਕੇ ਸਾਰੇ ਉਮੀਦਵਾਰਾਂ ਨੂੰ ਇਕ ਮੌਕਾ ਦੇਣ ਤਾਂ ਜੌਂ ਉਹਨਾਂ ਦੀਆਂ ਡਿਗਰੀਆਂ ਰੱਦੀ ਹੋਣ ਤੋ ਬਚ ਜਾਣ।

# ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਵੱਲੋਂ ਮਦਨਜੀਤ ਡਕਾਲਾ ਨੂੰ ਸ਼ਰਧਾ ਦੇ ਫੁੱਲ ਭੇਂਟ



**ਪਟਿਆਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਦੀ ਮੀਟਿੰਗ ਜਿਲਾ ਪ੍ਰਧਾਨ ਭੂਸ਼ਨ ਸ਼ਰਮਾ (ਜੋੜੀਆਂ ਭੱਠੀਆਂ) ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਬ੍ਰਾਹਮਣ ਸਮਾਜ ਦੇ ਇਮਾਨਦਾਰ, ਸੂਝਵਾਨ, ਨਿਧੱੜਕ, ਜਰਨੈਲ ਮਦਨਜੀਤ ਡਕਾਲਾ ਦੇ ਆਚਾਨਕ ਸਦੀਵੀਂ ਵਿਛੋੜੇ ਤੇ ਸਮਾਜ ਨੂੰ ਗਹਿਰਾ ਸਦਮਾ ਪਹੁੰਚਿਆ ਹੈ। ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਵੱਲੋਂ ਦੋ ਮਿੰਟ ਦਾ ਮੋਨ ਧਾਰਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਪ੍ਰਮਾਤਮਾ ਆਪਣੇ ਚਰਨਾ ਵਿੱਚ ਨਿਵਾਸ ਬਖਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ। ਧਰਮਪਾਲ ਰਾਏਪੁਰਮੰਡਲਾਂ ਤੇ ਸਤਪਾਲ ਪ੍ਰਾਸ਼ਰ ਨੇ ਮਦਨਜੀਤ ਡਕਾਲਾ ਦੀ ਜੀਵਨੀ ਅਤੇ ਸਮਾਜ ਵਿੱਚ ਪਾਏ ਅਹਿਮ ਯੋਗਦਾਨ ਬਾਰੇ ਚਾਨਣਾ ਪਾਇਆ। ਸਾਬਕਾ ਚੇਅਰਮੈਨ ਹਰਿੰਦਰ ਸ਼ਰਮਾ ਕੌਂਰਜੀਵਾਲਾ, ਅਸ਼ਵਨੀ ਭਾਸਕਰ ਸ਼ਾਸ਼ਤਰੀ ਤੇ ਸੰਜੀਵ ਅਹਿਰੂਕਲਾਂ ਨੇ ਪੰਜਾਬ ਸਰਕਾਰ ਤੋਂ ਬ੍ਰਾਹਮਣ ਵੈਲਫੇਅਰ ਬੋਰਡ ਪੰਜਾਬ ਨੂੰ ਮੁੜ ਸੁਰਜੀਤ ਕਰਨ ਲਈ ਬ੍ਰਾਹਮਣ ਸਮਾਜ ਨੂੰ ਇੱਕ ਮੰਚ ਤੇ ਇਕੱਠੇ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ। ਘਨਈਆ ਲਾਲ ਚੇਅਰਮੈਨ ਸਰਵ ਕਲਿਆਣ ਡਕੌਂਤ ਸਭਾ (ਇੰਡੀਆ) ਨੇ ਕਿਹਾ ਕਿ ਸਾਡਾ ਸਾਰਾ ਡਕੌਂਤ ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਦਾ ਤਹਿ ਦਿਲੋ ਸਮਰਥਨ ਕਰਦਾ ਹੈ। ਮੀਟਿੰਗ ਵਿੱਚ ਅੰਜਲੀ ਪਾਂਡੇ, ਦੇਵ ਪ੍ਰਯਾ, ਮਨੂ ਸ਼ਰਮਾ, ਵਿਸ਼ਾਲ ਕੁਮਾਰ, ਕਮਲਜੀਤ ਸ਼ਰਮਾ, ਚੰਨੂ ਜੈ ਨਗਰ, ਤਿਰਲੋਕੀ ਨਾਥ ਦੌਣ ਕਲਾਂ, ਅਸ਼ਵਨੀ ਸ਼ਰਮਾ, ਪ੍ਰਮੋਦ ਕੌਸ਼ਲ ਸਨੌਰ, ਭੁਪਿੰਦਰ ਸ਼ੇਰਮਾਜਰਾ, ਰਾਕੇਸ਼ ਠਾਕੁਰ, ਆਦਿ ਹਾਜਰ ਸਨ।

# ਦਾਮਨ ਥਿੰਦ ਬਾਜਵਾ ਨੇ ਜਨ ਅਰੋਗਿਆ ਯੋਜਨਾ ਦੇ ਕਾਰਡ (5 ਲੱਖ ਤੱਕ ਦਾ ਫਰੀ ਇਲਾਜ) ਵੰਡੇ

**ਸੁਨਾਮ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਸੁਨਾਮ ਦੇ ਪਿੰਡ ਲੋਹਾਖੇੜਾ ਅਤੇ ਪਿੰਡ ਬੁੱਗਰਾਂ ਵਿਖੇ ਭਾਜਪਾ ਦੀ ਸੂਬਾ ਸਕੱਤਰ ਮੈਡਮ ਦਾਮਨ ਥਿੰਦ ਬਾਜਵਾ ਵੱਲੋਂ ਆਯੁਸ਼ਮਾਨ ਭਾਰਤ-ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ ਦੇ ਕਾਰਡ (5 ਲੱਖ ਤੱਕ ਦਾ ਫਰੀ ਇਲਾਜ) ਵੰਡੇ ਗਏ।

ਇਸ ਮੌਕੇ ਮੈਡਮ ਦਾਮਨ ਥਿੰਦ ਬਾਜਵਾ ਨੇ ਦੱਸਿਆਂ ਕਿ ਪਿਛਲੇ ਦਿਨਾਂ ਵਿੱਚ ਪੂਰੇ ਪੰਜਾਬ ਵਿੱਚ ਮੋਦੀ ਦੀ ਕੇਂਦਰ ਸਰਕਾਰ ਵੱਲੋਂ ਵਿਕਸਤ ਭਾਰਤ ਸੰਕਲਪ ਯਾਤਰਾ ਤਹਿਤ ਕੈਂਪ ਲਗਾਏ ਗਏ ਸਨ ਜਿਨ੍ਹਾਂ ਵਿੱਚ ਕੇਂਦਰ ਦੀਆਂ ਵੱਖ ਵੱਖ ਸਕੀਮਾਂ ਲੋਕਾਂ ਤੱਕ ਪਹੁੰਚਾਈਆਂ ਗਈਆਂ। ਉਸ ਕੈਂਪ ਵਿੱਚ ਜੋ ਮੇਰੀ ਦਫਤਰ ਟੀਮ ਵੱਲੋਂ ਆਯੁਸ਼ਮਾਨ ਭਾਰਤ-ਪ੍ਰਧਾਨ ਮੰਤਰੀ ਜਨ ਅਰੋਗਿਆ ਕਾਰਡ ( 5 ਲੱਖ ਤੱਕ ਦਾ ਫਰੀ ਇਲਾਜ) ਬਣਾਏ ਸਨ ਅੱਜ ਉਨ੍ਹਾਂ ਲਾਭਪਾਤਰੀਆਂ ਨੂੰ ਕਾਰਡ ਵੰਡੇ ਗਏ ਹਨ।

ਮੈਡਮ ਬਾਜਵਾ ਨੇ ਦੱਸਿਆਂ ਕਿ ਰੱਬ ਨਾ ਕਰੇ ਸਾਨੂੰ ਕੱਲ ਨੂੰ ਇਸ ਕਾਰਡ ਦੀ ਜਰੂਰਤ ਪੈਂਦੀ ਹੈ ਤਾਂ ਇਸ ਆਯੁਸ਼ਮਾਨ ਕਾਰਡ ਰਾਹੀਂ ਤੁਸੀਂ 5 ਲੱਖ ਤੱਕ ਦਾ ਇਲਾਜ ਬਿਲਕੁਲ ਫਰੀ ਕਰਵਾ ਸਕਦੇ ਹੋ ਅਤੇ ਇਸਦੇ ਸਾਰੇ ਪੈਸੇ ਕੇਂਦਰ ਸਰਕਾਰ ਖੁਦ ਭਰੇਗੀ।

ਮੈਡਮ ਬਾਜਵਾ ਨੇ ਕਿਹਾ ਕਿ ਉਦੋਂ ਸਾਨੂੰ ਬਹੁਤ ਖੁਸ਼ੀ ਹੁੰਦੀ ਹੈ ਜਦੋਂ ਸਾਨੂੰ ਕੋਈ ਬਜੁਰਗ ਜਾਂ ਸਾਡੀ ਮਾਂ ਭੈਣ ਦੱਸਦੀ ਹੈ ਕਿ ਤੁਹਾਡੇ ਇਸ ਬਣਾਏ ਕਾਰਡ ਤੇ ਅਸੀਂ ਆਪਣਾ ਇਲਾਜ ਕਰਵਾਇਆ ਹੈ ਅਤੇ ਸਾਡਾ ਕੋਈ ਪੈਸਾ ਵੀ ਨਹੀ ਲੱਗਾ।

# ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾਂ ਸਬੰਧੀ ਸੀ-ਵਿਜ਼ਲ ਐਪ 'ਤੇ ਸ਼ਿਕਾਇਤ ਦਰਜ਼ ਕਰਵਾ ਸਕਦੇ ਨੇ ਨਾਗਰਿਕ: ਐਸ.ਡੀ.ਐਮ.




**ਮਾਨਸਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਗਾਮੀ ਲੋਕ ਸਭਾ ਚੋਣਾਂ 2024 ਦੇ ਮੱਦੇਜ਼ਰ ਸਹਾਇਕ ਰਿਟਰਨਿੰਗ ਅਫਸਰ-ਕਮ-ਐਸ.ਡੀ.ਐਮ. ਸਰਦੂਲਗੜ੍ਹ ਸ੍ਰੀ ਨਿਤੇਸ਼ ਕੁਮਾਰ ਜੈਨ ਨੇ ਲੋਕ ਸਭਾ ਚੋਣਾਂ 2024 ਲਈ ਬਣਾਈਆਂ ਗਈਆਂ ਵੱਖ ਵੱਖ ਟੀਮਾਂ ਨਾਲ ਮੀਟਿੰਗ ਕਰਦਿਆਂ ਆਦਰਸ਼ ਚੋਣ ਜ਼ਾਬਤੇ ਦੀ ਪਾਲਣਾ ਯਕੀਨੀ ਬਣਾਉਣ ਲਈ ਲੋੜੀਂਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ।

ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਚੋਣਾਂ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਈ ਡਿਜੀਟਲ ਐਪਸ ਜਿਵੇਂ ਕਿ ਸੀ-ਵਿਜਲ, ਈ.ਐਸ.ਐਮ.ਐਸ. ਆਦਿ ਲਾਂਚ ਕੀਤੀਆਂ ਗਈਆ ਹਨ। ਉਨ੍ਹਾਂ ਇੰਨ੍ਹਾਂ ਐਪਸ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸੀ-ਵਿਜਲ ਐਪ ਰਾਹੀਂ ਕੋਈ ਵੀ ਆਮ ਨਾਗਰਿਕ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਸ਼ਿਕਾਇਤ ਦਰਜ਼ ਕਰਵਾ ਸਕਦਾ ਹੈ। ਉਨ੍ਹਾਂ ਸਾਰੀਆਂ ਹੀ ਟੀਮਾਂ ਨੂੰ ਚੋਣ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਸੁਨੇਹਾ ਦਿੱਤਾ ਤਾਂ ਜੋ ਸਮੁੱਚੀ ਚੋਣ ਪ੍ਰਕਿਰਿਆ ਨੂੰ ਸ਼ਾਂਤੀਪੂਰਵਕ ਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਇਸ ਮੌਕੇ ਚੋਣ ਅਮਲੇ ਤੋਂ ਇਲਾਵਾ ਪੁਲਿਸ ਵਿਭਾਗ, ਆਮਦਨ ਕਰ ਵਿਭਾਗ ਅਤੇ ਆਬਕਾਰੀ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ

# ਲਾਲਜੀਤ ਸਿੰਘ ਭੁੱਲਰ ਦੀ ਜਿੱਤ ਲਈ ਹਰ ਇੱਕ ਵਰਕਰ ਦਿਨ ਰਾਤ ਇੱਕ ਕਰ ਦੇਵੇਗਾ : ਜਥੇਦਾਰ ਸਾਹੀ

**ਕਪੂਰਥਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਦੇਸ਼ ਵਿੱਚ ਸਿਰਫ ਆਮ ਆਦਮੀ ਪਾਰਟੀ ਹੀ ਹਸਪਤਾਲ, ਸਕੂਲ, ਬਿਜਲੀ,ਪਾਣੀ ਅਤੇ ਬੁਨਿਆਦੀ ਢਾਂਚੇ ਦੀ ਗੱਲ ਕਰਦੀ ਹੈ।ਉਨਾ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਜਥੇਦਾਰ ਜੁਗਰਾਜ ਪਾਲ ਸਿੰਘ ਸਾਹੀ ਤਲਵੰਡੀ ਚੌਧਰੀਆਂ ਨੇ ਸ਼ੁੱਕਰਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਪਾਰਟੀ ਵਲੋਂ ਹਲਕਾ ਖੰਡੂਰ ਸਾਹਿਬ ਤੋਂ ਕੈਬਿਨੇਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਉਮੀਦਵਾਰ ਐਲਾਨੇ ਜਾਣ ਦਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂਦੀ ਜਿੱਤ ਲਈ ਹਰ ਇੱਕ ਵਰਕਰ ਦਿਨ ਰਾਤ ਇੱਕ ਕਰ ਦੇਵੇਗਾ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਕੀਤੇ ਗਏ ਰਿਕਾਰਡ ਤੋੜ ਕੰਮਾਂ ਨੂੰ ਘਰ-ਘਰ ਤੱਕ ਪਹੁੰਚਾ ਕੇ ਲਾਲਜੀਤ ਸਿੰਘ ਭੁੱਲਰ ਨੂੰ ਭਾਰੀ ਬਹੁਮਤ ਨਾਲ ਜਿਤਾਇਆ ਜਾਵੇਗਾ।ਜਥੇਦਾਰ ਸਾਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਿਰਫ ਹਸਪਤਾਲਾਂ,ਸਕੂਲਾਂ, ਬਿਜਲੀ,ਪਾਣੀ ਅਤੇ ਬੁਨਿਆਦੀ ਢਾਂਚੇ ਦੀ ਰਾਜਨੀਤੀ ਕਰਦੀ ਹੈ।ਬਾਕੀ ਪਾਰਟੀਆਂ ਜਾਤ,ਧਰਮ ਅਤੇ ਨਫਰਤ ਦੀ ਰਾਜਨੀਤੀ ਕਰਦੀਆਂ ਹਨ।

ਜਥੇਦਾਰ ਸਾਹੀ ਨੇ ਕਿਹਾ ਕਿ ਪੰਜਾਬ ਵਿੱਚ ਵੀ ਦਿੱਲੀ ਦੀ ਤਰਜ਼ ਤੇ ਸਰਕਾਰੀ ਸਕੂਲ ਅਤੇ ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ।ਇਸ ਤੋਂ ਇਲਾਵਾ ਆਪ ਸਰਕਾਰ ਨੇ ਸਰਕਾਰੀ ਹਸਪਤਾਲਾਂ ਵਿੱਚ ਬਿਮਾਰੀ ਦੇ ਹਿਸਾਬ ਨਾਲ ਮਾਹਿਰ ਡਾਕਟਰਾਂ ਦੀ ਨਿਯੁਕਤੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿੱਚ ਪਿਛਲੇ ਦੋ ਸਾਲਾਂ ਵਿੱਚ ਲਗਭਗ 40,000 ਦੇ ਕਰੀਬ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ।ਪੰਜਾਬ ਵਿੱਚ ਹੁਣ ਬਿਜਲੀ ਮੁਫਤ ਹੈ।ਅੱਜ 90% ਘਰਾਂ ਦਾ ਬਿਜਲੀ ਦਾ ਬਿੱਲ ਜ਼ੀਰੋ ਆਉਂਦਾ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਕੰਮ ਦੀ ਰਾਜਨੀਤੀ ਕਰਦੀ ਹੈ।ਪਹਿਲਾਂ ਦੇਸ਼ ਵਿੱਚ ਜਾਤ-ਪਾਤ ਅਤੇ ਧਰਮ ਦੀ ਰਾਜਨੀਤੀ ਹੁੰਦੀ ਸੀ। ਭ੍ਰਿਸ਼ਟਾਚਾਰ ਅਤੇ ਬਦਸਲੂਕੀ ਦੀ ਰਾਜਨੀਤੀ ਸੀ। ਮੰਦਰ-ਮਸਜਿਦ ਦੀ ਰਾਜਨੀਤੀ ਹੁੰਦੀ ਸੀ।ਕਿਸੇ ਨੇ ਕੰਮ ਦੀ ਰਾਜਨੀਤੀ ਦੀ ਗੱਲ ਨਹੀਂ ਕੀਤੀ ਕਿਉਂਕਿ ਕਿਸੇ ਨੇ ਕੰਮ ਕਰਨਾ ਹੀ ਨਹੀਂ ਹੈ।ਦੂਜੀਆਂ ਪਾਰਟੀਆਂ ਦੇ ਆਗੂ ਪੈਸੇ ਕਮਾਉਣ ਲਈ ਸਿਆਸਤ ਵਿੱਚ ਆਉਂਦੇ ਹਨ।ਉਹ ਪੰਜ ਸਾਲ ਪੈਸੇ ਕਮਾਉਂਦੇ ਹਨ ਅਤੇ ਫਿਰ ਚੋਣਾਂ ਤੋਂ ਪਹਿਲਾਂ ਪੈਸੇ ਵੰਡਦੇ ਹਨ ਅਤੇ ਵੋਟਾਂ ਖਰੀਦਦੇ ਹਨ।

ਸੱਤਾ ਅਤੇ ਪੈਸੇ ਦੀ ਖੇਡ ਪਿਛਲੇ 75 ਸਾਲਾਂ ਤੋਂ ਚੱਲ ਰਹੀ ਹੈ।ਆਮ ਆਦਮੀ ਪਾਰਟੀ ਪੈਸਾ ਕਮਾਉਣ ਲਈ ਰਾਜਨੀਤੀ ਵਿੱਚ ਨਹੀਂ ਕਦਰੀ।ਦੇਸ਼ ਦੀਆਂ ਸਾਰੀਆਂ ਪਾਰਟੀਆਂ ਨੇ ਮਿਲ ਕੇ ਦੇਸ਼ ਨੂੰ ਲੁੱਟਿਆ ਹੈ।

# ਹੁਣ ਪਿੰਡਾਂ ਅਤੇ ਬਲਾਕਾਂ ਦੇ ਲੋਕ ਵੀ 'ਸੀ.ਐਮ. ਦੀ ਯੋਗਸ਼ਾਲਾ' ਦਾ ਲੈ ਸਕਣਗੇ ਲਾਭ : ਹਰਜੋਤ ਬੈਂਸ

**ਸ੍ਰੀ ਅਨੰਦਪੁਰ ਸਾਹਿਬ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਹੱਤਵਪੂਰਨ ਤੇ ਅਭਿਲਾਸ਼ੀ ਪ੍ਰਾਜੈਕਟ 'ਸੀ.ਐਮ. ਦੀ ਯੋਗਸ਼ਾਲਾ' ਦੀ ਸੂਬੇ ਦੇ ਸਾਰੇ ਜ਼ਿਲਿਆਂ ਵਿਚ ਸਫਲਤਾਪੂਰਵਕ ਸ਼ੁਰੂਆਤ ਤੋਂ ਬਾਅਦ, ਪੰਜਾਬ ਦੇ ਲੋਕਾਂ ਨੂੰ ਤੰਦਰੁਸਤ ਤੇ ਸਿਹਤਮੰਦ ਰੱਖਣ ਦੇ ਉਦੇਸ਼ ਨਾਲ ਹੁਣ ਇਹ ਜਨ ਮੁਹਿੰਮ ਸ਼ਨੀਵਾਰ ਤੋਂ ਪਿੰਡ ਅਤੇ ਬਲਾਕ ਪੱਧਰ 'ਤੇ ਵੀ ਆਪਣੇ ਖੰਭ ਪਸਾਰਣ ਲਈ ਤਿਆਰ ਹੈ।

ਸਰਕਾਰ ਨੇ ਇਸ ਉਪਰਾਲੇ ਦੀ ਸਫ਼ਲਤਾ ਲਈ 315 ਨਵੇਂ ਯੋਗਾ ਟਰੇਨਰਾਂ ਦੀ ਭਰਤੀ ਕੀਤੀ ਹੈ, ਜੋ ਕਿ ਬਲਾਕਾਂ ਅਤੇ ਪਿੰਡਾਂ ਵਿੱਚ ਮੁਫਤ ਯੋਗਾ ਕਲਾਸਾਂ ਲਗਾਉਣ ਲਈ ਤਾਇਨਾਤ ਕੀਤੇ ਜਾਣਗੇ।

ਇਸ ਦੀ ਜਾਣਕਾਰੀ ਦਿੰਦੇ ਹੋਏ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਦੱਸਿਆ ਕਿ ਪਹਿਲਾਂ ਤਿੰਨ ਪੜਾਵਾਂ ਤਹਿਤ 24 ਸ਼ਹਿਰਾਂ ਵਿੱਚ 'ਸੀਐਮ ਦੀ ਯੋਗਸ਼ਾਲਾ' ਮੁਹਿੰਮ ਸ਼ੁਰੂ ਕੀਤੀ ਗਈ ਸੀ। ਇਨ੍ਹਾਂ 24 ਸ਼ਹਿਰਾਂ ਵਿੱਚ ਅੰਮ੍ਰਿਤਸਰ, ਲੁਧਿਆਣਾ, ਫਗਵਾੜਾ, ਪਟਿਆਲਾ, ਜਲੰਧਰ, ਹੁਸ਼ਿਆਰਪੁਰ, ਐਸ.ਏ.ਐਸ.ਨਗਰ, ਸੰਗਰੂਰ, ਬਠਿੰਡਾ, ਬਰਨਾਲਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਫਿਰੋਜ਼ਪੁਰ, ਫਾਜ਼ਿਲਕਾ, ਗੁਰਦਾਸਪੁਰ, ਕਪੂਰਥਲਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਪਠਾਨਕੋਟ, ਰੂਪਨਗਰ, ਨਵਾਂ ਸ਼ਹਿਰ ਤਰਨਤਾਰਨ ਅਤੇ ਮਲੇਰਕੋਟਲਾ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਦੌਰਾਨ, ਇਨ੍ਹਾਂ ਸ਼ਹਿਰਾਂ ਵਿੱਚ ਰੋਜ਼ਾਨਾ ਸਵੇਰੇ 1600 ਤੋਂ ਵੱਧ 'ਸੀਐਮ ਦੀ ਯੋਗਸ਼ਾਲਾਵਾਂ' ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ 35000 ਤੋਂ ਵੱਧ ਲੋਕ ਇਨ੍ਹਾਂ ਯੋਗ ਕੈਂਪਾਂ ਦਾ ਲਾਭ ਲੈ ਰਹੇ ਹਨ। ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਇਹ ਜਨ- ਮੁਹਿੰਮ ਨਾ ਸਿਰਫ਼ ਚੰਗੀ ਸਿਹਤ ਨੂੰ ਯਕੀਨੀ ਬਣਾਉਣ ਲਈ ਸ਼ੁਰੂ ਕੀਤੀ ਸੀ, ਸਗੋਂ ਉਨ੍ਹਾਂ ਲੋਕਾਂ ਨੂੰ ਤਣਾਅ ਤੋਂ ਮੁਕਤ ਕਰਨ ਲਈ ਵੀ ਸ਼ੁਰੂ ਕੀਤੀ ਸੀ, ਜਿਨ੍ਹਾਂ ਨੂੰ ਆਪਣੇ ਜੀਵਨ ਵਿੱਚ ਹਰ ਰੋਜ਼ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕਾਂ ਵਿੱਚ ਵਧ ਰਹੇ ਤਣਾਅ ਦਾ ਪੱਧਰ ਹਰ ਕਿਸੇ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ ਅਤੇ ਯੋਗ ਲੋਕਾਂ ਨੂੰ ਇਸ ਤੋਂ ਬਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।



ਸ.ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਜੋ ਖੁਦ ਰੋਜ਼ਾਨਾ ਸਵੇਰੇ ਯੋਗਾ ਕਰਦੇ ਹਨ, ਦਾ ਮੰਨਣਾ ਹੈ ਕਿ ਜੀਵਨਸ਼ੈਲੀ ਵਿੱਚ ਕੁਝ ਬਦਲਾਅ ਕਰਕੇ ਅਤੇ ਯੋਗਾ ਦਾ ਅਭਿਆਸ ਕਰਕੇ ਇੱਕ ਰਿਸ਼ਟਪੁਸ਼ਟ ਜੀਵਨ ਬਤੀਤ ਕਰਨ ਲਈ ਮਾਨਸਿਕ ਅਤੇ ਸਰੀਰਕ ਸੰਤੁਲਨ ਬਣਾਈ ਰੱਖਣਾ ਜ਼ਰੂਰੀ ਹੈ।

ਇੱਛੁਕ ਲੋਕ ਮੁਫਤ ਯੋਗਾ ਸਿਖਲਾਈ ਲੈਣ ਲਈ ਟੋਲ-ਫਰੀ ਨੰਬਰ 7669 400 500 ਡਾਇਲ ਕਰ ਸਕਦੇ ਹਨ ਜਾਂ https://cmdiyogshala.punjab.gov.in 'ਤੇ ਲੌਗਇਨ ਕਰ ਸਕਦੇ ਹਨ। ਸਿੱਖਿਅਤ ਯੋਗਾ ਇੰਸਟਰਕਟਰ ,ਲੋਕਾਂ ਨੂੰ ਯੋਗਾ ਕਰਵਾਉਣ ਵਿੱਚ ਮਦਦ ਕਰਨਗੇ।

ਜ਼ਿਕਰਯੋਗ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਕੋਲ ਉਸਦੇ ਘਰ ਦੇ ਨੇੜੇ ਖੁੱਲ੍ਹੇ ਪਾਰਕ ਜਾਂ ਹੋਰ ਜਨਤਕ ਥਾਂ ਉਪਲਬਧ ਹੈ ਅਤੇ ਯੋਗਾ ਕਰਨ ਲਈ 25 ਲੋਕਾਂ ਦਾ ਸਮੂਹ ਮੌਜੂਦ ਹੈ ਤਾਂ ਪੰਜਾਬ ਸਰਕਾਰ ਲੋਕਾਂ ' ਸੀਐਮ ਦੀ ਯੋਗਸ਼ਾਲਾ ' ਕਰਵਾਉਣ ਲਈ ਉੱਚ ਸਿਖਲਾਈ ਪ੍ਰਾਪਤ ਯੋਗਾ ਇੰਸਟਰਕਟਰਾਂ ਭੇਜੇਗੀ।

# ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵਾਲਿਆਂ ਦੇ ਸਫਾਈ ਸੇਵਾਦਾਰਾ ਵੱਲੋਂ ਲਗਾਤਾਰ ਸਫਾਈ ਮੁਹਿੰਮ ਜਾਰੀ

**ਸ੍ਰੀ ਅਨੰਦਪੁਰ ਸਾਹਿਬ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਦੇ ਸੇਵਾਦਾਰਾ ਵੱਲੋਂ ਮੇਲਾ ਖੇਤਰ ਸ੍ਰੀ ਅਨੰਦਪੁਰ ਸਾਹਿਬ ਦੀ ਲਗਾਤਾਰ ਸਫਾਈ ਕੀਤੀ ਜਾ ਰਹੀ ਹੈ। ਪਿਛਲੇ ਕਈ ਦਿਨਾਂ ਤੋ ਸੰਤ ਭੂਰੀ ਵਾਲਿਆਂ ਦੇ ਸੇਵਾਦਾਰ ਆਧੁਨਿਕ ਮਸ਼ੀਨਰੀ ਨਾਂਲ ਮੇਲਾ ਖੇਤਰ ਦੀ ਸਫਾਈ ਕਰ ਰਹੇ ਹਨ ਤੇ ਅੱਜ ਪੰਜ ਪਿਆਰਾ ਪਾਰਕ, ਗੁਰਦੁਆਰਾ ਸਾਹਿਬ ਦੇ ਆਲੇ ਦੁਆਲੇ, ਮਾਤਾ ਸ੍ਰੀ ਨੈਣਾ ਦੇਵੀ ਸੜਕ ਤੇ ਸਮੁੱਚੇ ਮੇਲਾ ਖੇਤਰ ਦੀ ਸਫਾਈ ਕੀਤੀ ਜਾ ਰਹੀ ਹੈ।

ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲੋਂ ਪ੍ਰਸਾਸ਼ਨ, ਵੱਖ ਵੱਖ ਵਿਭਾਗਾ ਦੇ ਅਧਿਕਾਰੀਆਂ/ਕਰਮਚਾਰੀਆਂ, ਸਮਾਜ ਸੇਵੀ ਸੰਗਠਨਾਂ ਤੇ ਬਾਬਾ ਭੂਰੀ ਵਾਲਿਆਂ ਦੇ ਸੇਵਾਦਾਰਾਂ ਦੇ ਸਾਝੇ ਉਪਰਾਲੇ ਨਾਲ ਇਸ ਸਫਾਈ ਸੇਵਾ ਦੀ ਸੂਰੂਆਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋ ਅਰਦਾਸ ਕਰਕੇ ਕੀਤੀ ਗਈ ਹੈ।

ਬਾਬਾ ਸੁਖਵਿੰਦਰ ਸਿੰਘ (ਬਾਬਾ ਸੁੱਖਾ) ਭੂਰੀ ਵਾਲਿਆਂ ਨੇ ਕਿਹਾ ਕਿ ਕਿ ਹੋਲੇ ਮਹੱਲਾ ਤੋ ਪਹਿਲਾ ਤੇ ਬਾਅਦ ਵਿੱਚ ਵੀ ਸਫਾਈ ਮੁਹਿੰਮ ਲਗਾਤਾਰ ਜਾਰੀ ਰਹੇਗੀ। ਸਫਾਈ ਸੇਵਾਦਾਰ ਦਿਨ ਰਾਤ ਸਫਾਈ, ਰੁੱਖਾ ਬੂਟਿਆਂ ਦੀ ਧੁਲਾਈ ਵਿੱਚ ਲੱਗੇ ਹੋਏ ਹਨ। ਭਾਈ ਅਮਰਜੀਤ ਸਿੰਘ, ਬਾਬਾ ਕਾਲਾ ਜੀ, ਹਰਦੀਪ ਸਿੰਘ, ਮੁਖਤਾਰ ਸਿੰਘ ਦੀ ਅਗਵਾਈ ਵਿਚ ਸੈਂਕੜੇ ਸੇਵਾਦਾਰ ਦਿਨ ਰਾਤ ਸਫਾਈ ਸੇਵਾ ਕਰ ਰਹੇ ਹਨ।

## ਕਹਾਣੀ

# ਸਾਂਵਲੀ ਕੁੜੀ



ਸਿਮਰਨ ਧਾਲੀਵਾਲ/94632-15168




"ਰਿਸ਼ਮ ਭਲਾ ਮੇਰੇ ਤੋਂ ਵੀ ਸੋਹਣੀ ਸੀ?" ਸ਼ਾਮੀਂ ਜਦੋਂ ਕੁੰਵਰ ਘਰ ਆਇਆ ਮੈਂ ਪਹਿਲਾ ਸਵਾਲ ਇਹੀ ਕੀਤਾ।

"ਜੇ ਜਵਾਬ ਨਾ ਦਿਆਂ ਤਾਂ ਲੱਗਦਾ ਅੱਜ ਤਾਂ ਪਾਣੀ ਵੀ ਨਹੀਂ ਮਿਲਣਾ।" ਕੁੰਵਰ ਨੇ ਹੱਸ ਕੇ ਆਖਿਆ। ਮੈਨੂੰ ਅਹਿਸਾਸ ਹੋਇਆ। ਮੈਂ ਭੱਜ ਕੇ ਗਈ, ਪਾਣੀ ਲੈਣ ਲਈ।

"ਸੋ ਸੌਰੀ ਕੁੰਵਰ! ਮੈਂ...।" ਮੈਂ ਸ਼ਰਮਿੰਦਾ ਹੋਈ।

"ਲੈ ਸੌਰੀ ਵਾਲੀ ਕਿਹੜੀ ਗੱਲ ਏ। ਆ ਦੱਸਦਾਂ ਤੈਨੂੰ?" ਮੇਰਾ ਹੱਥ ਫੜ ਕੇ ਕੁੰਵਰ ਨੇ ਮੈਨੂੰ ਆਪਣੇ ਕੋਲ ਬਿਠਾ ਲਿਆ।

"ਮੈਂ ਆਖਿਆ ਸੀ ਨਾ ਕਿ ਉਹ ਮੇਰਾ ਅਤੀਤ ਹੈ। ਜੇ ਅਸੀਂ ਇਕੱਠੇ ਹੁੰਦੇ ਤਾਂ ਰਿਸ਼ਮ ਮੇਰੇ ਲਈ ਦੁਨੀਆ ਦੀ ਸਭ ਤੋਂ ਸੋਹਣੀ ਔਰਤ ਹੁੰਦੀ। ਪਰ ਜੇ ਆਪਾਂ ਇਕੱਠੇ ਹਾਂ ਤਾਂ ਮੇਰੇ ਲਈ ਤੇਰੇ ਤੋਂ ਵੱਧ ਕੋਈ ਹੋਰ ਸੋਹਣਾ ਨਹੀਂ ਹੈ।"

ਕੁੰਵਰ ਮੇਰੀਆਂ ਅੱਖਾਂ ਵਿੱਚ ਦੇਖਣ ਲੱਗਾ।

ਪਤਾ ਨਹੀਂ ਕਿਉਂ ਉਸ ਪਲ ਕੁੰਵਰ ਦੀਆਂ ਅੱਖਾਂ ਵਿੱਚੋਂ ਮੈਨੂੰ ਰਿਸ਼ਮ ਦਾ ਚਿਹਰਾ ਦਿਸਣ ਲੱਗਾ। ਮੈਂ ਅੱਧੀ ਰਾਤ ਤੀਕ ਨਾ ਜਾਣੇ ਕੀ-ਕੀ ਸੋਚਦੀ ਰਹੀ। ਕਈ ਦਿਨ ਕੁੰਵਰ ਦੀ ਲਿਖੀ ਕਵਿਤਾ ਮੇਰੇ ਦਿਮਾਗ਼ ਵਿੱਚ ਘੁੰਮਦੀ ਰਹੀ।

ਸਾਕ-ਸਕੀਰੀਆਂ ਘੁੰਮਦਿਆਂ। ਮੱਥੇ ਟੇਕਦਿਆਂ ਲਗਪਗ ਸਾਲ ਬੀਤ ਗਿਆ। ਮੈਂ ਸੂਹਾ ਚੂੜਾ ਪਾਈ, ਕੁੰਵਰ ਦੇ ਨਾਲ ਤੁਰਦੀ ਤਾਂ ਲੱਗਦਾ ਦੁਨੀਆ ਦੀ ਸਭ ਤੋਂ ਖ਼ੂਬਸੂਰਤ ਜੋੜੀ ਜਾ ਰਹੀ ਹੋਵੇ। ਕੁੰਵਰ ਨੂੰ ਬੁਖ਼ਾਰ ਹੁੰਦਾ, ਲੱਗਦਾ ਜਿਵੇਂ ਮੇਰਾ ਪਿੰਡਾ ਤਪ ਰਿਹਾ ਹੋਵੇ। ਉਹ ਹੱਸਦਾ ਤਾਂ ਮੇਰਾ ਚਿਹਰਾ ਖਿੜ ਉੱਠਦਾ।

ਇੱਕ ਸ਼ਾਮ ਕੁੰਵਰ ਘਰ ਆਉਂਦਾ ਹੋਇਆ ਦੋ ਬੂਟੇ ਲੈ ਕੇ ਆਇਆ।

"ਕੁੰਵਰ ਇਹ ਕਿੱਥੇ ਲਾਉਣੇ ਨੇ?" ਮੈਂ ਦੇਖ ਕੇ ਪੁੱਛਿਆ ਸੀ।

ਕੁੰਵਰ ਮੈਨੂੰ ਕਾਲੋਨੀ ਦੀ ਪਾਰਕ ਵਿੱਚ ਲੈ ਗਿਆ।

"ਅੱਜ ਰਿਸ਼ਮ ਦਾ ਜਨਮ ਦਿਨ ਹੈ।" ਬੂਟੇ ਉਸ ਨੇ ਮਾਲੀ ਨੂੰ ਫੜਾਉਂਦਿਆਂ ਦੱਸਿਆ। ਮੈਂ ਕੁੰਵਰ ਨੂੰ ਮੁਬਾਰਕਬਾਦ ਨਾ ਦੇ ਸਕੀ। ਮਨ ਬੁਝ ਜਿਹਾ ਗਿਆ। ਘਰ ਆ ਕੇ ਮੈਂ ਖ਼ੁਦ ਨੂੰ ਕੰਮਾਂ ਵਿੱਚ ਉਲਝਾ ਲਿਆ।

"ਕੀ ਗੱਲ ਅੱਜ ਇੰਨੀ ਜਲਦੀ ਸੌਂ ਗਈ?" ਉਸ ਰਾਤ ਮੈਂ ਕੁੰਵਰ ਵੱਲ ਪਿੱਠ ਕਰਕੇ ਪਈ ਸਾਂ।

"ਤਬੀਅਤ ਨਹੀਂ ਠੀਕ।" ਮੈਂ ਮਨ ਦੇ ਭਾਵ ਚਿਹਰੇ ਉੱਤੇ ਨਾ ਆਉਣ ਦਿੱਤੇ। ਅਗਲੇ ਦਿਨ ਕਾਲਜ ਜਾ ਕੇ ਵੀ ਕੁਝ ਖ਼ਲਦਾ ਰਿਹਾ। ਜਾਪਦਾ ਜਿਵੇਂ ਮੈਂ ਦੂਜੇ ਥਾਂ ਹੋਵਾਂ। ਮੈਂ ਰੱਜ ਕੇ ਪਿਆਰ ਦਿੱਤਾ ਸੀ ਕੁੰਵਰ ਨੂੰ ਫਿਰ ਵੀ ਕਿਉਂ ਉਹ ਰਿਸ਼ਮ ਨੂੰ ਭੁੱਲ ਨਹੀਂ ਸਕਿਆ। ਇਹ ਸਵਾਲ ਮੇਰਾ ਖਹਿੜਾ ਨਾ ਛੱਡਦਾ।

ਪਰ ਕੁੰਵਰ ਨੂੰ ਉਸ ਦਿਨ ਮੇਰਾ ਜਨਮ ਦਿਨ ਨਹੀਂ ਸੀ ਯਾਦ।

ਸਵੇਰ ਹੋਈ। ਮੈਂ ਉਡੀਕਦੀ ਕਾਲਜ ਤੁਰ ਗਈ। ਫਿਰ ਸਾਰੀ ਦੁਪਹਿਰ ਬੀਤ ਗਈ। ਕੁੰਵਰ ਦਾ ਕੋਈ ਫੋਨ ਮੈਸੇਜ ਨਾ ਆਇਆ। ਮੇਰੀਆਂ ਅੱਖਾਂ ਦੇ ਕੋਏ ਨਮ ਹੋ ਗਏ। ਮਨ ਬੁਝ ਗਿਆ। ਸਹਿਕਰਮੀਆਂ ਨਾਲ ਕੇਕ ਕੱਟਦਿਆਂ ਮੈਂ ਝੂਠਾ ਜਿਹਾ ਹੱਸਦੀ ਰਹੀ। ਘਰ ਮੁੜੀ। ਕੁੰਵਰ ਆਉਂਦਿਆਂ ਨੂੰ ਘਰ ਹੀ ਸੀ। ਉਸ ਨੇ ਫੇਰ ਵੀ ਕੋਈ ਗੱਲ ਨਾ ਕੀਤੀ।

ਮੈਂ ਜਿਵੇਂ ਹੋਰ ਉਦਾਸ ਹੋ ਗਈ।

"ਅੱਜ ਮੇਰਾ ਜਨਮ ਦਿਨ ਸੀ ਕੁੰਵਰ।" ਜਦੋਂ ਦਿਨ ਡੁੱਬ ਗਿਆ। ਮੈਂ ਚੁੱਪ ਤੋੜੀ। ਅੱਥਰੂ ਮੇਰੀਆਂ ਅੱਖਾਂ ਵਿਚੋਂ ਵਹਿ ਤੁਰੇ।

"ਓ ਮਾਈ ਗੌਡ! ਤੂੰ ਸਵੇਰ ਦਾ ਕਿਉਂ ਨਹੀਂ ਦੱਸਿਆ। ਵਿਆਹ ਤੋਂ ਬਾਅਦ ਪਹਿਲਾ ਜਨਮ ਦਿਨ ਸੀ, ਮੈਨੂੰ ਯਾਦ ਕਿਵੇਂ ਹੋਣਾ ਸੀ?"

ਕੁੰਵਰ ਜ਼ਿੱਦ ਕਰਕੇ ਮੈਨੂੰ ਬਾਹਰ ਲੈ ਗਿਆ। ਪੂਰਾ ਸ਼ਹਿਰ ਅਜੇ ਜਾਗਦਾ ਪਿਆ ਸੀ। ਇੱਕ ਦੁਕਾਨ ਤੋਂ ਉਹਨੇ ਛੋਟਾ ਜਿਹਾ ਕੇਕ ਖ਼ਰੀਦਿਆ। ਕੋਕ ਦੀ ਬੋਤਲ ਲਈ। ਮੇਰੇ ਨਾਂਹ-ਨਾਂਹ ਕਰਦਿਆਂ ਤੋਂ ਵੀ ਕਿਸੇ ਸੁਨਿਆਰ ਦੀ ਦੁਕਾਨ ਤੋਂ ਮੈਨੂੰ ਝੁਮਕੇ ਲੈ ਕੇ ਦਿੱਤੇ ਤੇ ਬਾਈਕ ਸ਼ਹਿਰੋਂ ਬਾਹਰ ਕਿਸੇ ਖੁੱਲ੍ਹੀ ਥਾਂ 'ਤੇ ਜਾ ਕੇ ਰੋਕ ਲਈ। ਕੇਕ ਬਾਈਕ 'ਤੇ ਰੱਖਿਆ। ਮੋਮਬੱਤੀਆਂ ਜਗਾਈਆਂ ਤੇ ਮੇਰੇ ਕੋਲੋਂ ਕੇਕ ਕਟਵਾਇਆ। ਕੇਕ ਮੇਰੇ ਮੂੰਹ ਲਾਉਂਦਿਆਂ, ਉਹਨੇ ਮੇਰਾ ਮੱਥਾ ਚੁੰਮ ਲਿਆ।

"ਸੱਚੀਂ ਜੇ ਮੈਨੂੰ ਪਤਾ ਹੁੰਦਾ ਆਪਾਂ ਬਹੁਤ ਵੱਡੀ ਸੈਲੀਬ੍ਰੇਸ਼ਨ ਕਰਦੇ।" ਕੁੰਵਰ ਵਾਰ-ਵਾਰ ਮੁਆਫ਼ੀ ਮੰਗਦਾ ਰਿਹਾ। ਉਸ ਦੀ ਮੁਹੱਬਤ ਅੱਗੇ ਮੇਰੀ ਹਰ ਨਾਰਾਜ਼ਗੀ ਦੂਰ ਹੋ ਗਈ। ਖੁੱਲ੍ਹੇ ਆਸਮਾਨ ਦੇ ਹੇਠਾਂ ਤਾਰਿਆਂ ਦੀ ਲੋਏ ਮਨਾਇਆ ਇਹ ਦਿਨ ਮੈਨੂੰ ਸਭ ਦਿਨਾਂ ਤੋਂ ਵੱਧ ਪਿਆਰਾ ਲੱਗਾ। ਪਰ ਜਦੋਂ ਕਦੇ ਪਾਰਕ ਕੋਲੋਂ ਲੰਘਦੀ, ਉਨ੍ਹਾਂ ਬੂਟਿਆਂ ਦੀ ਯਾਦ ਆ ਜਾਂਦੀ। ਬੂਟੇ ਯਾਦ ਆਉਂਦੇ ਤਾਂ ਰਿਸ਼ਮ ਦਾ ਚੇਤਾ ਆ ਜਾਂਦਾ। ਫਿਰ ਸਾਂਵਲੀ ਕੁੜੀ... ਉਸ ਕਵਿਤਾ ਵਿਚਲੇ ਨਕਸ਼... ਮੇਰੀ ਕਲਪਨਾ ਵਿੱਚ ਵਸਿਆ ਰਿਸ਼ਮ ਦਾ ਚਿਹਰਾ... ਮੇਰਾ ਸਿਰ ਘੁੰਮ ਜਾਂਦਾ। ਮਨ ਕਰਦਾ ਕੁੰਵਰ ਨੂੰ ਆਖਾਂ, ਮੈਨੂੰ ਰਿਸ਼ਮ ਦਾ ਜ਼ਿਕਰ ਚੰਗਾ ਨਹੀਂ ਲੱਗਦਾ। ਪਰ ਕੁੰਵਰ ਦੇ ਮੋਹ ਅੱਗੇ ਮੈਂ ਹਾਰ ਜਾਂਦੀ। ਮੈਨੂੰ ਇਹ ਗੱਲ ਛੋਟੀ-ਛੋਟੀ ਲੱਗਣ ਲੱਗ ਜਾਂਦੀ। ਉਹ ਬੜੀਆਂ ਡੂੰਘੀਆਂ ਗੱਲਾਂ ਕਰਦਾ। ਹਰ ਚੀਜ਼ ਨੂੰ ਕਿਸੇ ਹੋਰ ਨਜ਼ਰ ਤੋਂ ਦੇਖਦਾ। ਮੇਰੇ ਮੰਮੀ ਵੱਲ ਜਾਂਦੇ ਤਾਂ ਘਰ ਦੇ ਬੇਟੇ ਵਾਂਗ ਪੇਸ਼ ਆਉਂਦਾ। ਮੰਮੀ ਦੇ ਰੁਕੇ ਹੋਏ ਕੰਮ ਪੂਰੇ ਕਰ ਆਉਂਦਾ। ਘਰ ਦੀਆਂ ਖ਼ਰਾਬ ਹੋਈਆਂ ਚੀਜ਼ਾਂ ਠੀਕ ਕਰਵਾਉਂਦਾ।

ਇਹੋ ਜਿਹੇ ਸਾਥ ਨੂੰ ਕੌਣ ਕੁੜੀ ਨਹੀਂ ਚਾਹੇਗੀ?

ਕਿਸੇ ਪਲ ਮੈਨੂੰ ਰਿਸ਼ਮ ਬਦਨਸੀਬ ਲੱਗਦੀ। ਮੈਂ ਸੋਚਦੀ, ਉਹਨੇ ਕੁੰਵਰ ਗਵਾ ਲਿਆ। ਮੈਂ ਪਾ ਲਿਆ। ਕਦੇ ਮਨ ਵਿੱਚ ਆਉਂਦਾ ਕੁੰਵਰ ਨੂੰ ਪੁੱਛਾਂ, ਤੁਸੀਂ ਇੱਕ ਕਿਉਂ ਨਾ ਹੋਏ। ਫਿਰ ਸੋਚਦੀ ਜੋ ਬੀਤ ਗਿਆ, ਉਨ੍ਹਾਂ ਗੱਲਾਂ ਨੂੰ ਯਾਦ ਕਰਵਾ ਕੇ ਮਨ ਕਿਉਂ ਦੁਖਾਉਣਾ ਉਸ ਦਾ।

* * *

ਮਨ ਵਿੱਚ ਦੁਖੀ ਤਾਂ ਮੇਰੇ ਮੰਮੀ ਵੀ ਬਹੁਤ ਨੇ।

ਉਸ ਦਿਨ ਦੇ ਉਹ ਹਰ ਰੋਜ਼ ਹਸਪਤਾਲ ਆਉਂਦੇ ਨੇ। ਉਦਾਸ ਜਿਹੀਆਂ ਨਜ਼ਰਾਂ ਨਾਲ ਮੇਰੇ ਵੱਲ ਦੇਖਦੇ ਨੇ। ਕੁਝ ਨਹੀਂ ਕਹਿੰਦੇ। ਪਰ ਜਾਣਦੀ ਹਾਂ, ਸੋਚਦੇ ਹੋਣਗੇ, ਮੇਰੀ ਧੀ ਵੀ ਮੇਰੇ ਵਾਂਗ ਹੋ ਗਈ। ਮੈਂ ਦਸਵੀਂ ਵਿੱਚ ਸਾਂ ਜਦੋਂ ਪਾਪਾ ਸਾਨੂੰ ਛੱਡ ਗਏ ਸੀ। ਮੈਂ ਜ਼ਰਾ ਸਿਆਣੀ ਹੋਈ, ਮੰਮੀ ਮੈਨੂੰ ਪਾਪਾ ਦੀਆਂ ਗੱਲਾਂ ਸੁਣਾਉਂਦੇ। ਆਖਦੇ, "ਤੈਨੂੰ ਅੰਤਾਂ ਦਾ ਪਿਆਰ ਕਰਦੇ ਸੀ ਤੇਰੇ ਪਾਪਾ। ਤੈਨੂੰ ਆਪੇ ਨਹਾਉਂਦੇ। ਤਿਆਰ ਕਰਦੇ। ਤੇਰੇ ਨਿੱਕੇ-ਨਿੱਕੇ ਵਾਲਾਂ ਨੂੰ ਵਾਹ ਕੇ ਲੂੰਡੀਆਂ ਜਿਹੀਆਂ ਕਰ ਦਿੰਦੇ ਤੇ ਫਿਰ ਮੈਨੂੰ ਆਖਦੇ- ਸੁਰਿੰਦਰ ਦੇਖ ਮੇਰੀ ਮਾਣੇ ਬਿੱਲੀ ਨੂੰ। ਤੂੰ ਰੋਟੀ ਉਨ੍ਹਾਂ ਨਾਲ ਖਾਂਦੀ। ਸੌਂਦੀ ਉਨ੍ਹਾਂ ਨਾਲ।"

ਅੱਜਕੱਲ੍ਹ ਮੰਮਾਂ ਦੀਆਂ ਸੁਣਾਈਆਂ ਉਹ ਸਭ ਗੱਲਾਂ ਯਾਦ ਆਉਂਦੀਆਂ ਨੇ। ਮੇਰੀਆਂ ਅੱਖਾਂ ਸਾਹਵੇਂ ਸੋਫ਼ੀਆ ਆ ਜਾਂਦੀ ਹੈ। ਅਗਲੇ ਮਹੀਨੇ ਜਨਮ ਦਿਨ ਹੈ ਸੋਫ਼ੀਆ ਦਾ। ਤਿੰਨ ਸਾਲ ਦੀ ਹੋ ਜਾਣਾ ਉਹਨੇ। ਧਰਮਸ਼ਾਲਾ ਜਾਣ ਤੋਂ ਦੋ ਕੁ ਦਿਨ ਪਹਿਲਾਂ ਹੀ ਮੈਂ ਤੇ ਕੁੰਵਰ ਸੋਫ਼ੀਆ ਦਾ ਜਨਮ ਦਿਨ ਮਨਾਉਣ ਬਾਰੇ ਗੱਲਾਂ ਕਰ ਰਹੇ ਸਾਂ। ਹਰ ਕੰਮ ਕਿੰਨੇ ਚਾਅ ਨਾਲ ਕਰਦਾ ਹੈ ਕੁੰਵਰ। ਧਰਮਸ਼ਾਲਾ ਜਾਣ ਲਈ ਜਦੋਂ ਕਾਲਜ ਵਿੱਚ ਫਾਈਨਲ ਹੋਇਆ। ਮੈਂ ਘਰ ਆ ਕੇ ਕੁੰਵਰ ਨੂੰ ਦੱਸਿਆ।

"ਚੱਲ ਆ ਫਿਰ ਕੁਝ ਨਵੇਂ ਕੱਪੜੇ ਲੈ ਲਈਏ ਤੇਰੇ ਲਈ। ਕਾਲਜ ਟ੍ਰਿੱਪ 'ਤੇ ਜਾਣਾ ਤੂੰ।"

ਕਿਸੇ ਚੀਜ਼ ਦੀ ਜ਼ਰੂਰਤ ਨਹੀਂ ਸੀ, ਪਰ ਕੁੰਵਰ ਮੇਰੀ ਇੱਕ ਨਾ ਸੁਣੀ। ਕਿੰਨਾ ਕੁਝ ਮੱਲੋਜ਼ੋਰੀ ਲੈ ਦਿੱਤਾ। ਇੱਕ ਲੈਦਰ ਦੀ ਜੈਕਟ। ਘੜੀ। ਦੋ ਕੁੜਤੇ। ਜੁੱਤੀ।

ਕੈਮਰਾ ਫੋਟੋਆਂ ਨਾਲ ਭਰ ਕੇ ਲੈ ਕੇ ਆਈ ਸਾਂ ਮੈਂ। ਸੋਚਦੀ ਸਾਂ, ਜਾ ਕੇ ਕੁੰਵਰ ਨਾਲ ਹਰ ਫੋਟੋ ਦੀ ਯਾਦ ਸਾਂਝੀ ਕਰਾਂਗੀ। ਚਾਰ ਦਿਨ ਬਾਹਰ ਰਹਿ ਕੇ ਇਉਂ ਲੱਗ ਰਿਹਾ ਸੀ ਜਿਵੇਂ ਚਾਰ ਸਦੀਆਂ ਹੋ ਗਈਆਂ ਹੋਣ। ਜਿਉਂ-ਜਿਉਂ ਸ਼ਹਿਰ ਨੇੜੇ ਆਉਂਦਾ ਜਾ ਰਿਹਾ ਸੀ, ਕੁੰਵਰ ਤੇ ਸੋਫ਼ੀਆ ਨੂੰ ਮਿਲਣ ਦੀ ਕਾਹਲ ਵਧ ਰਹੀ ਸੀ। ਮੈਂ ਮੋਬਾਈਲ ਸਕਰੀਨ 'ਤੇ ਲੱਗੀ ਕੁੰਵਰ ਦੀ ਫੋਟੋ ਵਾਰ-ਵਾਰ ਦੇਖ ਲੈਂਦੀ।

* * *

"ਇਹ ਫੋਟੋ ਕਿਸਦੀ ਹੈ ਕੁੰਵਰ?" ਕੁੰਵਰ ਦੇ ਪੜ੍ਹਨ ਕਮਰੇ ਦੀ ਸਫ਼ਾਈ ਕਰਦਿਆਂ ਹੱਥ ਲੱਗੀ ਇੱਕ ਤਸਵੀਰ ਨੂੰ ਦੇਖਦਿਆਂ ਮੈਂ ਪੁੱਛਿਆ।

ਤਸਵੀਰ ਵਿਚਲੇ ਨਕਸ਼ ਮੇਰੇ ਲਈ ਬੇਪਛਾਣੇ ਨਹੀਂ ਸਨ। ਫਿਰ ਵੀ ਜਿਵੇਂ ਅੱਖਾਂ ਦਾ ਦੇਖਿਆ, ਮਨ ਮੰਨਣ ਨੂੰ ਰਾਜ਼ੀ ਨਹੀਂ ਸੀ।

"ਉਹੀ ਸਾਂਵਲੀ ਕੁੜੀ।" ਕੁੰਵਰ ਨੇ ਜ਼ਰਾ ਕੁ ਹੱਸ ਕੇ ਆਖਿਆ।

"ਬੜੀ ਪੁਰਾਣੀ ਏ। ਆਰਟਸ ਕੈਫ਼ੇ ਦੇ ਬਾਹਰ ਦੀ ਹੈ ਦੇਖ।" ਕੁੰਵਰ ਨੇ ਤਸਵੀਰ ਮੁੜ ਮੇਰੇ ਵੱਲ ਕੀਤੀ, ਪਰ ਮੈਂ ਦੇਖਿਆ ਨਾ। ਕੱਪੜਾ ਫੜ ਕੇ ਕਿਤਾਬਾਂ ਸਾਫ਼ ਕਰਨ ਲੱਗੀ।

"ਇਹਦੇ 'ਚ ਕਈ ਕਿਤਾਬਾਂ ਰਿਸ਼ਮ ਦੀਆਂ ਗਿਫ਼ਟ ਕੀਤੀਆਂ ਹੋਈਆਂ ਨੇ।" ਕੁੰਵਰ ਨੇ ਆਖਿਆ। ਮੇਰੇ ਹੱਥ ਨੂੰ ਜਿਵੇਂ ਕਰੰਟ ਜਿਹਾ ਲੱਗਾ। ਕਿਤਾਬ ਮੇਰੇ ਹੱਥੋਂ ਛੁੱਟ ਗਈ। ਮਨ ਬੇਕਾਬੂ ਹੋ ਗਿਆ। ਜ਼ੁਬਾਨ ਜਿਵੇਂ ਰੁਕ ਨਾ ਸਕੀ।

"ਕੁੰਵਰ ਜੇ ਰਿਸ਼ਮ ਕਿਸੇ ਵੀ ਪਲ ਭੁੱਲਦੀ ਨਹੀਂ ਤਾਂ ਕੀ ਲੋੜ ਸੀ ਮੇਰੇ ਨਾਲ ਵਿਆਹ ਕਰਵਾਉਣ ਦੀ।" ਅੱਖਾਂ ਵਿੱਚੋਂ ਹੰਝੂ ਵਹਿ ਤੁਰੇ। ਮੈਂ ਕੱਪੜਾ ਮੇਜ਼ 'ਤੇ ਸੁੱਟਿਆ ਤੇ ਕਮਰੇ ਵਿੱਚ ਆ ਕੇ ਬੈਠ ਗਈ। ਦਿਮਾਗ਼ ਵਿੱਚ ਕਈ ਕੁਝ ਚੱਲਦਾ ਰਿਹਾ। ਅੱਖਾਂ ਵਿੱਚੋਂ ਹੰਝੂ ਵਹਿੰਦੇ ਰਹੇ।

ਕੁੰਵਰ ਮੇਰੇ ਪਿੱਛੇ ਆਇਆ। ਮੇਰੇ ਮੱਥੇ 'ਤੇ ਹੱਥ ਫੇਰਿਆ। ਪੁੱਛਿਆ, "ਕੀ ਹੋਇਆ ਤੈਨੂੰ?"

"ਕੁੰਵਰ, ਮੇਰੇ ਕੋਲੋਂ ਨਹੀਂ ਸੁਣਿਆ ਜਾਂਦਾ ਵਾਰ-ਵਾਰ ਕਿਸੇ ਹੋਰ ਦਾ ਜ਼ਿਕਰ।" ਹੰਝੂ ਹੋਰ ਤੇਜ਼ ਹੋ ਗਏ।

ਮਨ ਦੀ ਗੱਲ ਜ਼ੁਬਾਨ 'ਤੇ ਆ ਗਈ।

"ਪਰ ਉਹ ਮੇਰਾ ਸਿਰਫ਼ ਅਤੀਤ ਹੈ। ਮੇਰੇ ਮਨ ਵਿੱਚ ਉਸ ਤਰ੍ਹਾਂ ਦੀ ਕੋਈ ਗੱਲ ਨਹੀਂ। ਮੇਰੇ ਲਈ ਜੋ ਹੈ ਬੱਸ ਤੂੰ ਹੈਂ।"

ਕੁੰਵਰ ਉਸ ਦਿਨ ਬਹੁਤ ਪਛਤਾਇਆ। ਉਹ ਤੜਫ਼ ਉੱਠਿਆ ਇਹ ਜਾਣ ਕੇ ਕਿ ਰਿਸ਼ਮ ਦਾ ਜ਼ਿਕਰ ਮੈਨੂੰ ਤੜਫ਼ਾਉਂਦਾ ਹੈ। ਅਸੀਂ ਬਹੁਤ ਦੇਰ ਤੀਕ ਇਸ ਗੱਲ ਵਿੱਚ ਉਲਝੇ ਰਹੇ।

"ਮੈਂ ਕਦੇ ਨਾਮ ਵੀ ਨਹੀਂ ਲਵਾਂਗਾ ਉਹਦਾ।" ਕੁੰਵਰ ਨੇ ਵਾਅਦਾ ਕੀਤਾ। ਮੈਂ ਮੁੜ ਰਿਸ਼ਮ ਸ਼ਬਦ ਉਹਦੀ ਜ਼ੁਬਾਨ 'ਤੇ ਕਦੇ ਨਾ ਸੁਣਿਆ। ਮੈਂ ਸੌਖਾ ਸਾਹ ਲਿਆ। ਸੋਚਿਆ ਸ਼ਾਇਦ ਰਿਸ਼ਮ ਉਹਦੇ ਦਿਮਾਗ਼ ਵਿੱਚੋਂ ਨਿਕਲ ਗਈ ਹੈ।

* * *

ਪੂਰੇ ਹਫ਼ਤੇ ਤੋਂ ਖ਼ਾਮੋਸ਼ ਸੀ ਕੁੰਵਰ।

ਇੱਕ ਵੀ ਲਫ਼ਜ਼ ਨਹੀਂ ਬੋਲਿਆ ਉਹਨੇ। ਮੈਂ ਪੰਜ ਦਿਨ ਆਈ.ਸੀ.ਯੂ. ਦੇ ਬਾਹਰ ਬੈਠੀ ਉਡੀਕਦੀ ਰਹੀ ਕਿ ਕਦ ਕੁੰਵਰ ਅੱਖਾਂ ਖੋਲ੍ਹੇ। ਮੈਂ ਦੇਖਾਂ ਉਸ ਨੂੰ।

ਕੁੰਵਰ ਨੂੰ ਹੋਸ਼ ਆਈ। ਮੈਂ ਦੌੜੀ ਗਈ। ਉਹ ਕੁਝ ਬੋਲ ਰਿਹਾ ਸੀ। ਬਹੁਤ ਹੌਲੀ। ਮੈਂ ਕੰਨ ਕੋਲ ਨੂੰ ਕਰਕੇ ਸੁਣਨ ਦੀ ਕੋਸ਼ਿਸ਼ ਕੀਤੀ।

"ਰਿਸ਼ਮ!"

ਇੱਕ ਹੀ ਬੋਲ ਮੇਰੇ ਕੰਨੀਂ ਪਿਆ।

"ਆਪਾਂ ਦੋਵੇਂ ਮਿਲ ਕੇ ਆਵਾਂਗੇ ਉਹਨੂੰ। ਕੁੰਵਰ ਤੂੰ ਠੀਕ ਹੋ ਕੇ ਘਰ ਤਾਂ ਚੱਲ।"

ਪਰ ਕੁੰਵਰ ਫੇਰ ਦੁਬਾਰਾ...। ਉਸ ਦੇ ਆਖ਼ਰੀ ਵਾਰ ਬੋਲੇ ਲਫ਼ਜ਼ ਹਰ ਪਲ ਮੇਰੇ ਜ਼ਿਹਨ ਵਿੱਚ ਘੁੰਮਦੇ ਰਹਿੰਦੇ ਨੇ। "ਰਿਸ਼ਮ ਮੇਰੇ ਦਿਮਾਗ਼ ਵਿੱਚ ਨਹੀਂ ਮੇਰੇ ਦਿਲ ਵਿੱਚ ਸੀ।"

ਮੈਨੂੰ ਲੱਗਦਾ, ਜਿਵੇਂ ਕੁੰਵਰ ਤਨਜ਼ ਨਾਲ ਮੇਰੇ ਉੱਤੇ ਹੱਸ ਰਿਹਾ ਹੋਵੇ।

ਸਮਾਪਤ

## ਗੀਤ



ਕੰਵਰ ਇਕਬਾਲ ਸਿੰਘ
098149-73578

ਮੇਰੇ ਬਾਜਾਂ ਵਾਲੇ ਦੇ, ਸੋਹਣੇ ਸੋਂਹਦੇ ਪੰਜ ਪਿਆਰੇ
ਸੋਹਣੀ ਕਲਗ਼ੀ ਵਾਲੇ ਤੋਂ, ਜਾਵਾਂ ਵਾਰ-ਵਾਰ ਬਲਿਹਾਰੇ

ਆਨੰਦਪੁਰੀ ਅੰਦਰ ਕੌਤਕ ਅਜਬ ਗੁਰਾਂ ਵਰਤਾਇਆ
ਉੱਠ ਸੀਸ ਕਰੋ ਭੇਟਾ, ਮੁੱਖੋਂ ਸਾਹਿਬ ਨੇ ਫ਼ੁਰਮਾਇਆ
ਸ਼ਮਸ਼ੀਰ ਲਿਸ਼ਕਦੀ ਨੂੰ ਵੇਖ ਕੇ ਸੋਚੀਂ ਪੈ ਗਏ ਸਾਰੇ
ਸੋਹਣੀ ਕਲਗ਼ੀ ਵਾਲੇ ਤੋਂ, ਜਾਵਾਂ ਵਾਰ-ਵਾਰ ਬਲਿਹਾਰੇ.....,

ਕਰ ਦਯਾ ਰਾਮ ਜਿਗਰਾ, ਗੁਰਾਂ ਦੇ ਚਰਨੀਂ ਸੀਸ ਨਿਵਾਂਉਦੈ
ਵਾਲੀ ਕੁੱਲ ਦੁਨੀਆਂ ਦਾ, ਤੰਬੂ ਅੰਦਰ ਚੋਜ ਰਚਾਉਦੈਂ
ਜਦ ਧਰਮ ਰਾਏ ਉਠਿਆ, ਛੱਡੇ ਸੰਗਤਾਂ ਨੇ ਜੈਕਾਰੇ
ਸੋਹਣੀ ਕਲਗ਼ੀ ਵਾਲੇ ਤੋਂ, ਜਾਵਾਂ ਵਾਰ-ਵਾਰ ਬਲਿਹਾਰੇ......,

ਫਿਰ ਹਿੰਮਤ, ਮੋਹਕਮ 'ਤੇ ਸਾਹਬ ਚੰਦ ਤੰਬੂ ਵਿੱਚ ਲਿਜਾ ਕੇ
ਸਿੰਘ ਸਾਜ ਦਿੱਤੇ ਸਾਰੇ, ਸਤਿਗੁਰਾਂ ਅੰਮ੍ਰਿਤ ਪਾਨ ਕਰਾ ਕੇ
ਸੰਗ ਪੰਜ-ਕਕਾਰਾਂ ਦੇ, ਗੁਰਾਂ, ਸਿੰਘ ਰੀਝਾਂ ਨਾਲ ਸ਼ਿੰਗਾਰੇ
ਸੋਹਣੀ ਕਲਗ਼ੀ ਵਾਲੇ ਤੋਂ, ਜਾਵਾਂ ਵਾਰ-ਵਾਰ ਬਲਿਹਾਰੇ......,

ਲਈ ਪਾਹੁਲ ਪਿਆਰਿਆਂ ਤੋਂ, ਸ਼ਹਿਨਸ਼ਾਹ ਬਣਿਆ ਗੁਰੂ ਤੋਂ ਚੇਲਾ
ਮਾਂ ਗੁਜਰੀ ਦਾ ਜਾਇਆ, ਸੂਰਾ ਜੋ ਵਰਿਆਮ ਅਕੇਲਾ
ਬੇੜੀ ਭਵਸਾਗਰ ਤੋਂ, ਲਾਈ ਆਪ ਗੋਬਿੰਦ ਕਿਨਾਰੇ
ਸੋਹਣੀ ਕਲਗ਼ੀ ਵਾਲੇ ਤੋਂ, ਜਾਵਾਂ ਵਾਰ-ਵਾਰ ਬਲਿਹਾਰੇ......,

ਬੱਬਰ ਸ਼ੇਰ ਬਣਾ ਕੇ, ਬਾਣੀ 'ਤੇ ਬਾਣੇ ਨਾਲ ਜੋੜੇ
ਸਿੰਘ ਸੂਰਿਆਂ, ਲੱਖਾਂ ਮੁਗ਼ਲ ਸਿਪਾਹੀਆਂ ਦੇ ਮੂੰਹ ਮੋੜੇ
ਤਦਬੀਰ ਪਾਤਸ਼ਾਹ ਦੀ, ਕਰ ਗਈ ਸਭ ਦੇ ਪਾਰ ਉਤਾਰੇ
ਸੋਹਣੀ ਕਲਗ਼ੀ ਵਾਲੇ ਤੋਂ, ਜਾਵਾਂ ਵਾਰ-ਵਾਰ ਬਲਿਹਾਰੇ......,

"ਇਕਬਾਲ" ਫਿਰੇ ਗਾਉਂਦਾ, ਗਾਥਾ ਸਿੱਖੀ ਦੀ ਲਾਸਾਨੀ
ਦਸਮੇਸ਼ ਪਿਤਾ ਹਿੰਦ ਨੂੰ, ਬਖਸ਼ੀ ਅਸਲੋਂ ਨਵੀਂ ਰਵਾਨੀ
ਮੇਰੇ ਸਤਿਗੁਰ ਨੇ ਕੀਤੇ ਚਹੁੰ-ਵਰਣਾ ਦੇ ਵਾਰੇ-ਨਿਆਰੇ
ਸੋਹਣੀ ਕਲਗ਼ੀ ਵਾਲੇ ਤੋਂ, ਜਾਵਾਂ ਵਾਰ-ਵਾਰ ਬਲਿਹਾਰੇ.....,
ਸੋਹਣੇ ਨੀਲੇ ਵਾਲੇ ਤੋਂ, ਜਾਵਾਂ ਵਾਰ-ਵਾਰ ਬਲਿਹਾਰੇ.....,

## ਰੱਬਾ ਜੀ, ਹੁਣ ਕੀ ਕਰੀਏ !



ਪੱਕੀਆਂ ਫਸਲਾਂ ਤੇ ਗੜ੍ਹਿਆਂ ਵਾਲਾ ਮੀਂਹ ਪੈ ਜਾਣਾ
ਹਨੇਰੀ ਨਾਲ ਸਭ ਕੁੱਝ ਵਿਛ ਜਾਣਾ ,
ਰੁੱਖ ਉੱਖੜ ਜਾਣੇ ਤੇ ਕਈ ਕੱਚੇ ਘਰ ਵੀ
ਢੱਠ ਜਾਣੇ,
ਰਾਤਾਂ ਨੂੰ ਸਹਿਮ ਦੇ ਸਾਏ ਦਾ ਪਹਿਰਾ ਹੋਣਾ,
ਕਾਲੇ , ਕੜਕਦੇ ਬੱਦਲਾਂ ਨੂੰ
ਬਾਪੂ ਜੀ ਨੇ ਆਦਤ ਮੁਜਬ ਕਹਿਣਾ ,
" ਮਿਹਰ ਕਰੀਂ ਦਾਤਿਆ! ਹੁਣ ਤਾਂ
ਸੋਨੇ ਦੀ ਕਣੀ ਵੀ ਨਹੀਂ ਚਾਹੀਦੀ "
ਐਸੀ ਹਰ ਰਾਤ ਹਰ ਕਿਸਾਨ ਦੀ
ਉਨੀਂਦੇ ਵਿੱਚ ਗੁਜ਼ਰਦੀ ਸੀ ਅਤੇ ਹੈ,
ਇਹ ਵਰਤਾਰਾ ਸਦੀਆਂ ਤੋਂ ਹੈ।
ਅੱਜ ਕਲ੍ਹ ਕਿਸਾਨ ਨੇਤਾ ਮੰਗਦੇ ਨੇ
ਮੁਆਵਜ਼ਾ ਸਰਕਾਰ ਤੋਂ
ਰੱਬ ਦੁਆਰਾ ਕੀਤੇ ਨੁਕਸਾਨ ਦਾ।
ਸਰਕਾਰ ਤੋਂ ਫਸਲਾਂ ਦਾ ਬੀਮਾ ਕਿਉਂ ਨਹੀ ਮੰਗਦੇ?
ਰੱਬ ਅੱਗੇ ਕੀਤੀ ਨਾਂ ਤਾਂ ਮਿੰਨਤ ,
ਨਾ ਅਰਦਾਸ ,ਨਾ ਸੁੱਖਣਾ ਕੰਮ ਆਉਂਦੀ।
ਰੱਬ ਲੋਕਾਂ ਲਈ ਤਾਂ ਧਾੜਵੀ ਹੀ ਹੋਇਆ ਨਾ ?
ਸਰਕਾਰ ਅਨੁਮਾਨ ਲਗਵਾਏਗੀ ,
ਖਬਰਾਂ ਵਿੱਚ ਆਏਗੀ,
ਮੁਆਵਜ਼ਾ , ਕੀਹਨੂੰ ਮਿਲਿਆ ,ਕੀਹਨੂੰ ਚਾਹੀਦਾ ਸੀ,
ਰੱਬ ਜਾਣਦਾ , ਸਰਕਾਰ ਕੋਲ ਹੋਰ ਵੀ ਕੰਮ ਨੇ।
ਰੱਬਾ ਜੀ , ਹੁਣ ਕੀ ਕਰੀਏ ? ?

ਕੇਵਲ ਸਿੰਘ ਰੱਤੜਾ
79866-32499

## ਦਿਲ ਦੀ ਘੁੰਡੀ

ਖਿੜਕੀਆਂ ਬੂਹੇ ਖੋਲ੍ਹ ਨੀਂ ਜਿੰਦੇ, ਕੁਝ ਤਾਂ ਮੂੰਹੋਂ ਬੋਲ ਨੀਂ ਜਿੰਦੇ
ਬੇ-ਦਿਲਿਆਂ ਦਾ ਕਾਹਦਾ ਜੀਣਾ, ਜੀਣ ਲਈ ਪਰ ਤੋਲ ਨੀਂ ਜਿੰਦੇ।
ਅੱਜ, ਜਦੋਂ ਇਤਿਹਾਸ ਹੋ ਗਿਆ, ਤੇ ਇਸਦਾ ਅਹਿਸਾਸ ਹੋ ਗਿਆ
ਇਹ ਪਛਤਾਵਾ ਬਣਨ ਤੋਂ ਪਹਿਲਾਂ, ਆਪਣਾ ਆਪ ਫਰੋਲ ਨੀਂ ਜਿੰਦੇ।
ਵਗਦੀ ਹਵਾ ਕੁਲਹਿਣੀ ਹੋਵੇ, ਗੱਲ ਕੋਈ ਸੱਚੀ ਕਹਿਣੀ ਹੋਵੇ
ਪੱਥਰ ਵਰਗੇ ਜਿਗਰੇ ਅੰਦਰ, ਪੁੱਗਦੀ ਨਾ ਕੋਈ ਝੋਲ ਨੀਂ ਜਿੰਦੇ।
ਲੋਕ ਰਾਜ 'ਚ ਤੇਰਾ ਵਾਸਾ ਹੋਵੇ, ਤੇਰਾ ਹੀ ਰੱਤ ਕਿਉਂ ਨਿੱਤ ਚੋਵੇ
ਸੋਚ-ਵਿਚਾਰ ਕਰਨ ਦਾ ਵੇਲਾ, ਪਾ ਕੇ ਗਲ਼ ਪਿੱਟ ਢੋਲ ਨੀਂ ਜਿੰਦੇ।
ਨ੍ਹੇਰਿਆਂ ਨੂੰ ਕਬਰੀਂ ਦਫਨਾ ਕੇ, ਚਾਨਣੀਆਂ ਦਾ ਸ਼ਹਿਰ ਵਸਾ ਕੇ
ਕਿਰਤ ਦਾ ਰੁਤਬਾ ਸਭ ਤੋਂ ਉੱਚਾ, ਹਰ ਥਾਵੇਂ ਸੱਚ ਬਲ ਨੀਂ ਜਿੰਦੇ।
ਲਫ਼ਜ਼ਾਂ ਨਾਲ ਮੁਹੱਬਤਾਂ ਪਾ ਕੇ, ਚਿੰਤਨ ਦਾ ਕੋਈ ਵੇਗ ਹੰਢਾ ਕੇ
ਆਪਣਿਆਂ ਦੇ ਗਲ਼ ਲੀਰਾਂ ਦੇਖੇਂ, ਕਰ ਕੋਈ ਅੱਥਰਾ ਘੋਲ਼ ਨੀਂ ਜਿੰਦੇ।
ਉਹ ਤੈਨੂੰ ਸਾਊ ਢੱਗਾ ਈ ਕਹਿੰਦੇ, ਆਪ ਸਦਾ ਸੁਖ ਵਿਚ ਹੀ ਰਹਿੰਦੇ
ਸੀਸ ਤਲੀ ਧਰ ਤੇ ਕੁੱਦ ਮੈਦਾਨੇ, ਸਹਿ ਸਾਰੇ ਬੋਲ-ਕੁਬੋਲ ਨੀਂ ਜਿੰਦੇ।
ਤਖ਼ਤ-ਤਾਜ ਮਨ ਆਈਆਂ ਕਰਦੇ, ਕਿਰਤੀ ਦੇ ਘਰ ਸੁਪਨੇ ਮਰਦੇ
ਮਸਲੇ ਪਰਬਤੋਂ ਭਾਰੇ ਹੋ ਗਏ, ਕੋਈ ਤਾਂ ਹੱਲ ਟੋਲ਼ ਨੀਂ ਜਿੰਦੇ।
ਇਨਸਾਨਾਂ ਵਾਲੀ ਬਸਤੀ ਅੰਦਰ, ਹਰ ਪਾਸੇ ਕਿਉਂ ਲਿਸ਼ਕਣ ਖੰਜਰ
ਇਸ ਖ਼ਤਰੇ ਨੂੰ ਡੱਕਣ ਦੇ ਲਈ, ਬੈਠ ਤੂੰ ਆਪਣੇ ਕੋਲ਼ ਨੀਂ ਜਿੰਦੇ।
ਹਾਕਮ ਦੀ ਹੈ ਸੋਚ ਕੁਲਹਿਣੀ, ਸਮਿਆਂ ਕਰਵਟ ਬਦਲ ਹੀ ਲੈਣੀ
ਭਗਤ, ਸਰਾਭੇ ਲੜਦੇ ਰਹਿੰਦੇ, ਦੇਖ ਇਤਿਹਾਸ ਫਰੋਲ ਨੀਂ ਜਿੰਦੇ।
ਵਕਤ ਨੇ ਉਨ੍ਹਾਂ ਨੂੰ ਚੇਤੇ ਰੱਖਿਆ, ਜਿਨ੍ਹਾਂ ਨੇ ਹੜ੍ਹ ਜਬਰ ਦਾ ਡੱਕਿਆ
ਸੰਘਰਸ਼ਾਂ ਵਾਲੇ 'ਕੱਠ 'ਚ ਬਹਿ ਕੇ, ਜਾਬਰ ਨੂੰ ਤੂੰ ਦੇਵੇਂ ਰੋਲ਼ ਨੀਂ ਜਿੰਦੇ।
ਖਿੜਕੀਆਂ ਬੂਹੇ ਖੋਲ੍ਹ ਨੀਂ ਜਿੰਦੇ, ਕੁਝ ਤਾਂ ਮੂੰਹੋਂ ਬੋਲ ਨੀਂ ਜਿੰਦੇ।

ਕੇਹਰ ਸ਼ਰੀਫ਼
ਸੰਪਰਕ: +491733546050

## ਵਿਅੰਗ

# ਥੈਲੀ ਵਾਲਾ ਪੁੱਤ



ਕੇ.ਐਲ.ਗਰਗ
ਸੰਪਰਕ: 94635-37050



ਸ਼ਾਮੀਂ ਬਾਹਰੋਂ ਆਏ ਜਵਾਨ ਪੁੱਤਰ ਦੇ ਹੱਥ ਵਿਚ ਫੜੀ ਥੈਲੀ ਦੇਖ ਕੇ, ਦਲਾਨ 'ਚ ਖਲ੍ਹੋਤੇ ਬਾਪੂ ਨੂੰ, ਪਲ ਦੀ ਪਲ, ਇਉਂ ਲੱਗਿਆ ਜਿਵੇਂ ਪੁੱਤ ਦੀ ਥਾਂ ਕੋਈ ਜਮਦੂਤ ਖਲ੍ਹੋਤਾ ਹੋਵੇ; ਜਿਵੇਂ ਉਸ ਨੇ ਥੈਲੀ ਦੀ ਥਾਂ ਹੱਥ ਵਿਚ ਉਸ ਦੀ ਮੌਤ ਦਾ ਪੈਗ਼ਾਮ ਫੜਿਆ ਹੋਵੇ, ਉਸਦੀ ਮੌਤ ਦਾ ਵਾਰੰਟ ਲਿਆਂਦਾ ਹੋਵੇ। ਜਾਣਦੇ ਹੋਏ ਵੀ, ਮਚਲਾ ਜਿਹਾ ਹੋ ਕੇ, ਉਸਨੇ ਪੁੱਤ ਨੂੰ ਪੁੱਛਿਆ, "ਇਹ ਕੀ ਐ, ਪੁੱਤ? ਥੈਲੀ?" ਸਵਾਲ ਸੁਣਦਿਆਂ ਹੀ ਪੁੱਤ ਦੀਆਂ ਤਾਂ ਜਿਵੇਂ ਵਾਛਾਂ ਹੀ ਖਿੜ ਗਈਆਂ ਹੋਣ। ਹੱਸਦੇ-ਹੱਸਦੇ ਕਹਿਣ ਲੱਗਾ, "ਤੇਰੀ ਨਜ਼ਰ ਸਵੱਲੀ ਹੋਗੀ ਤਾਂ ਇਹ ਨੋਟਾਂ ਵਾਲੀ ਥੈਲੀ ਬਣਜੂ, ਬਾਪੂ। ਤੂੰ ਰੋਜ਼ ਕਹਿੰਦਾ ਰਹਿੰਨਾਂ ਬਈ ਧੀਂ ਪੁੱਤ ਮੇਰੀ ਸੇਵਾ-ਸੁਵਾ ਨੀਂ ਕਰਦੇ। ਤੇਰੇ ਲਈ ਅਜਿਹੀ ਅੰਮ੍ਰਿਤ ਦੀ ਬੂਟੀ ਲਿਆਇਆਂ ਜਿਸ ਨੂੰ ਪੀਂਦੇ ਹੀ ਤੂੰ ਅਮਰ ਹੋਜੇਂਗਾ। ਸੁਰਗ ਦਾ ਦਸਵਾਂ ਦੁਆਰ ਕਿਹੜਾ ਨਾ ਦਿਸਣ ਲੱਗ ਜੂ... ਪਹਿਲੇ ਤੋੜ ਦੀ ਕਹਿ ਕੇ ਲਿਆਇਆਂ। ਤੂੰ ਚਾਹੇਂ ਤਾਂ ਇਹ ਸੋਨੇ ਦੀ ਥੈਲੀ ਬਣ ਸਕਦੀ ਐ।"

ਸੁਣਦਿਆਂ ਹੀ ਬਾਪੂ ਨੂੰ ਤਾਂ ਜਿਵੇਂ ਘੁਮੇਰ ਜਿਹੀ ਹੀ ਆ ਗਈ ਹੋਵੇ। ਉਸ ਥੈਲੀ-ਕਾਂਡ ਬਾਰੇ ਕਿੰਨਾ ਕੁਝ ਤਾਂ ਸੁਣ ਲਿਆ ਹੋਇਆ ਸੀ। ਚਾਰੇ ਪਾਸੇ ਹਾਹਾਕਾਰ ਤਾਂ ਮੱਚੀ ਪਈ ਸੀ। "ਰੂੜੀ ਮਾਰਕਾ ਨਕਲੀ ਦਾਰੂ ਲਿਆਇਐਂ? ਜੀਹਦੇ ਪੀਣ ਨਾਲ ਸੈਂਕੜੇ ਬੰਦੇ ਮਰਗੇ ਆ...?" ਬਾਪੂ ਨੇ ਕੌੜਾ ਜਿਹਾ ਮੂੰਹ ਬਣਾ ਕੇ ਪੁੱਛਿਆ। ਪੁੱਤ ਵੀ ਭੋਲਾ ਜਿਹਾ ਮੂੰਹ ਬਣਾ ਕੇ ਬੋਲਿਆ, "ਬਾਪੂ, ਉਹ ਮਰੇ ਥੋੜ੍ਹੋ ਐ। ਉਹ ਤਾਂ ਸ਼ਹੀਦ ਹੋਏ ਐ ਆਪਣੇ ਧੀਆਂ-ਪੁੱਤਾਂ ਲਈ। ਧੀਆਂ-ਪੁੱਤਾਂ ਲਈ ਆਪਾ ਵਾਰ ਦੇਣ ਦਾ ਤਾਂ ਫ਼ਰਜ਼ ਹੁੰਦੈ ਮਾਪਿਆਂ ਦਾ।"

"ਪਰ ਮੈਂ ਹਾਲੇ ਮਰਨਾ ਨੀ ਚਾਹੁੰਦਾ ਪੁੱਤ।" ਬਾਪੂ ਨੇ ਕਹਿ ਦਿੱਤਾ।

"ਤੈਨੂੰ ਮਰਨ ਨੂੰ ਭਲਾ ਕੌਣ ਕਹਿੰਦੈ। ਤੂੰ ਵੀ ਸ਼ਹੀਦ ਹੋਵੇਂਗਾ ਆਪਣੇ ਟੱਬਰ ਲਈ। ਸ਼ਹੀਦ! ਐਸਾ ਸ਼ਹੀਦ ਜਿਸਦਾ ਨਾਂ ਤੇਰੇ ਪੋਤੇ ਪੜਪੋਤੇ ਰਹਿੰਦੀ ਦੁਨੀਆ ਤੱਕ ਯਾਦ ਕਰਨਗੇ।"

"ਮੱਝ ਆਈ ਨੀ ਤੇ ਤੂੰ ਕੱਟਿਆਂ-ਕੱਟੀਆਂ ਦੀਆਂ ਗੱਲਾਂ ਕਰੀ ਜਾਨੈਂ? ਹੈਂ?" ਬਾਪੂ ਨੇ ਖਿਝ ਕੇ ਕਿਹਾ।

"ਆਹ ਅੰਮ੍ਰਿਤ ਡੀਕੇਂਗਾ ਤਾਂ ਮੱਝ ਵੀ ਆਜੂ। ਮੱਝ ਆਗੀ ਤਾਂ ਕੱਟਰੂ ਵਛਰੂ ਵੀ ਆ ਜਾਣਗੇ...।"

"ਪਰ ਮੈਂ ਮਰਨਾ ਨੀਂ ਥੋਡੇ ਕਪੂਤਾਂ ਪਿੱਛੇ।" ਬਾਪੂ ਨੇ ਡੱਕਾ ਹੀ ਤੋੜ ਦਿੱਤਾ ਸੀ।

"ਹਾੜੇ-ਹਾੜੇ ਬਾਪੂ! ਮੰਨ ਜਾ। ਕਿਉਂ ਐਵੇਂ ਅੜੀ ਕਰੀ ਜਾਨੈਂ। ਹੋਰ ਸਾਲ ਦੋ ਸਾਲ ਨੂੰ ਵੀ ਤਾਂ ਜਾਏਂਗਾ ਈ। ਫੇਰ ਕਿਹੜਾ ਰਥ 'ਤੇ ਬਹਿ ਕੇ ਜਾਏਂਗਾ। ਬਾਪੂ ਕਰਕੇ ਮੰਨ ਜਾ। ਫੇਰ ਵੀ ਤੂੰ ਸਾਡੇ ਪਿਤਾ ਸਮਾਨ ਐਂ।"

"ਮੈਂ ਥੋਡਾ ਸਕਾ ਪਿਤਾ ਈ ਆਂ, ਪਿਤਾ ਸਮਾਨ ਨੀਂ ਕਪੂਤਾ...।" ਬਾਪੂ ਨੂੰ ਰੋਹ ਚੜ੍ਹ ਗਿਆ ਸੀ।

"ਚੱਲ ਸਕਾ ਪਿਊ ਈ ਸਹੀ। ਮੰਨ ਲੈਂਦੇ ਆਂ। ਪਰ ਸਕੇ ਪਿਉਆਂ ਵਾਲਾ ਕੋਈ ਕਰਤੱਵ ਤਾਂ ਕਰਕੇ ਦਿਖਾ। ਮਾਪੇ ਤਾਂ ਪੁੱਤਾਂ ਵਾਸਤੇ ਕੀ ਕੁਸ਼ ਨੀਂ ਕਰੀ ਜਾਂਦੇ। ਤੂੰ ਭੋਰਾ ਕੁ ਕੁਰਬਾਨੀ ਨੀਂ ਕਰ ਸਕਦਾ।"

" ਮੈਨੂੰ ਵੀ ਜਾਨ ਪਿਆਰੀ ਐ, ਪੁੱਤਾ। ਮੈਂ ਵੀ ਜਗਤ ਤਮਾਸ਼ਾ ਦੇਖਣਾ ਚਾਹੁੰਨੈਂ...।" ਬਾਪੂ ਨੇ ਕਿਹਾ।

"ਹਾਲੇ ਰੱਜਿਆ ਨੀ ਤੂੰ ਜਿਉਂ-ਜਿਉਂ ਕੇ। ਨਾਲੇ ਇਹ ਵੀ ਕੋਈ ਜੀਣ ਐ। ਨਾ ਚੱਜ ਨਾਲ ਖਾਣ ਨੂੰ ਨਾ ਪੀਣ ਨੂੰ। ਨਾ ਕੰਮ ਨਾ ਧੰਦਾ। ਸਾਰਾ ਟੱਬਰ ਵਿਹਲੀਆਂ ਮੰਜੀਆਂ ਤੋੜਦੈ। ਇਸਨੂੰ ਤੂੰ ਜੀਣ ਕਹਿੰਨੈ?"

ਬਾਪੂ ਨੂੰ ਕੋਈ ਜੁਆਬ ਨਾ ਅਹੁੜਿਆ। "ਜ਼ਰਾ ਦਿਮਾਗ਼ ਨਾਲ ਸੋਚ। ਤੇਰੀ ਭੋਰਾ ਕੁ ਕੁਰਬਾਨੀ ਨਾਲ ਟੱਬਰ ਵਸਦਿਆਂ 'ਚ ਹੋ ਜੂ। ਹੁਣ ਤਾਂ ਥੈਲੀ ਪੀ ਕੇ ਸ਼ਹੀਦ ਹੋਏ ਬੰਦੇ ਲਈ ਸਰਕਾਰ ਪੰਜ ਲੱਖ ਰੁਪਏ ਤੇ ਇਕ ਜੀਅ ਨੂੰ ਨੌਕਰੀ ਦਿੰਦੀ ਐ। ਪੰਜ ਲੱਖ ਤਾਂ ਠੀਕਰੀਆਂ ਨੀ ਆਪਾਂ ਤੋਂ ਕੱਠੀਆਂ ਹੋਣੀਆਂ, ਸਰਕਾਰ ਪੰਜ ਲੱਖ ਰੁਪਏ ਦੀਆਂ ਨਵੀਆਂ ਨਕੋਰ, ਗਾਂਧੀ ਦੀਆਂ ਫੋਟੂਆਂ ਵਾਲੀਆਂ ਗੁੱਟੀਆਂ ਦਊ। ਸਰਕਾਰੀ ਨੌਕਰੀ। ਤੇਰੇ ਪੁੱਤ, ਪੋਤੇ ਪੜਪੋਤੇ ਤੇਰੇ ਗੁਣ ਗਾਉਣਗੇ। ਧੁਰ ਅੰਦਰੋਂ ਅਸੀਸਾਂ ਦੇਣਗੇ। ਤੇਰੇ ਸ਼ਰਾਧ ਵੇਲੇ ਗਿਆਰਾਂ-ਗਿਆਰਾਂ ਪੰਡਤਾਂ ਨੂੰ ਖੀਰ-ਕੜਾਹ ਖਵਾਇਆ ਕਰਨਗੇ। ਤੂੰ ਉੱਤੋਂ ਸੁਰਗਾਂ 'ਚੋਂ ਝਾਤੀਆਂ ਮਾਰ-ਮਾਰ ਦੇਖਿਆ ਕਰੇਂਗਾ। ਪੀ ਜਾ ਗਟ-ਗਟ ਕਰਕੇ ਤੇ ਟੁੱਟੇ-ਭੱਜੇ ਟੱਬਰ ਲਈ ਅਮਰ ਹੋ ਜਾ। ਮੇਰਾ ਕਿਹੜਾ ਚਿੱਤ ਕਰਦੈ, ਪਰ ਵੇਲਾ ਹੀ ਇਹੋ ਜਿਹੈ ਬਾਪੂ। ਜਦੋਂ ਜਿਉਂਦਿਆਂ ਨਾਲੋਂ ਮਰਿਆਂ ਦੀ ਜ਼ਿਆਦਾ ਕਦਰ ਹੈ।"

"ਚਲਿਆ ਜਾਹ ਕਪੂਤਾ, ਮੇਰੀਆਂ ਅੱਖਾਂ ਤੋਂ ਦੂਰ ਹੋ ਜਾ...।" ਆਖ ਬਾਪੂ ਅੰਦਰਲੇ ਕਮਰੇ 'ਚ ਜਾ ਵੜਿਆ। ਪਿੱਛੋਂ ਉਸ ਨੂੰ ਆਪਣੀ ਤੀਵੀਂ ਦੀ ਆਵਾਜ਼ ਵੀ ਸੁਣਾਈ ਦਿੱਤੀ, "ਐਮੇਂ ਈ ਅੜੀ ਕਰੀ ਜਾਨੈਂ। ਧੀਆਂ-ਪੁੱਤਾਂ ਦੇ ਸੁਖ ਲਈ ਮਾਪੇ ਸਭ ਕੁਝ ਕਰਦੇ ਐ...।"

ਖਾਉ-ਪੀਉ ਤੋਂ ਬਾਅਦ ਸਭ ਦੁਖੀ ਮਨ ਨਾਲ ਆਪੋ-ਆਪਣੀਆਂ ਮੰਜੀਆਂ 'ਤੇ ਲਿਟ ਗਏ। ਬਾਪੂ ਨੂੰ ਵੀ ਖ਼ਿਆਲ ਆਉਣੇ ਸ਼ੁਰੂ ਹੋ ਗਏ। "ਕੱਲ੍ਹ ਨੂੰ ਵੀ ਤਾਂ ਸੰਸਾਰ ਤੋਂ ਚਲੇ ਈ ਜਾਣੈਂ। ਜੇ ਇਕ ਦਿਨ ਪਹਿਲਾਂ ਚਲੇ ਜਾਈਏ, ਫੇਰ ਕਿਹੜੀ ਪਰਲੋ ਆਉਣ ਲੱਗੀ ਐ। ਜੇ ਇਕ ਜੀਅ ਦੇ ਜਾਣ ਨਾਲ ਟੱਬਰ ਦੀਆਂ ਲਹਿਰਾਂ-ਬਹਿਰਾਂ ਹੋ ਜਾਣ ਤਾਂ ਹੋਰ ਵਾਹਿਗੁਰੂ ਤੋਂ ਕੀ ਮੰਗਦੇ ਆਂ। ਚੱਲ ਬਈ ਬਚਿੱਤਰਾ ਹੋ ਜਾ ਸ਼ਹੀਦ!" ਆਖ ਉਸ ਥੈਲੀ ਦਾ ਮੂੰਹ ਖੋਲ੍ਹ ਕੇ ਮੂੰਹ ਨੂੰ ਲਾ ਲਿਆ ਤੇ ਗਟ-ਗਟ ਕਰਕੇ ਅੱਧੀ ਕੁ ਖਾਲੀ ਕਰ ਦਿੱਤੀ।

ਥੋੜ੍ਹੀ ਦੇਰ ਬਾਅਦ ਸਿਰ ਨੂੰ ਘੁਮੇਰਨੀਆਂ ਜਿਹੀਆਂ ਆਈਆਂ ਤੇ ਅੱਖਾਂ ਮੂਹਰੇ ਭੰਬੂਤਾਰੇ ਜਿਹੇ ਨੱਚਣ ਲੱਗ ਪਏ। ਪਾਵੇ ਕੋਲ ਪਈ ਥੈਲੀ 'ਤੇ ਹੱਥ ਵੱਜਣ ਨਾਲ ਉਹ ਮੰਜੇ ਕੋਲ ਹੀ ਟੇਢੀ ਹੋ ਗਈ ਸੀ।

ਪੁੱਤ ਨੂੰ ਉਮੀਦ ਸੀ ਕਿ ਉਹਦਾ ਪਿਆਰਾ ਬਾਪੂ ਉਹਤੋਂ ਭੱਜਣ ਨਹੀਂ ਲੱਗਾ। ਐਵੇਂ ਉੱਤੋਂ-ਉੱਤੋਂ ਈ ਨਾਂਹ-ਨਾਂਹ ਕਰੀ ਜਾਂਦਾ ਸੀ। ਉਸ ਨੇ ਕਾਰਾ ਤਾਂ ਕਰ ਦਿੱਤਾ ਹੋਣੈਂ।

ਉਹ ਖ਼ੁਸ਼ੀ-ਖ਼ੁਸ਼ੀ ਸੁੱਤੇ ਹੋਏ ਬਾਪੂ ਕੋਲ ਆਇਆ। ਅਗਾਂਹ ਬਾਪੂ ਤਾਂ ਮੰਜੀ 'ਤੇ ਬੈਠਾ ਟਾਹਰਾਂ ਮਾਰੀ ਜਾਂਦਾ ਸੀ।

"ਪੁੱਤ, ਇਹ ਤਾਂ ਤੂੰ ਕਮਾਲ ਦੀ ਚੀਜ਼ ਲਿਆਇਐਂ। ਏਨੀਂ ਨੀਂਦ ਤਾਂ ਮੈਨੂੰ ਸਾਰੀ ਉਮਰ ਨੀਂ ਆਈ ਜਿੰਨੀ ਇਕ ਰਾਤ 'ਚ ਆਗੀ। ਲੱਗਦੈ ਜਿਵੇਂ ਮੇਰੀ ਸਾਰੀ ਉਮਰ ਦੀ ਹੀ ਨੀਂਦ ਪੂਰੀ ਹੋ ਗਈ ਹੋਵੇ।"

ਪੁੱਤ ਦਾ ਤਾਂ ਜਿਵੇਂ ਰੋਣ ਹੀ ਨਿਕਲ ਗਿਆ ਹੋਵੇ। ਮਨ ਹੀ ਮਨ ਕਹਿਣ ਲੱਗਾ, "ਇਹ ਬੁੜ੍ਹੇ ਵੀ ਅਜੀਬ ਚੀਜ਼ ਨੇ। ਜਦੋਂ ਇਨ੍ਹਾਂ ਨੂੰ ਮਰਨਾ ਚਾਹੀਦੈ, ਉਦੋਂ ਮਰਦੇ ਨੀਂ ਤੇ ਜਦੋਂ ਜਿਉਣਾ ਚਾਹੀਦੈ ਉਦੋਂ ਜਿਉਂਦੇ ਨੀ।"

"ਤੂੰ ਕੁਸ਼ ਮੈਨੂੰ ਕਿਹੈ ਪੁੱਤ?" ਬਾਪੂ ਨੇ ਪੁੱਛਿਆ।

"ਆਪੋ-ਆਪਣੀ ਕਿਸਮਤ ਐ ਬਾਪੂ। ਕੋਈ ਥੈਲੀ ਪੀ ਕੇ ਟੱਬਰ ਦੇ ਚਿੱਠੇ ਤਾਰਗੇ ਤੇ ਕੋਈ ਥੈਲੀ ਮੁਫ਼ਤੋ-ਮੁਫ਼ਤੀ ਡਕਾਰਗੇ। ਡਕਾਰ ਵੀ ਨੀਂ ਮਾਰਿਆ।" ਆਖ ਮੁੰਡਾ ਰੋਣੀ ਸੂਰਤ ਬਣਾ ਕੇ ਆਪਣੀ ਬੇਬੇ ਕੋਲ ਆ ਖਲ੍ਹੋਤਾ ਸੀ।

"ਕਲਯੁਗ ਦਾ ਪਹਿਰ ਐ ਪੁੱਤ, ਇਹਦਾ ਕੀ ਕਸੂਰ ਐ। ਇਹ ਇਉਂ ਮਰਨ ਵਾਲੀਆਂ ਸੂਰਤਾਂ ਥੋੜ੍ਹੋ ਨੇ। ਪਤਾ ਨਹੀਂ ਇਹਨੇ ਹਾਲੇ ਆਪਣਾ ਕਿੰਨਾ ਲਹੂ ਪੀਣੈਂ। ਚੱਲ ਸਬਰ ਕਰ, ਮੇਰਾ ਪੁੱਤ।" ਬੇਬੇ ਨੇ ਵੀ ਉਦਾਸ ਟੋਨ ਵਿਚ ਆਖ ਦਿੱਤਾ ਸੀ।

"ਸਬਰ ਤੋਂ ਬਗੈਰ ਹੋਰ ਆਪਾਂ ਕਰ ਵੀ ਕੀ ਸਕਦੇ ਆਂ, ਮੇਰੀਏ ਭੋਲੀਏ ਬੇਬੇ?" ਆਖ ਪੁੱਤ, ਮੁਸਮੁਸ ਕਰ, ਹੱਥ ਮਲਣ ਲੱਗ ਪਿਆ ਸੀ। ਬਾਪੂ ਅੱਖਾਂ ਮਲਦਾ-ਮਲਦਾ, ਮੁੱਛਾਂ ਨੂੰ ਵੱਟ ਦਿੰਦਾ, ਬਾਹਰ ਆ ਕੇ ਕਹਿਣ ਲੱਗਾ, "ਸਹੁਰਿਓ, ਹਾਲੇ ਤਾਂ ਮੈਂ ਚੰਗਾ ਭਲਾਂ, ਹੁਣੇ ਈ ਕਾਹਨੂੰ ਬੁਕੀ ਜਾਨੇਂ ਆਂ?" "ਤੇਰਾ ਜਿਉਂਦੇ ਦਾ ਸਿਆਪਾ ਕਰੀ

## ਗੁਲਾਮ -ਮਾਨਸਿਕਤਾ

ਅਲੈਗਜ਼ੈਂਡਰੀਆ ਦੇ ਮੁਹੰਮਦ ਕਰੀਮ ਨੂੰ ਜਦੋਂ ਨੈਪੋਲੀਅਨ ਨੇ ਜੰਗ ਵਿੱਚ ਹਰਾ ਦਿੱਤਾ ਤੇ ਫੜ ਲਿਆ। ਉਸਨੂੰ ਨੈਪੋਲੀਅਨ ਨੇ ਕਿਹਾ "ਇਤਿਹਾਸ ਮੈਨੂੰ ਕਦੇ ਮੁਆਫ਼ ਨਹੀਂ ਕਰੇਗਾ ਜੇਕਰ ਮੈਂ ਇੱਕ ਸੂਰਮੇ ਨੂੰ ਮਾਰ ਦਿੱਤਾ।ਪਰ ਜੇ ਤੂੰ ਆਪਣੀ ਜਾਨ ਬਚਾਉਣੀ ਹੈ ਤਾਂ 10000 ਸੋਨੇ ਦੀਆਂ ਮੋਹਰਾਂ ਜੁਰਮਾਨੇ ਦੇ ਤੌਰ ਤੇ ਭਰਨੀਆਂ ਪੈਣਗੀਆਂ ਕਿਉਂਕਿ ਤੂੰ ਮੇਰੇ ਸਿਪਾਹੀ ਮਾਰੇ ਆ"। ਜ਼ੰਜੀਰਾਂ ,ਚ ਜਕੜਿਆ ਮੁਹੰਮਦ ਕਰੀਮ ਅਲੈਗਜ਼ੈਂਡਰੀਆ ਨੂੰ ਪੂਰੀ ਆਸ ਸੀ ਕਿ ਜਿਥੋਂ ਦੇ ਲੋਕਾਂ ਵਾਸਤੇ ਉਹ ਲੜਿਆ ਓਹ ਜਰੂਰ ਹੀ ਉਸਨੂੰ ਸੋਨੇ ਦੀਆਂ ਮੋਹਰਾਂ ਦੇ ਕੇ ਬਚਾ ਲੈਣਗੇ। ਜਦੋਂ ਉਸਨੂੰ ਵੱਖ -ਵੱਖ ਬਜ਼ਾਰਾਂ ਵਿੱਚ ਲਿਜਾਇਆ ਗਿਆ। ਉਸਦੇ ਆਪਣੇ ਲੋਕ ਹੀ ਉਸਦੇ ਖਿਲਾਫ ਹੋ ਗਏ। ਮੁਹੰਮਦਕਰੀਮਨੂੰਤਰ੍ਹਾਂਤਰ੍ਹਾਂਦੇਤਾਨ੍ਹੇਮਿਹਣੇਸੁਣਨੇਪਏ। ਕਹਿੰਦੇ",ਕੀ ਲੋੜ ਸੀ ਤੈਨੂੰ ਲੜਨ ਦੀ? ਤੇਰੀ ਵਜਾਹ ਨਾਲ ਸਾਡਾ ਕਿੰਨਾ ਨੁਕਸਾਨ ਹੋਇਆ! ਦੁਕਾਨਾਂ ਬੰਦ ਰਹੀਆਂ , ਸਾਰਾ ਕਾਰੋਬਾਰ ਠੱਪ ਹੋ ਗਿਆ।" ਜਦੋਂ ਮੁਹੰਮਦ ਕਰੀਮ ਖਾਲੀ ਹੱਥ ਵਾਪਸ ਆਇਆ ਤਾਂ ਨੈਪੋਲੀਅਨ ਨੇ ਉਸਨੂੰ ਮੌਤ ਦੀ ਸਜ਼ਾ ਸੁਣਾਈ। ਪਰ ਨਾਲ਼ ਹੀ ਕਿਹਾ," ਤੇਰੀ ਮੌਤ ਦੀ ਸਜ਼ਾ ਦੀ ਵਜ੍ਹਾ ਮੇਰੇ ਸਿਪਾਹੀਆਂ ਦੀ ਮੌਤ ਨਹੀਂ ਬਲਕਿ ਇਹ ਹੈ ਕਿ ਤੂੰ --------- ਉਹਨਾਂ ਗੁਲਾਮ -ਮਾਨਸਿਕਤਾ ਵਾਲੇ ਲੋਕਾਂ ਵਾਸਤੇ ਲੜਿਆਂ ! ਜਿਨ੍ਹਾਂ ਨੂੰ ਆਜ਼ਾਦੀ ਦੀ ਕੀਮਤ ਤੱਕ ਨਹੀਂ ਪਤਾ ----- ਸਿਰਫ਼ ਕਾਰੋਬਾਰੀ ਨਫ਼ੇ - ਨੁਕਸਾਨ ਦੀ ਪਈ ਆ!"

ਅਨੁਵਾਦ
ਗੁਰਮੀਤ ਸਿੰਘ ਭੋਮਾ
9781535440.

## ਠਿੱਬੀ

"ਪਿਛਲੀ ਵਾਰ ਤੁਸੀਂ ਉਨ੍ਹਾਂ ਨੂੰ ਵੋਟ ਪਾਈ। ਕੀ ਹੋਇਆ? ਉਸ ਤੋਂ ਪਹਿਲਾਂ ਵੱਖ-ਵੱਖ ਪਾਰਟੀਆਂ ਨੂੰ ਪਾਈਆਂ। ਸਾਡੇ 'ਤੇ ਉਨ੍ਹਾਂ ਨਜਾਇਜ਼ ਪਰਚੇ ਕਰਵਾਏ। ਜ਼ਮੀਨਾਂ 'ਤੇ ਕਬਜ਼ੇ ਕੀਤੇ। ਇਸ ਵਾਰ ਸਾਡੀ ਪਾਰਟੀ ਨੂੰ ਵੋਟ ਪਾਇਓ। ਆਪਾਂ ਸਾਰੇ ਹਿਸਾਬ ਬਰਾਬਰ ਕਰਾਂਗੇ।" ਉਮੀਦਵਾਰ ਦੇ ਸਮਰਥਕ ਇਹ ਦਲੀਲਾਂ ਘਰ-ਘਰ ਦੇ ਰਹੇ ਸਨ।

ਇੱਕ ਵੋਟਰ ਬੋਲਿਆ, "ਤੁਹਾਡਾ ਮਕਸਦ ਵੀ ਵੋਟਰ ਨੂੰ ਝੂਠੇ ਸੁਪਨੇ ਦਿਖਾ ਕੇ ਜਿੱਤਣ ਤੱਕ ਸੀਮਤ ਲੱਗਦੈ। ਤੁਹਾਡਾ ਉਦੇਸ਼ ਵੀ ਪੰਜਾਬ ਦੇ ਵਿਕਾਸ ਵਾਲਾ ਨਹੀਂ ਲੱਗ ਰਿਹਾ। ਤੁਹਾਡਾ ਮਨੋਰਥ ਤਾਂ ਏਨਾ ਹੀ ਜਾਪਦੈ ਕਿ ਦੂਜੀ ਪਾਰਟੀ ਨੂੰ ਠਿੱਬੀ ਕਿਵੇਂ ਲਾਉਣੀ ਏ।"

ਇਹ ਗੱਲਾਂ ਸੁਣ ਕੇ ਉਮੀਦਵਾਰ ਦੇ ਸਮਰਥਕ ਅਗਲੇ ਘਰ ਜਾਂਦੇ ਹੋਏ ਗੱਲਾਂ ਕਰ ਰਹੇ ਸਨ, "ਯਾਰ ਇਹ ਬੰਦਾ ਤਾਂ ਪਾਗਲ ਏ, ਇਹਦੇ ਨਾਲ ਬਹਿਸ ਨਾ ਕਰਿਆ ਕਰੋ।"

ਕਰਮਜੀਤ ਸਿੰਘ ਗਰੇਵਾਲ
98728-68913

## ਚੋਣ ਬਿਗਲ



ਤਰਸੇਮ ਸਿੰਘ ਭੰਗੂ

ਇੱਕ ਜੰਗਲ ਰਾਜ ਦਾ ਰਾਜਾ ਸ਼ੇਰ ਕਾਫ਼ੀ ਲੰਮੇ ਸਮੇਂ ਤੋਂ ਰਾਜ ਕਰ ਰਿਹਾ ਸੀ। ਰਾਜਾ ਕਾਫ਼ੀ ਬਜ਼ੁਰਗ ਵੀ ਹੋ ਚੁੱਕਾ ਸੀ। ਆਪਣੀ ਦਿਨੋ-ਦਿਨ ਡਿੱਗਦੀ ਸਿਹਤ ਕਰਕੇ ਰਾਜਾ ਆਪਣੇ ਜਿਉਂਦੇ ਜੀ ਰਾਜ ਦਾ ਅਗਲਾ ਜਾਨਸ਼ੀਨ ਆਪਣੇ ਫ਼ਰਜ਼ੰਦ ਨੂੰ ਬਣਾ ਕੇ ਚੈਨ ਦੀ ਨੀਂਦ ਸੌਣਾ ਚਾਹੁੰਦਾ ਸੀ। ਇਸ ਲਈ ਜੰਗਲ ਦੀਆਂ ਚੋਣਾਂ ਵਿਚ ਰਾਜਾ ਚੁਣਨ ਵਾਸਤੇ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੀਆਂ ਭੇਡ-ਬੱਕਰੀਆਂ ਵਿਚ ਚੋਣ ਪ੍ਰਚਾਰ ਲਈ ਆਪ ਘੱਟ ਜਾਂਦਾ ਤੇ ਆਪਣੇ ਜਾਨਸ਼ੀਨ ਨੂੰ ਵੱਧ ਭੇਜਦਾ। ਹੁਣ ਭੇਡ-ਬੱਕਰੀਆਂ ਕੁਝ ਸਿਆਣੀਆਂ ਵੀ ਹੋ ਗਈਆਂ ਸਨ। ਰਾਜੇ ਦੇ ਲਾਡਲੇ ਫ਼ਰਜ਼ੰਦ ਦੀਆਂ ਕੁਝ ਗ਼ਲਤੀਆਂ ਤੇ ਆਪਹੁਦਰੀਆਂ ਤੋਂ ਉਹ ਕਾਫ਼ੀ ਖਫ਼ਾ ਵੀ ਸਨ। ਪਰ ਸਿਆਣੀਆਂ ਐਨੀਆਂ ਵੀ ਨਹੀਂ ਹੋਈਆਂ ਸਨ ਕਿ ਨਵਾਂ ਰਾਜਾ ਚੁਣਨ ਵੇਲੇ ਡੂੰਘੀ ਸੋਚ-ਵਿਚਾਰ ਕਰਦੀਆਂ ਹੋਣ। ਉਨ੍ਹਾਂ ਦੀ ਸੋਚ ਤਾਂ ਸਿਰਫ਼ ਮੁਫ਼ਤ ਅਤੇ ਸਸਤੇ ਘਾਹ-ਪੱਠੇ ਤਕ ਹੀ ਸੀਮਤ ਸੀ। ਇਸ ਕਰਕੇ ਹੀ ਜੰਗਲ ਰਾਜ ਵਿਚ ਵਿਰੋਧੀ ਧਿਰ ਦਾ ਦਾਅਵੇਦਾਰ ਨਵਾਂ ਰਾਜਾ, ਇਸ ਵਾਰ ਆਪਣੇ ਚੋਣ ਪ੍ਰਚਾਰ ਮੌਕੇ ਪਹਿਲੇ ਰਾਜੇ ਵਾਂਗ ਝੂਠ-ਸੱਚ, ਲਾਰਾ-ਲੱਪਾ ਅਤੇ ਝੂਠੀ ਸਹੁੰ ਖਾ ਕੇ ਭੇਡਾਂ-ਬੱਕਰੀਆਂ ਨੂੰ ਆਪਣੇ ਮਗਰ ਲਾਉਣ ਵਿਚ ਕਾਮਯਾਬ ਰਿਹਾ। ਚੋਣਾਂ ਤੋਂ ਬਾਅਦ ਬਦਲਿਆ ਕੁਝ ਵੀ ਨਹੀਂ ਸੀ। ਖੂੰਖਾਰ ਭੇੜੀਏ ਜੰਗਲ 'ਚ ਪਹਿਲਾਂ ਵਾਂਗ ਹੀ ਦਨਦਨਾ ਰਹੇ ਸਨ। ਪਹਿਲੇ ਰਾਜੇ ਦੇ ਰਾਜ ਵਾਂਗ ਹੀ ਗ਼ਰੀਬੜੀ, ਨਿਮਾਣੀ ਤੇ ਲਤਾੜੀ ਜੰਗਲੀ ਜਨਤਾ ਹਾਏ ਤੌਬਾ ਤੇ ਹਾਲ ਪਾਹਰਿਆ ਕਰਦੀ ਰਹੀ ਸੀ। ਜਦੋਂ ਵੀ ਭੇਡ-ਬੱਕਰੀਆਂ ਆਪਣਾ ਵਿਰੋਧ ਜ਼ਾਹਰ ਕਰਨ ਲਈ ਨਵੇਂ ਰਾਜੇ ਦੀ ਗੁਫ਼ਾ ਅੱਗੇ "ਮੈਂਅ-ਮੈਂਅ ਅਤੇ ਬੈਅ-ਬੈਅ" ਦਾ ਸ਼ੋਰ ਪਾਉਂਦੀਆਂ ਤਾਂ ਰਾਜੇ ਦੇ ਰਖਵਾਲੇ ਭੇੜੀਏ ਭੇਡਾਂ-ਬੱਕਰੀਆਂ ਨੂੰ ਆਪਣੀਆਂ ਭਬਕਾਂ ਤੇ ਖ਼ੂਨੀ ਪੰਜਿਆਂ ਨਾਲ ਡਰਾ ਕੇ ਖਿੰਡਾਅ-ਪੁੰਡਾਅ ਦੇਂਦੇ ਤਾਂ ਕਿ ਆਰਾਮ ਕਰ ਰਹੇ ਰਾਜੇ ਦੀ ਚੈਨ ਭਰੀ ਨੀਂਦ 'ਚ ਖ਼ਲਲ ਨਾ ਪਵੇ। ਅਖੀਰ ਥੱਕ ਹਾਰ ਕੇ ਗੁਫ਼ਾ ਤੋਂ ਜੰਗਲ ਨੂੰ ਵਾਪਸ ਮੁੜਦੀਆਂ ਭੇਡ-ਬੱਕਰੀਆਂ ਹਮੇਸ਼ਾ ਵਾਂਗ ਆਪਣੇ-ਆਪ ਨੂੰ ਠੱਗਿਆ-ਠੱਗਿਆ ਮਹਿਸੂਸ ਕਰਦੀਆਂ ਢਿੱਡ ਭਰਨ ਲਈ ਘਾਹ-ਪੱਠਾ ਲੱਭਣ 'ਚ ਮਸਰੂਫ਼ ਹੋ ਜਾਂਦੀਆਂ।

ਭੇਡਾਂ-ਬੱਕਰੀਆਂ ਕੋਲ ਅਗਲੀਆਂ ਚੋਣਾਂ ਤਕ ਇੰਤਜ਼ਾਰ ਕਰਨ ਤੋਂ ਬਗੈਰ ਹੋਰ ਕੋਈ ਚਾਰਾ ਵੀ ਨਹੀਂ ਸੀ। ਪੰਜ ਸਾਲ ਬਾਅਦ ਵੱਜੇ ਚੋਣ ਬਿਗਲ ਨੇ ਭੇਡਾਂ-ਬੱਕਰੀਆਂ ਦਾ ਇੰਤਜ਼ਾਰ ਖ਼ਤਮ ਕਰ ਦਿੱਤਾ। ਪਹਿਲੇ ਰਾਜੇ ਦੇ ਫ਼ਰਜ਼ੰਦ ਤੋਂ ਇਲਾਵਾ ਹੋਰ ਕਈ ਪਰਜਾਤੀਆਂ ਦੇ ਮੁਖੀ ਜੰਗਲ ਦਾ ਰਾਜ-ਭਾਗ ਆਪਣੇ ਹੱਥਾਂ 'ਚ ਲੈਣ ਲਈ ਪੱਬਾਂ ਭਾਰ ਹੋ ਗਏ ਸਨ। ਚੋਣਾਂ ਵਿਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੀਆਂ ਭੇਡਾਂ-ਬੱਕਰੀਆਂ ਨੂੰ ਭਰਮਾਉਣ ਲਈ ਚੰਗੇ ਪ੍ਰਸ਼ਾਸਨ ਅਤੇ ਭੈਅ ਮੁਕਤ ਰਾਜ ਦੇਣ ਦੇ ਲਾਰੇ ਲਾ ਰਹੇ ਸਨ। ਹੁਣ ਭੇਡਾਂ-ਬੱਕਰੀਆਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਕਿਹੜਾ ਰਾਜਾ ਚੁਣਿਆ ਜਾਵੇ।

ਸੰਪਰਕ: 94656-56214

## ਫੁੱਲ ਸਦਾ ਵੰਡਦਾ ਖੁਸ਼ਬੋ

ਖ਼ਾਦ ਦੇ ਵਿੱਚੋਂ ਹੋ ਕੇ ਪੈਦਾ, ਫੁੱਲ ਸਦਾ ਵੰਡਦਾ ਖੁਸ਼ਬੋ।
ਫਲ ਅਨਾਜ ਵੀ ਇਸ'ਚੋਂ ਉਗੇ, ਖਾਧ ਖੁਰਾਕ ਦਾ ਬਣਗੇ ਢੋਅ।
ਮਿੱਟੀ'ਚੋਂ ਹੋ ਪੈਦਾ ਜੁਗਨੂੰ, ਉਹ ਵੀ ਵੰਡੇ ਰਾਤ ਨੂੰ ਲੋਅ।
ਬੰਦਾ ਵੀ ਮਿੱਟੀ ਤੋਂ ਬਣਿਆ,ਇਹਦੇ ਵਿੱਚ ਕਿਉਂ ਗੁਣ ਨੀਂ ਉਹ?
ਇਸ ਦੀਆਂ ਕਰਤੂਤਾਂ ਵਿੱਚੋਂ, ਕਾਹਤੋਂ ਆਉਂਦੀ ਹੈ ਬਦਬੋ।
ਉਤਮ ਜ਼ਾਤ'ਚ ਹੋ ਕੇ ਪੈਦਾ, ਕਰਦੈ ਉਸੇ ਦੇ ਨਾਲ ਧਰੋਹ।
ਮੈਲ਼ ਮੱਤ ਤੋਂ ਲਹਿ ਸਕਦੀ ਹੈ,ਨਾਲ ਨਾਮ ਜੇ ਲਵੇ ਇਹ ਧੋਅ।
ਲੱਭ ਸਕਦਾ ਹੈ ਰੱਬ ਨੂੰ ਇਹ, ਉਸ ਦਾ ਜੇ ਇਹ, ਜਾਵੇ ਹੋ।
ਰੱਜਦਾ ਨੀਂ ਇਹ ਲੈ-ਲੈ ਦਾਤਾਂ, ਇਸਦੇ ਪੈਂਦੀ ਸਦਾ ਹੀ ਖੋਅ।
ਵਿੱਚ ਭੁਲੇਖੇ ਤੁਰਿਆ ਫਿਰਦੈ, ਪਾ ਕੇ ਜੱਗ ਨਾਲ ਝੂਠਾ ਮੋਹ।
ਖੁਸ਼ੀ ਕਿਸੇ ਦੀ ਝੱਲ੍ਹ ਨੀਂ ਸਕਦਾ,ਲੋਚੇ ਉਸ ਤੋਂ ਲਵੇ ਇਹ ਖੋਹ।
ਕਰਦੈ ਨਿੰਦਿਆ ਚੁਗਲੀ ਸਭ ਦੀ, ਪਾਪ ਆਪਣੇ ਲਵੇ ਲੁਕੋ।
ਹਉਮੈਂ ਲਾਲਚ ਇਸਦੇ ਮਿੱਤਰ, ਨੇਕੀ ਤੋਂ ਹੈ ਇਹ ਨਿਰਮੋਹ।
ਜੇ ਕੋਈ ਇਸਦੀ ਗੱਲ ਨਾ ਮੰਨੇ,ਆ ਜਾਂਦਾ ਹੈ ਵਿੱਚ ਇਹ ਰੋਹ।
ਆਪਣੀ ਗੱਲ ਮਨਾਵਣ ਖਾਤਰ, ਛੇੜ ਹੈ ਦਿੰਦਾ ਇਹ ਵਿਦਰੋਹ।
ਸਬਕ ਨੀਂ ਸਿੱਖਦਾ ਉਨ੍ਹਾਂ ਕੋਲੋਂ,ਰੱਬ ਨੇ ਮਿੱਟੀ ਵਿੱਚ ਮਿਲਾਏ ਜੋ।
ਬਣ ਧਰਮਿੱਕੀ ਆਪੇ ਈ ਵੱਡਾ, ਵਿੱਚ ਆਕੜ ਦੇ ਕਹੇ ਖਲੋਅ
ਜਿੰਨ੍ਹਾਂ ਨੇ ਮੇਰੀ ਨਾ ਗੱਲ ਮੰਨੀ, ਉਹਨਾਂ ਨੂੰ ਮੈਂ ਦੇਣਾ ਕੋਹ।
ਬੋਲੀ ਵੀ ਹੈ ਇਸਦੀ ਕੜਵੀ, ਜਾਊ ਕਿਸੇ ਨੂੰ ਕਿਵੇਂ ਉਹ ਪੋਹ।
ਜ਼ਾਤ-ਪਾਤ ਦੀ ਗੰਦੀ ਨੀਤੀ, ਬੈਠੈ ਆਪਣੇ ਵਿੱਚ ਸਮੋਅ।
ਜਿਸਦਾ ਹੈ ਹੰਕਾਰ ਏਸਨੂੰ, ਪਲ ਵਿੱਚ ਜਾਣਾ ਉਹ ਪਲੋਅ।
ਵਿੱਚ ਮਨੁੱਖਤਾ ਵੰਡ ਜੋ ਪਾਵੇ,ਉਸ ਨੀਤੀ ਨੂੰ'ਕਰਮ'ਨਾ ਛੋਹ।

ਕਰਮ ਸਿੰਘ ਕਰਮ



# ਭਾਜਪਾ ਨੇ ਚੋਣਾਂ ਦੇ ਮੱਦੇਨਜ਼ਰ ਝੂਠ ਦਾ ਜਾਲ ਵਿਛਾਉਣਾ ਸ਼ੁਰੂ ਕੀਤਾ: ਗੁਪਤਾ




**ਸ਼ਾਹਬਾਦ ਮਾਰਕੰਡਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਮੀਤ ਪ੍ਰਧਾਨ ਮਾਨ ਸਿੰਘ ਰਤਨਗੜ੍ਹ ਦੀ ਅਨਾਜ ਮੰਡੀ ਸਥਿਤ ਵਪਾਰਕ ਸੰਸਥਾ 'ਤੇ ਸਮਾਗਮ ਕਰਵਾਇਆ ਗਿਆ, ਜਿੱਥੇ ਇੰਡੀਆ ਗੱਠਜੋੜ ਦੇ ਸਾਂਝੇ ਲੋਕ ਸਭਾ ਉਮੀਦਵਾਰ ਡਾ. ਸੁਸ਼ੀਲ ਗੁਪਤਾ ਪਹੁੰਚੇ। ਉਨ੍ਹਾਂ ਨੇ ਇਥੇ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਜਪਾ ਨੇ ਜਿਸ ਝੂਠ ਦੇ ਸਹਾਰੇ ਸੱਤਾ ਹਾਸਲ ਕੀਤੀ ਹੈ,

ਹੁਣ ਉਨ੍ਹਾਂ ਝੂਠੇ ਵਾਅਦਿਆਂ ਦਾ ਬਦਲਾ ਲੈਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਕਿਹਾ ਕਿ ਜਦ ਤੋਂ ਭਾਜਪਾ ਨੇ ਸੱਤਾ ਸੰਭਾਲੀ ਹੈ, ਉਸੇ ਵੇਲੇ ਤੋਂ ਕਿਸੇ ਵੀ ਵਰਗ ਨੂੰ ਕੋਈ ਸੁਵਿਧਾ ਤੇ ਸੁੱਖ ਨਹੀਂ ਮਿਲਿਆ। ਕਿਸਾਨਾਂ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦਾ ਮਾਹੌਲ ਗਰਮ ਹੈ ਤੇ ਭਾਜਪਾ ਨੇ ਇਕ ਵਾਰ ਫਿਰ ਆਪਣੇ ਝੂਠ ਦਾ ਜਾਲ ਵਿਛਾਉਣਾ ਸ਼ੁਰੂ ਕਰ ਦਿੱਤਾ ਹੈ ਪਰ ਲੋਕ ਹੁਣ ਭੋਲੇ ਨਹੀਂ ਰਹੇ। ਉਨ੍ਹਾਂ ਕਿਹਾ ਕਿ ਪਾਰਟੀ ਤੇ ਸੰਗਠਨ ਤੋਂ ਪਹਿਲਾਂ ਦੇਸ਼ ਨੂੰ ਬਚਾਉਣਾ ਜ਼ਰੂਰੀ ਹੈ। ਭਾਜਪਾ ਲੋਕਤੰਤਰ ਨੂੰ ਖਤਮ ਕਰਨ ਦੀ ਚਾਲ ਰਚ ਰਹੀ ਹੈ। ਗੁਪਤਾ ਨੇ ਕਾਰਕੁਨਾਂ ਨੂੰ ਅਪੀਲ ਕੀਤੀ ਕਿ ਉਹ ਕੁਰੂਕਸ਼ੇਤਰ ਲੋਕ ਸਭਾ ਹਲਕੇ ਵਿਚ ਪੂਰੀ ਤਾਕਤ ਨਾਲ ਕੰਮ ਕਰਨ। ਕੁਰੂਕਸ਼ੇਤਰ ਧਰਮ ਖੇਤਰ ਤੋਂ ਬਦਲਾਅ ਦੀ ਸ਼ੁਰੂਆਤ ਹੋਵੇਗੀ। ਗੁਪਤਾ ਨੇ ਆੜ੍ਹਤੀਆਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਤੇ ਸਰਕਾਰ ਬਣਨ ਤੋਂ ਬਾਅਦ ਹੱਲ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਆਮਦਨ ਵਧਣ ਦੀ ਬਜਾਏ, ਉਨ੍ਹਾਂ ਦਾ ਕਰਜ਼ਾ ਵੱਧ ਗਿਆ ਹੈ। ਲੋਕ ਹੁਣ ਦਿੱਲੀ ਤੇ ਪੰਜਾਬ ਮਾਡਲ ਦੀ ਸਰਕਾਰ ਦੇਸ਼ ਤੇ ਸੂਬੇ ਵਿਚ ਦੇਖਣਾ ਚਾਹੁੰਦੇ ਹਨ। ਇਸ ਮੌਕੇ ਅਨਾਜ ਮੰਡੀ ਪ੍ਰਧਾਨ ਸਵਰਣਜੀਤ ਸਿੰਘ ਕਾਲੜਾ, ਡਾ ਪ੍ਰਦੀਪ ਗੋਇਲ, ਆਸ਼ਾ ਪਠਾਣੀਆ, ਸਮੇਂ ਸਿੰਘ ਬੀਬੀ ਪੁਰ, ਸੁਨੀਤਾ ਨੇਹਰਾ, ਸਵੀਟੀ ਰੰਗਾਂ, ਚਮਨ ਲਾਲ ਡੀਗ, ਅਮਰਜੀਤ ਕੌਰ, ਜਗਜੀਤ ਸਿੰਘ ਆਦਿ ਮੌਜੂਦ ਸਨ।

# ਹਰਿਆਣਾ ਵਿਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਮਿਲੇਗਾ 50 ਫੀਸਦ ਡੀਏ

**ਚੰਡੀਗੜ੍ਹ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਲਈ ਜ਼ਾਬਤਾ ਲੱਗਣ ਤੋਂ ਠੀਕ ਪਹਿਲਾਂ ਹਰਿਆਣਾ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਮਿਲਦੇ ਮਹਿੰਗਾਈ ਭੱਤੇ ਵਿਚ 4 ਫੀਸਦ ਦਾ ਵਾਧਾ ਕੀਤਾ ਹੈ।

ਮਹਿੰਗਾਈ ਭੱਤੇ ਦੀਆਂ ਸੋਧੀਆਂ ਦਰਾਂ, ਜੋ 46 ਫੀਸਦ ਤੋਂ ਵਧਾ ਕੇ 50 ਫੀਸਦ ਕੀਤੀਆਂ ਗਈਆਂ ਹਨ, ਪਹਿਲੀ ਜਨਵਰੀ 2024 ਤੋਂ ਲਾਗੂ ਹੋਣਗੀਆਂ। ਸਰਕਾਰ ਨੇ ਇਕ ਬਿਆਨ ਵਿਚ ਕਿਹਾ ਕਿ ਮੁਲਾਜ਼ਮਾਂ ਨੂੰ ਵਧੇ ਹੋਏ ਡੀਏ ਦੀ ਅਦਾਇਗੀ ਮਾਰਚ 2024 ਦੀ ਤਨਖਾਹ ਵਿਚ ਕੀਤੀ ਜਾਵੇਗੀ ਜਦੋਂਕਿ ਜਨਵਰੀ ਤੇ ਫਰਵਰੀ ਮਹੀਨਿਆਂ ਦੇ ਏਰੀਅਰ ਦੀ ਅਦਾਇਗੀ ਮਈ ਮਹੀਨੇ ਵਿਚ ਹੋਵੇਗੀ। ਢਾਈ ਲੱਖ ਤੋਂ ਵੱਧ ਮੁਲਾਜ਼ਮਾਂ ਤੇ 2.62 ਲੱਖ ਪੈਨਸ਼ਨਰਾਂ ਨੂੰ ਇਸ ਵਾਧੇ ਦਾ ਲਾਭ ਮਿਲੇਗਾ।

# ਕ੍ਰਿਸ਼ਨਪਾਲ ਗੁੱਜਰ ਫਰੀਦਾਬਾਦ ਤੋਂ ਲੜਨਗੇ ਲੋਕ ਸਭਾ ਚੋਣ



**ਫਰੀਦਾਬਾਦ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਰਾਜ ਮੰਤਰੀ ਅਤੇ ਫਰੀਦਾਬਾਦ ਦੇ ਸੰਸਦ ਮੈਂਬਰ ਕ੍ਰਿਸ਼ਨਪਾਲ ਗੁੱਜਰ ਨੇ ਅੱਜ ਨਗਰ ਕੌਂਸਲਰਾਂ ਨਾਲ ਐੱਨਆਈਟੀ ਸਥਿਤ ਹੋਟਲ ਮਹਾਲਕਸ਼ਮੀ ਵਿੱਚ ਮੀਟਿੰਗ ਕੀਤੀ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਰਣਨੀਤੀ ਬਾਰੇ ਵਿਚਾਰ ਵਟਾਂਦਰਾ ਕੀਤਾ। ਕ੍ਰਿਸ਼ਨਪਾਲ ਗੁੱਜਰ ਨੂੰ ਫਰੀਦਾਬਾਦ ਲੋਕ ਸਭਾ ਟਿਕਟ ਮਿਲਣ 'ਤੇ ਫਰੀਦਾਬਾਦ ਦੀ ਮੇਅਰ ਸੁਮਨ ਬਾਲਾ, ਸੀਨੀਅਰ ਡਿਪਟੀ ਮੇਅਰ ਦੇਵੇਂਦਰ ਚੌਧਰੀ, ਡਿਪਟੀ ਮੇਅਰ ਮਨਮੋਹਨ ਗਰਗ, ਫਾਰਮੇਸੀ ਕੌਂਸਲ ਦੇ ਚੇਅਰਮੈਨ ਅਤੇ ਕੌਂਸਲਰ ਧਨੇਸ਼ ਅਦਲਖਾ ਅਤੇ ਹਾਜ਼ਰ ਸਮੂਹ ਕੌਂਸਲਰਾਂ ਨੇ ਕਿਹਾ ਕਿ ਉਹ ਕੇਂਦਰੀ ਰਾਜ ਮੰਤਰੀ ਨੂੰ ਵੱਧ ਵੋਟਾਂ ਨਾਲ ਜਿਤਾ ਕੇ ਤੀਜੀ ਵਾਰ ਸੰਸਦ ਵਿੱਚ ਭੇਜਣਗੇ। ਸ੍ਰੀ ਗੁੱਜਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ 'ਤੇ ਜੋ ਭਰੋਸਾ ਜਤਾਇਆ ਹੈ, ਉਹ ਉਸ 'ਤੇ ਖਰਾ ਉਤਰੇਗਾ ਅਤੇ ਫਰੀਦਾਬਾਦ ਲੋਕ ਸਭਾ ਸੀਟ ਤੋਂ ਪਹਿਲਾਂ ਨਾਲੋਂ ਵੱਧ ਵੋਟਾਂ ਨਾਲ ਜਿੱਤ ਕੇ ਨਰਿੰਦਰ ਮੋਦੀ ਦੇ ਭਾਜਪਾ 370 ਪਾਰ ਅਤੇ ਐਨਡੀਏ 400 ਪਾਰ ਦੇ ਨਾਅਰੇ ਨੂੰ ਸਾਕਾਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਕ੍ਰਿਸ਼ਨਪਾਲ ਗੁੱਜਰ ਨੇ ਕਿਹਾ ਕਿ 2014 ਤੋਂ ਬਾਅਦ ਜਦੋਂ ਤੋਂ ਦੇਸ਼ ਦੀ ਵਾਗਡੋਰ ਮੋਦੀ ਦੇ ਹੱਥਾਂ ਵਿੱਚ ਆਈ ਹੈ, ਉਨ੍ਹਾਂ ਨੇ ਦੇਸ਼ ਆਰਥਿਕ ਪੱਖੋਂ ਮਜ਼ਬੂਤ ?ਕਰਨ ਦਾ ਕੰਮ ਕੀਤਾ ਹੈ। ਦੇਸ਼ ਅਤੇ ਸੂਬੇ ਦੇ ਵਿਕਾਸ ਦੇ ਨਾਲ-ਨਾਲ ਫਰੀਦਾਬਾਦ ਲੋਕ ਸਭਾ ਦਾ ਵੀ ਪਿਛਲੇ 10 ਸਾਲਾਂ 'ਚ ਸਰਵਪੱਖੀ ਵਿਕਾਸ ਹੋਇਆ ਹੈ। ਫਰੀਦਾਬਾਦ ਲੋਕ ਸਭਾ ਨੂੰ ਜੋੜਨ ਲਈ ਨਵੇਂ ਹਾਈਵੇਅ ਦਾ ਨਿਰਮਾਣ, ਪੁਲਾਂ ਅਤੇ ਅੰਡਰਪਾਸਾਂ ਦਾ ਨਿਰਮਾਣ, ਪਾਰਕਾਂ ਦਾ ਸੁੰਦਰੀਕਰਨ, ਆਰਐੱਮਸੀ ਤੋਂ ਸੜਕਾਂ, ਸਟਰੀਟ ਲਾਈਟਾਂ ਅਤੇ ਹਾਈ ਮਾਸਕ ਲਾਈਟਾਂ, ਕਮਿਊਨਿਟੀ ਹਾਲ ਦਾ ਨਿਰਮਾਣ, ਮੈਟਰੋ ਦਾ ਵਿਸਥਾਰ, ਰੇਲਵੇ ਸਟੇਸ਼ਨ ਦਾ ਨਵੀਨੀਕਰਨ ਆਦਿ ਕੰਮ ਹਨ। ਹਰ ਪਾਸੇ ਅਣਗਿਣਤ ਵਿਕਾਸ ਕਾਰਜ ਕੀਤੇ ਜਾ ਰਹੇ ਹਨ, ਸਿਰਫ ਵਿਕਾਸ ਹੀ ਨਜ਼ਰ ਆ ਰਿਹਾ ਹੈ।

# ਜੱਸੀ ਸੋਹੀਆਂ ਵਾਲਾ ਨੇ ਨਵੀਂ ਚੁਣੀ ਟੀਮ ਨੂੰ ਦਿੱਤੀ ਵਧਾਈ



ਬਹੁਮੰਤਵੀ ਸਹਿਕਾਰੀ ਸੁਸਾਇਟੀ ਦੰਦਰਾਲਾ ਢੀਂਡਸਾ ਦੇ ਨਵ ਨਿਯੁਕਤ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਵਧਾਈ ਦੇਣ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨਾਲ ਗੁਰਸੇਵ ਸਿੰਘ ਢੀਂਡਸਾ, ਕਰਮਾ ਟੌਪਰ ਤੇ ਪਿਆਰਾ ਸਿੰਘ ਮੋਹਲਗੁਆਰਾ ਆਦਿ।

**ਨਾਭਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਦੇ ਯਤਨਾਂ ਸਦਕਾ ਦੀ ਬਹੁਮੰਤਵੀ ਸਹਿਕਾਰੀ ਸਭਾ ਦੰਦਰਾਲਾ ਢੀਂਡਸਾ ਦੀ ਚੋਣ ਅੱਜ ਸਰਬ ਸੰਮਤੀ ਨਾਲ ਹੋਈ ਜਿਸ ਵਿੱਚ ਸਭਾ ਦੇ ਮੈਂਬਰ ਗੁਰਮੁੱਖ ਸਿੰਘ ਸੋਹੀ ਨੂੰ ਪ ?ਧਾਨ ਚੁਣਿਆ ਗਿਆ ਅਤੇ ਲਖਵੀਰ ਸਿੰਘ ਦੰਦਰਾਲਾ ਢੀਂਡਸਾ ਤੇ ਦਵਿੰਦਰ ਸਿੰਘ ਮੋਹਲਗੁਆਰਾ ਨੂੰ ਮੀਤ ਪ੍ਰਧਾਨ ਬਣਾਇਆ ਗਿਆ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਵਿਸ਼ੇਸ਼ ਤੌਰ ਤੇ ਪੁੱਜਕੇ ਸੁਸਾਇਟੀ ਦੇ ਨਵ ਨਿਯੁਕਤ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਨਵੇਂ ਚੁਣੇ ਅਹੁਦੇਦਾਰਾਂ ਤੇ ਮੈਂਬਰਾ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਅਤੇ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਆਪ ਆਗੂ ਗੁਰਸੇਵ ਸਿੰਘ ਢੀਂਡਸਾ, ਗਾਇਕ ਕਰਮਾ ਟੌਪਰ, ਦਵਿੰਦਰ ਸਿੰਘ ਕੁਲਾਰਾ ਸਾਬਕਾ ਪ੍ਰਧਾਨ ਟਰੱਕ ਯੂਨੀਅਨ, ਸਤਵੰਤ ਸਿੰਘ ਲਾਡੀ ਸੋਹੀ, ਪਿਆਰਾ ਸਿੰਘ ਸਾਬਕਾ ਸਰਪੰਚ ਮੋਹਲਗੁਆਰਾ, ਗੁਰਦੀਪ ਸਿੰਘ ਸੋਹੀ, ਸੁਸਾਇਟੀ ਮੈਂਬਰ ਮਨਜੀਤ ਸਿੰਘ ਬਬਲਾ, ਗੁਰਮੇਲ ਸਿੰਘ ਸਿਵਗੜ੍ਹ, ਭਿੰਦਰ ਕੌਰ ਦੰਦਰਾਲਾ ਢੀਂਡਸਾ, ਮੇਹਰ ਸਿੰਘ ਮੋਹਲਗੁਆਰਾ, ਦਵਿੰਦਰ ਸਿੰਘ ਕਾਕਾ ਆਦਿ ਮੌਜੂਦ ਸਨ।

# ਗੁਪਤਾ ਜਾਗਰਣ ਪਰਿਵਾਰ ਵਲੋਂ ਮਥੁਰਾ ਵਰਿੰਦਾਵਨ ਧਾਮ ਲਈ ਜਥਾ ਹੋਇਆ ਰਵਾਨਾ



**ਨਾਭਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਖਾਟੂ ਸ਼ਿਆਮ ਮੰਦਿਰ ਬੱਸ ਸਟੈਂਡ,ਨਾਭਾ ਤੋ ਡਾਇਰੈਕਟਰ ਲਲਿਤ ਗੁਪਤਾ ਅਤੇ ਪ੍ਰੋਜੈਕਟ ਚੇਅਰਮੈਨ ਕੁਲਦੀਪ ਭਾਟੀਆ ਦੀ ਅਗਵਾਈ ਵਿੱਚ 67 ਮੈਂਬਰਾਂ ਦਾ ਜਥਾ ਮਥੁਰਾ ਵਰਿੰਦਾਵਨ ਧਾਮ ਲਈ ਰਵਾਨਾ ਹੋਇਆ 19 ਵੀ ਬੱਸ ਯਾਤਰਾ ਨੂੰ ਝੰਡੀ ਦੇਣ ਦੀ ਰਸਮ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੇ ਭਰਾ ਕਪਿਲ ਮਾਨ ਸਮਾਜ ਸੇਵਕ ਅਤੇ ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਖੂਨਦਾਨੀ ਸਟੇਟ ਅਵਾਰਡੀ, ਸੰਦੀਪ ਸ਼ਰਮਾ ਆਪ ਆਗੂ ਨੇ ਸਾਂਝੇ ਤੋਰ ਤੇ ਨਿਭਾਈ ਅਤੇ ਨਾਰੀਅਲ ਤੋੜਨ ਦੀ ਰਸਮ ਪ੍ਰਧਾਨ ਹਿਮਾਂਸ਼ੂ ਗੋਇਲ, ਜਿਪਸੀ ਬਾਂਸਲ ਚੇਅਰਮੈਨ ਨੇ ਸਾਂਝੇ ਤੋਰ ਤੇ ਅਦਾ ਕੀਤੀ ਨਾਲ ਹੀ ਭਜਨ ਗਾਇਕ ਸੁਰਾਂ ਦੇ ਬਾਦਸ਼ਾਹ ਰਵੀ ਭਾਰਦਵਾਜ, ਮਾਸਟਰ ਨੀਰਜ ਸ਼ਰਮਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ,ਸੰਗਤਾਂ ਦੇ ਲਈ ਰਿਫਰੈਸ਼ਮੈਂਟ ਅਤੇ ਪਾਣੀ ਦਾ ਇੰਤਜ਼ਾਮ ਸਮਾਜ ਸੇਵਕ ਸੰਜੀਵ ਜਿੰਦਲ ਸੰਜੂ ਤੇਲ ਵਾਲਿਆਂ ਵੱਲੋ ਕੀਤਾ ਗਿਆ, ਨਾਲ ਹੀ ਬੋਲਦੇ ਹੋਏ ਕਪਿਲ ਮਾਨ ਨੇ ਕਿਹਾ ਕਿ ਧਾਰਮਿਕ ਕੰਮਾਂ ਵਿੱਚ ਹਿੱਸਾ ਲੈਣਾ ਬਹੁਤ ਚੰਗਾ ਕਦਮ ਹੈ ਇਸ ਨਾਲ ਸਮਾਜ ਦੇ ਹੋਰ ਲੋਕਾਂ ਨੂੰ ਵੀ ਸੇਧ ਮਿਲਦੀ ਹੈ ਬਾਂਕੇ ਬਿਹਾਰੀ ਜੀ ਗੁਪਤਾ ਜਾਗਰਣ ਪਰਿਵਾਰ ਦੀ ਸਾਰੀ ਟੀਮ ਤੇ ਵੀ ਕਿਰਪਾ ਬਣਾ ਕੇ ਰੱਖਣਗੇ ਜੋ ਇਹ ਸਾਰੀ ਸੰਗਤ ਨੂੰ ਸਪੈਸ਼ਲ ਦਰਸ਼ਨ ਕਰਵਾ ਕੇ ਲੈ ਆਂਦੇ ਹਨ ਅਤੇ ਸਾਰੇ ਹੀ ਭਗਤਾਂ ਦੀ ਯਾਤਰਾ ਸੁੱਖ ਸ਼ਾਂਤਮਈ ਤਰੀਕੇ ਨਾਲ ਪੂਰੀ ਹੋਏ ਅਤੇ ਉਹਨਾਂ ਦੇ ਨਾਲ ਹੀ ਪ੍ਰਧਾਨ ਭਾਸ਼ੀ ਨੇ ਕਿਹਾ ਕਿ ਨਾਭਾ ਸ਼ਹਿਰ ਸ਼ੁਰੂ ਤੋ ਹੀ ਮਿੰਨੀ ਕਾਂਸੀ ਦੇ ਤੋਰ ਤੇ ਜਾਣਿਆ ਜਾਂਦਾ ਹੈ ਸਾਡੀ ਹਰਸ਼ ਬਲੱਡ ਡੋਨਰ ਸੋਸਾਇਟੀ ਦਾ ਹਰੇਕ ਤਰਾਂ ਦਾ ਸਹਿਯੋਗ ਗੁਪਤਾ ਜਾਗਰਣ ਪਰਿਵਾਰ ਨੂੰ ਹਮੇਸ਼ਾ ਰਹਿੰਦਾ ਹੈ ਲਲਿਤ ਗੁਪਤਾ ਵੱਲੋ ਸਾਰੇ ਆਏ ਮਹਿਮਾਨਾਂ ਦਾ ਧੰਨਵਾਦ ਵੀ ਕੀਤਾ ਗਿਆ ਅਤੇ ਸਾਰਿਆਂ ਦਾ ਸਨਮਾਨ ਵੀ ਕੀਤਾ ਗਿਆ ਕਪਿਲ ਮਾਨ ਦੇ ਨਾਲ ਪ੍ਰਧਾਨ ਭਾਸ਼ੀ ਨੇ ਯਾਤਰੀਆਂ ਨਾਲ ਭਰੀ ਬੱਸ ਦਾ ਦੌਰਾ ਵੀ ਕੀਤਾ ਅਤੇ ਸਾਰਿਆਂ ਨੂੰ ਇਸ ਯਾਤਰਾ ਲਈ ਮੁਬਾਰਕਾਂ ਵੀ ਦਿੱਤੀਆਂ, ਸਾਰਿਆਂ ਲਈ ਸੁੱਖ ਸ਼ਾਂਤੀ ਦੀ ਅਰਦਾਸ ਵੀ ਕੀਤੀ ,ਉਸ ਮੌਕੇ ਨਾਲ ਰਵੀ ਭਾਰਦਵਾਜ ਜਾਗਰਣ ਪਰਿਵਾਰ ਵਾਲੇ,ਰੋਹਿਤ ਭਾਟੀਆ, ਮੋਹਿਤ ਕੁਮਾਰ ਡੀ.ਜੇ ਆਦਿ ਹਾਜਰ ਸਨ।

# ਨਿੱਜੀ ਹਸਪਤਾਲ ਆਯੂਸ਼ਮਾਨ ਕਾਰਡ ਧਾਰਕਾਂ ਦਾ ਨਹੀਂ ਕਰਨਗੇ ਇਲਾਜ: ਆਈਐੱਮਏ

**ਯਮੁਨਾਨਗਰ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਅਨ ਮੈਡੀਕਲ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਹਰਿਆਣਾ ਸਰਕਾਰ ਵੱਲੋਂ ਸਮਝੌਤੇ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ 'ਤੇ ਆਯੂਸ਼ਮਾਨ ਯੋਜਨਾ ਤਹਿਤ ਸੂਚੀਬੱਧ ਹਰਿਆਣਾ ਦੇ ਸਾਰੇ ਹਸਪਤਾਲ ਅੱਜ ਅੱਧੀ ਰਾਤ ਤੋਂ ਆਯੂਸ਼ਮਾਨ ਕਾਰਡ ਧਾਰਕਾਂ ਦਾ ਇਲਾਜ ਬੰਦ ਕਰ ਦੇਣਗੇ। ਐਸੋਸੀਏਸ਼ਨ ਮੁਤਾਬਕ ਇਹ ਫ਼ੈਸਲਾ ਇਸ ਮਹੀਨੇ ਦੇ ਅੰਤ ਤੱਕ ਜਾਰੀ ਰਹੇਗਾ ਅਤੇ ਇਸ ਤੋਂ ਬਾਅਦ ਅਗਲੇਰੀ ਰਣਨੀਤੀ ਬਣਾਈ ਜਾਵੇਗੀ।

ਐਸੋਸੀਏਸ਼ਨ ਦੇ ਸੂਬਾਈ ਆਨਰੇਰੀ ਸਕੱਤਰ ਡੀਕੇ ਸੋਨੀ ਨੇ ਕਿਹਾ ਕਿ ਐਸੋਸੀਏਸ਼ਨ ਪਿਛਲੇ ਲੰਮੇ ਸਮੇਂ ਤੋਂ ਆਪਣੀਆਂ ਸਮੱਸਿਆਵਾਂ ਦੇ ਹੱਲ ਦੀ ਮੰਗ ਕਰ ਰਹੀ ਹੈ ਪਰ ਸਰਕਾਰ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਹੀ, ਜਿਸ ਕਾਰਨ ਉਹ ਇਹ ਫ਼ੈਸਲਾ ਲੈਣ ਲਈ ਮਜਬੂਰ ਹੋਏ ਹਨ।

# ਵਿਧਾਇਕ ਅਮੋਲਕ ਸਿੰਘ ਵੱਲੋਂ ਕਰਮਜੀਤ ਅਨਮੋਲ ਦਾ ਕੀਤਾ ਸਵਾਗਤ



**ਜੈਤੋਂ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਆਮ ਆਦਮੀ ਪਾਰਟੀ ਵੱਲੋ ਲੋਕ ਸਭਾ ਹਲਕਾ ਫਰੀਦਕੋਟ ਦੀ ਟਿਕਟ ਪੰਜਾਬੀ ਗਾਇਕ ਤੇ ਕਲਾਕਾਰ ਕਰਮਜੀਤ ਅਨਮੋਲ ਨੂੰ ਮਿਲਣ ਦੇ ਚੱਲਦਿਆਂ ਪਾਰਟੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਜਿਸਦੇ ਚੱਲਦਿਆਂ ਹਲਕਾ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਵੱਲੋਂ ਕਰਮਜੀਤ ਅਨਮੋਲ ਨੂੰ ਲੋਕ ਸਭਾ ਹਲਕਾ ਫਰੀਦਕੋਟ ਤੋਂ ਟਿਕਟ ਮਿਲਣ 'ਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਅਤੇ ਪਾਰਟੀ ਹਾਈਕਮਾਨ ਦਾ ਧੰਨਵਾਦ ਕੀਤਾ। ਇਸ ਮੌਕੇ ਵਿਧਾਇਕ ਅਮੋਲਕ ਸਿੰਘ ਦੇ ਨਿਰਦੇਸ਼ਾ 'ਤੇ ਉਹਨਾਂ ਦੇ ਦਫ਼ਤਰ ਵਿਖੇ ਸਮੂਹ ਪਾਰਟੀ ਅਹੁਦੇਦਾਰਾਂ ਸਮੇਤ ਵਰਕਰਾਂ ਵੱਲੋਂ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ 'ਤੇ ਲੱਡੂ ਵੰਡੇ ਗਏ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਰਕੀਟ ਕਮੇਟੀ ਜੈਤੋ ਦੇ ਚੇਅਰਮੈਨ ਡਾ. ਲਛਮਣ ਸ਼ਰਮਾਂ ਭਗਤੂਆਣਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿੱਪ ਦਾ ਮੈਂ ਦਿਲੋਂ ਧੰਨਦਾਵ ਕਰਦਾ ਹਾਂ। ਜਿੰਨਾ ਨੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਬਹੁਤ ਹੀ ਸੂਝਵਾਨ 'ਤੇ ਸਮਾਜ ਸੇਵੀ ਗਾਇਕ ਤੇ ਕਲਾਕਾਰ ਕਰਮਜੀਤ ਅਨਮੋਲ ਨੂੰ ਪਾਰਟੀ ਦੀ ਟਿਕਟ ਦੇ ਕੇ ਨਿਵਾਜਿਆ ਹੈ। ਅਸੀ ਉਹਨਾਂ ਨੂੰ ਲੋਕ ਸਭਾ ਹਲਕਾ ਫਰੀਦਕੋਟ ਤੋਂ ਅਡਵਾਂਸ ਵਿੱਚ ਹੀ ਜਿੱਤ ਦੀ ਵਧਾਈ ਦਿੰਦੇ ਹਾਂ। ਕਿਉਂਕਿ ਟਿਕਟ ਮਿਲਣ ਕਰਕੇ ਫਰੀਦਕੋਟ ਦੀ ਟਿਕਟ ਸਾਡੇ ਪਹਿਲਾਂ ਹੀ ਪਾਲੇ ਵਿੱਚ ਆ ਗਈ ਹੈ। ਸਮੂਹ ਵਰਕਰਾਂ ਵੱਲੋਂ ਕਰਮਜੀਤ ਅਨਮੋਲ ਨੂੰ ਟਿਕਟ ਮਿਲਣ ਤੇ ਦਫ਼ਤਰ ਵਿੱਚ ਲੱਡੂ ਵੀ ਵੰਡੇ ਗਏ।

ਇਸ ਮੌਕੇ 'ਤੇ ਇਹਨਾਂ ਨਾਲ ਕੌਂਸਲਰ ਡਾ. ਹਰੀਸ਼ ਚੰਦਰ, ਸੀਨੀ ਆਗੂ ਸਤਪਾਲ ਡੋਡ, ਬੇਅੰਤ ਸਿੰਘ ਰਾਜੂ, ਜਸਵੰਤ ਸਿੰਘ, ਸੁਖਰੀਤ ਰੋਮਾਣਾ, ਕੁਲਦੀਪ ਸਿੰਘ ਪੀਏ ਵਿਧਾਇਕ ਅਮੋਲਕ ਸਿੰਘ, ਤੀਰਥ ਗਰਗ, ਮਨਜੀਤ ਸਿੰਘ ਟੀਟੂ, ਧਰਮਿੰਦਰ ਸਿੰਘ ਤੋਤਾ ਨੰਬਰਦਾਰ, ਬਲਵਿੰਦਰ ਸਿੰਘ, ਪਵਨਦੀਪ ਘੁੱਲਾ, ਬਲਦੇਵ ਕੁਮਾਰ, ਮਾਸਟਰ ਪਰਮਜੀਤ ਸਿੰਘ ਪਰਮੀ ਬਾਜਾਖਾਨਾ, ਜਸਮੇਲ ਸਿੰਘ ਢਿੱਲੋਂ, ਦਿਲਬਾਗ ਸਿੰਘ, ਜਸਵਿੰਦਰ ਸਿੰਘ ਲੋਟਾ, ਹਰਜੀਤ ਸਿੰਘ ਜੀਤਾ, ਅਮਨਦੀਪ ਸਿੰਘ ਅਮਨਾ, ਜਸਪਾਲ ਗੋਰਾ ਕਰੀਰਵਾਲੀ, ਜਗਤਾਰ ਸਿੰਘ ਬਲਾਕ ਪ੍ਰਧਾਨ, ਬਲਕਰਨ ਸਿੰਘ ਬਲਾਕ ਪ੍ਰਧਾਨ, ਇਕਬਾਲ ਸਿੰਘ ਬਲਾਕ ਪ੍ਰਧਾਨ, ਕੇਵਲ ਸ਼ਰਮਾਂ ਬਲਾਕ ਪ੍ਰਧਾਨ, ਪਰਮਜੀਤ ਸਿੰਘ ਸਿੱਧੂ ਬਲਾਕ ਪ੍ਰਧਾਨ, ਅਸ਼ੋਕ ਗਰਗ ਬਲਾਕ ਪ੍ਰਧਾਨ, ਨਰਿੰਦਰ ਸਿੰਘ ਕੌਂਸਲਰ, ਕੇਵਲ ਸਿੰਘ ਬਲਾਕ ਪ੍ਰਧਾਨ, ਕੁਲਵਿੰਦਰ ਸਿੰਘ ਬਲਾਕ ਪ੍ਰਧਾਨ, ਮਨਜਿੰਦਰ ਸਿੰਘ ਲਾਡੀ ਬਲਾਕ ਪ੍ਰਧਾਨ, ਕੁਲਦੀਪ ਸਿੰਘ ਬਲਾਕ ਪ੍ਰਧਾਨ, ਸੰਜੀਵ ਕੁਮਾਰ ਬਲਾਕ ਪ੍ਰਧਾਨ, ਸਰਬਜੀਤ ਕੌਰ ਬਲਾਕ ਪ੍ਰਧਾਨ, ਤਰਵਿੰਦਰ ਸਿੰਘ ਬਲਾਕ ਪ੍ਰਧਾਨ ਸਮੇਤ ਸਮੁੱਚੇ ਹੀ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

# ਬੁਰਜ ਪਵਾਤ ਵਿਖੇ ਤਹਿਸੀਲ ਪੱਧਰੀ ਪਹਿਲਾ ਗਊ ਭਲਾਈ ਕੈਂਪ ਲਗਾਇਆ




**ਮਾਛੀਵਾੜਾ ਸਾਹਿਬ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬੁਰਜ ਪਵਾਤ ਵਿਖੇ ਗਊ ਸੇਵਾ ਭਲਾਈ ਕਮਿਸ਼ਨ ਵੱਲੋਂ ਪਸ਼ੂ ਵਿਭਾਗ ਦੇ ਡਿਪਟੀ ਡਾਇਰੈਕਟਰ ਅਤੇ ਪਸ਼ੂ ਪਾਲਣ ਲੁਧਿਆਣਾ ਦੇ ਡਾ: ਪਰਮਦੀਪ ਸਿੰਘ ਵਾਲੀਆ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਵੈਟਰਨਰੀ ਅਫਸਰ ਡਾ: ਚੇਤਨਾ ਗੁਪਤਾ ਦੀ ਰਹਿਨੁਮਾਈ ਦੀ ਹੇਠ ਤਹਿਸੀਲ ਪੱਧਰੀ ਗਊ ਭਲਾਈ ਕੈਂਪ ਲਗਾਇਆ ਗਿਆ ਇਸ ਕੈਂਪ ਵਿੱਚ ਮਾਹਿਰ ਡਾਕਟਰਾਂ ਦੀ ਟੀਮ ਨੇ 210 ਗਊਆਂ ਦਾ ਇਲਾਜ ਕੀਤਾ ਗਿਆ । ਡਾਕਟਰ ਚੇਤਨਾ ਗੁਪਤਾ ਐੱਸ.ਵੀ.ਓ ਸਮਰਾਲਾ ਨੇ ਦੱਸਿਆ ਕਿ ਪੂਰੇ ਸੂਬੇ ਵਿੱਚ ਲੱਗਣ ਵਾਲੇ 44 ਕੈਂਪਾਂ ਵਿੱਚੋਂ ਬੁਰਜ਼ ਪਵਾਤ ਗਉਸਾਲਾ ਵਿਖੇ ਪਹਿਲਾ ਕੈਂਪ ਲਗਾਇਆ । ਕੈਂਪ ਦੇ ਪ੍ਰਬੰਧਨ ਵਿੱਚ ਅਜੀਤ ਕਾਲੜਾ ਧਿਆਨ ਫਾਊਂਡੇਸ਼ਨ ਦਾ ਵਿਸ਼ੇਸ਼ ਯੋਗਦਾਨ ਰਿਹਾ। ਕੈਂਪ ਦੌਰਾਨ ਡਾ.ਗੁਰਦਰਸ਼ਨ ਸਿੰਘ ਵੈਟਰਨਰੀ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਗਊ ਸੇਵਾ ਲਈ 25 ਹਜਾਰ ਰੁਪਏ ਦੀਆਂ ਦਵਾਈਆਂ ਦੇ ਨਾਲ ਨਾਲ ਗਊਆਂ ਦਾ ਇਲਾਜ ਵੀ ਮੁਫਤ ਕੀਤਾ। ਇਸ ਮੌਕੇ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਸਮਾਜ ਸੇਵੀ ਸ਼ਕਤੀ ਅਨੰਦ ਵਿਸ਼ੇਸ ਤੌਰ ਤੇ ਪੁੱਜੇ ਅਤੇ ਗਊਸ਼ਾਲਾ ਦੀ ਸਾਫ ਸਫਾਈ, ਸਾਂਭ ਸੰਭਾਲ ਦੇ ਪ੍ਰਬੰਧਾ ਦੇ ਨਾਲ ਨਾਲ ਪਸ਼ੂ ਹਸਪਤਾਲ ਬੁਰਜ ਪਵਾਤ ਗਊਸ਼ਾਲਾ ਵਿਖੇ ਦਿੱਤੀ ਜਾ ਰਹੀ ਇਲਾਜ ਦੀ ਸਹੂਲਤ ਦੀ ਸ਼ਲਾਘਾ ਕੀਤੀ ।ਇਸ ਕੈਂਪ ਵਿੱਚ ਗੁਰਦਿਆਲ ਸਿੰਘ ਰੂਰਲ ਵੈਟਨਰੀ ਫਾਰਮਾਸਿਸਟ, ਪਰਮਿੰਦਰ ਸਿੰਘ ,ਧਰਮਪਾਲ ਸਿੰਘ, ਯੋਗਿੰਦਰ ਸਿੰਘ, ਸਾਬਕਾ ਕੌਂਸਲਰ ਪਰਮਜੀਤ ਸਿੰਘ ਆਦਿ ਵੀ ਸ਼ਾਮਿਲ ਸਨ ।

# ਮੋਹਿਤ ਕੁੰਦਰਾ ਆੜ੍ਹਤੀ ਐਸੋਸ਼ੀਏਸ਼ਨ ਦੇ ਪ੍ਰਧਾਨ ਬਣੇ ਵਿਧਾਇਕ ਦਿਆਲਪੁਰਾ ਸਦਕਾ ਦੋਨੋਂ ਐਸੋ. ਹੋਈਆਂ ਇੱਕ



ਨਵ-ਨਿਯੁਕਤ ਪ੍ਰਧਾਨ ਮੋਹਿਤ ਕੁੰਦਰਾ ਨੂੰ ਵਧਾਈ ਦਿੰਦੇ ਹੋਏ ਵਿਧਾਇਕ ਦਿਆਲਪੁਰਾ ਅਤੇ ਹੋਰ।

**ਮਾਛੀਵਾੜਾ ਸਾਹਿਬ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆੜ੍ਹਤੀ ਐਸੋਸ਼ੀਏਸ਼ਨ ਮਾਛੀਵਾੜਾ ਦੀ ਇੱਕ ਮੀਟਿੰਗ ਮਾਰਕੀਟ ਕਮੇਟੀ ਦਫ਼ਤਰ ਵਿਖੇ ਹੋਈ ਜਿਸ ਵਿਚ ਸਰਬ ਸੰਮਤੀ ਨਾਲ ਮੋਹਿਤ ਕੁੰਦਰਾ ਨੂੰ ਇਸ ਦਾ ਪ੍ਰਧਾਨ ਚੁਣ ਲਿਆ ਗਿਆ। ਮੀਟਿੰਗ ਤੋਂ ਪਹਿਲਾਂ ਐਸੋਸ਼ੀਏਸ਼ਨ ਦੇ ਪ੍ਰਧਾਨ ਹਰਜਿੰਦਰ ਸਿੰਘ ਖੇੜਾ ਅਤੇ ਤੇਜਿੰਦਰ ਸਿੰਘ ਕੂੰਨਰ ਨੇ ਆਪਣੇ ਅਸਤੀਫ਼ੇ ਦਿੱਤੇ ਅਤੇ ਕਮੇਟੀ ਭੰਗ ਕਰਦਿਆਂ ਸਰਬ ਸੰਮਤੀ ਨਾਲ ਅਗਲੀ ਚੋਣ ਕਰਨ ਦੀ ਪੇਸ਼ਕਸ ਕੀਤੀ। ਸਰਬ ਸੰਮਤੀ ਨਾਲ ਸਮੂਹ ਆੜ ?ਤੀ ਭਾਈਚਾਰੇ ਵਲੋਂ ਗੁਰਨਾਮ ਸਿੰਘ ਨਾਗਰਾ, ਟਹਿਲ ਸਿੰਘ ਔਜਲਾ ਤੇ ਕਰਨੈਲ ਸਿੰਘ ਨੂੰ ਐਸੋਸ਼ੀਏਸ਼ਨ ਦਾ ਸਰਪ੍ਰਸਤ ਚੁਣਿਆ ਗਿਆ ਜਦਕਿ ਮੋਹਿਤ ਕੁੰਦਰਾ ਪ੍ਰਧਾਨ ਚੁਣੇ ਗਏ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਨਵੇਂ ਚੁਣੇ ਗਏ ਪ੍ਰਧਾਨ ਮੋਹਿਤ ਕੁੰਦਰਾ ਅਤੇ ਸਮੂਹ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਾਰਟੀ ਪੱਧਰ ਤੋਂ ਉੱਪਰ ਉਠ ਕੇ ਚੋਣ ਹੋਈ ਹੈ ਅਤੇ ਜੋ ਆੜ੍ਹਤੀ ਭਾਈਚਾਰੇ ਨੇ ਇੱਕਜੁਟਤਾ ਦਿਖਾਈ ਹੈ ਉਹ ਬਹੁਤ ਹੀ ਸ਼ਲਾਘਾਯੋਗ ਹੈ। ਵਿਧਾਇਕ ਨੇ ਕਿਹਾ ਕਿ 'ਆਪ' ਸਰਕਾਰ ਹਮੇਸ਼ਾ ਕਿਸਾਨਾਂ ਤੇ ਆੜ ?ਤੀਆਂ ਦੇ ਹਿੱਤਾਂ ਲਈ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਫਸਲਾਂ ਦੀ ਖਰੀਦ ਦੌਰਾਨ ਆੜ੍ਹਤੀਆਂ ਤੇ ਕਿਸਾਨਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਜੋ ਵੀ ਹੋਰ ਮੰਡੀ ਨਾਲ ਸਬੰਧਿਤ ਸਮੱਸਿਆਵਾਂ ਅਤੇ ਵਿਕਾਸ ਕਾਰਜ ਪਹਿਲ ਦੇ ਅਧਾਰ 'ਤੇ ਹੱਲ ਕੀਤੇ ਜਾਣਗੇ।

ਆੜ੍ਹਤੀ ਐਸੋਸ਼ੀਏਸ਼ਨ ਦੇ ਨਵੇਂ ਚੁਣੇ ਗਏ ਪ੍ਰਧਾਨ ਮੋਹਿਤ ਕੁੰਦਰਾ ਨੇ ਸਮੂਹ ਆੜ੍ਹਤੀ ਭਾਈਚਾਰੇ ਦਾ ਇਹ ਵੱਡਾ ਮਾਣ 'ਤੇ ਧੰਨਵਾਦ ਪ੍ਰਗਟਾਉਂਦਿਆਂ ਕਿਹਾ ਕਿ ਉਹ ਹਮੇਸ਼ਾ ਉਨ੍ਹਾਂ ਦੇ ਹਿੱਤਾਂ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਜਲਦ ਹੀ ਐਸੋਸ਼ੀਏਸ਼ਨ ਦੇ ਬਾਕੀ ਅਹੁਦੇਦਾਰਾਂ ਦੀ ਚੋਣ ਸਮੂਹ ਭਾਈਚਾਰੇ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਕਰ ਲਈ ਜਾਵੇਗੀ।

ਇਸ ਮੌਕੇ ਸੁਸ਼ੀਲ ਲੂਥਰਾ, ਅਸ਼ੋਕ ਸੂਦ, ਸੋਹਣ ਲਾਲ ਸ਼ੇਰਪੁਰੀ, ਸਤੀਸ਼ ਮਿੱਤਲ, ਸੁਰਿੰਦਰ ਕੁੰਦਰਾ, ਦਰਸ਼ਨ ਕੁੰਦਰਾ, ਰੁਪਿੰਦਰ ਸਿੰਘ ਬੈਨੀਪਾਲ, ਸੁਖਦੇਵ ਸਿੰਘ ਕਾਹਲੋਂ, ਐਡਵੋਕੇਟ ਕਪਿਲ ਆਨੰਦ, ਹੁਸਨ ਲਾਲ ਮਡ ?ਕਨ, ਨਿਤਿਨ ਜੈਨ, ਪਰਮਿੰਦਰ ਸਿੰਘ ਗੁਲਿਆਨੀ, ਅਰਵਿੰਦਰਪਾਲ ਸਿੰਘ ਵਿੱਕੀ, ਪ੍ਰਿੰਸ ਮਿੱਠੇਵਾਲ, ਸੁਰਿੰਦਰ ਬਾਂਸਲ, ਦਰਸ਼ਨ ਸਿੰਘ ਮਿੱਠੇਵਾਲ, ਹਰਿੰਦਰਮੋਹਣ ਸਿੰਘ ਕਾਲੜਾ, ਲਖਵੀਰ ਸਿੰਘ, ਹਰਿੰਦਰਪਾਲ ਸਿੰਘ ਰਹੀਮਾਬਾਦ, ਪਰਮਿੰਦਰ ਤਿਵਾੜੀ, ਬਲਵਿੰਦਰ ਸਿੰਘ ਮਾਨ, ਸੰਜੀਵ ਮਲਹੋਤਰਾ, ਪੁਨੀਤ ਜੈਨ, ਹਨੀ ਆਨੰਦ, ਜਤਿਨ ਚੌਰਾਇਆ, ਪ੍ਰਭਦੀਪ ਰੰਧਾਵਾ, ਵਿੱਕੀ ਕੁੰਦਰਾ, ਰਾਜੀਵ ਕੌਸ਼ਲ, ਜਤਿੰਦਰ ਗੁਪਤਾ, ਚੰਦਰ ਸੇਖਰ ਖੋਸਲਾ, ਹਰਕੇਸ਼ ਨਹਿਰਾ, ਮਲਕੀਤ ਸਿੰਘ, ਰਾਜਵਿੰਦਰ ਸਿੰਘ ਸੈਣੀ, ਤਜਿੰਦਰਪਾਲ ਸਿੰਘ ਡੀ.ਸੀ, ਵਿਨੀਤ ਜੈਨ, ਸਨੀ ਸੂਦ, ਸ਼ਸ਼ੀ ਭਾਟੀਆ, ਅਮਿਤ ਭਾਟੀਆ, ਜੈਦੀਪ ਕਾਹਲੋਂ, ਜਤਿੰਦਰ ਕੁੰਦਰਾ, ਮਨੋਜ ਬਾਂਸਲ, ਵਿਨੀਤ ਜੈਨ, ਰਿਸ਼ਭ ਕੁਮਾਰ, ਪਰਮਿੰਦਰ ਨੋਨਾ (ਸਾਰੇ ਆੜ੍ਹਤੀ), 'ਆਪ' ਆਗੂ ਸੁਖਵਿੰਦਰ ਸਿੰਘ ਗਿੱਲ, ਜਗਮੀਤ ਸਿੰਘ ਮੱਕੜ, ਪ੍ਰਵੀਨ ਮੱਕੜ, ਨਰਿੰਦਰਪਾਲ ਨਿੰਦੀ, ਮਨਰਾਜ ਸਿੰਘ ਲੁਬਾਣਗੜ੍ਹ ਆਦਿ ਵੀ ਮੌਜੂਦ ਸਨ।

# ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਨੂੰ ਚੋਣਾਂ ਸਬੰਧੀ ਵੱਖ-ਵੱਖ ਵਿਸ਼ਿਆਂ ਬਾਰੇ ਦਿੱਤੀ ਸਿਖਲਾਈ

**ਜਲੰਧਰ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਾਮੀ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਮੁੱਖ ਚੋਣ ਅਧਿਕਾਰੀ ਪੰਜਾਬ, ਚੰਡੀਗੜ੍ਹ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਲਈ ਉਲੀਕੀ ਗਈ ਤਿੰਨ ਦਿਨਾਂ ਸਿਖਲਾਈ ਦੇ ਦੂਜੇ ਦਿਨ ਅੱਜ ਡੀ.ਐਲ.ਐਮ.ਟੀਜ਼ ਨੂੰ ਆਦਰਸ਼ ਚੋਣ ਜ਼ਾਬਤਾ, ਵਲਨਰਬਿਲਟੀ ਮੈਪਿੰਗ, ਪੋਸਟਲ ਬੈਲਟ, ਆਈ.ਟੀ ਐਪਲੀਕੇਸ਼ਨਜ਼ ਸਮੇਤ ਚੋਣਾਂ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ ਬਾਰੇ ਟ੍ਰੇਨਿੰਗ ਦਿੱਤੀ ਗਈ।

ਇਥੇ ਰੈੱਡ ਕਰਾਸ ਭਵਨ ਵਿਖੇ ਸਿਖਲਾਈ ਦੇ ਪਹਿਲੇ ਸੈਸ਼ਨ ਦੌਰਾਨ ਸੂਬਾ ਪੱਧਰੀ ਮਾਸਟਰ ਟ੍ਰੇਨਰ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ ਨੇ ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਨੂੰ ਆਦਰਸ਼ ਚੋਣ ਜ਼ਾਬਤੇ ਸਬੰਧੀ ਭਾਰਤ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਚੋਣਾਂ ਦੇ ਐਲਾਨ ਤੋਂ ਬਾਅਦ ਤੁਰੰਤ ਪ੍ਰਭਾਵ ਨਾਲ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਜਾਵੇਗਾ।

ਉਨ੍ਹਾਂ ਕਿਹਾ ਕਿ ਚੋਣਾਂ ਨੂੰ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਆਦਰਸ਼ ਚੋਣ ਜ਼ਾਬਤੇ ਦੀ ਇੰਨ-ਬਿੰਨ ਪਾਲਣਾ ਬੇਹੱਦ ਜ਼ਰੂਰੀ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਵਲਨਰਬਿਲਟੀ ਮੈਪਿੰਗ ਬਾਰੇ ਵੀ ਜਾਣੂ ਕਰਵਾਇਆ ਗਿਆ।

ਦੂਜੇ ਸੈਸ਼ਨ ਵਿੱਚ ਸੂਬਾ ਪੱਧਰੀ ਮਾਸਟਰ ਟ੍ਰੇਨਰ ਐਸ.ਡੀ.ਐਮ. ਬਟਾਲਾ ਸ਼ਾਇਰੀ ਮਲਹੋਤਰਾ ਵੱਲੋਂ ਪੋਸਟਲ ਬੈਲਟ, ਈ.ਟੀ.ਪੀ.ਬੀ.ਐਸ., ਕਾਊਂਟਿੰਗ ਐਪਲੀਕੇਸ਼ਨਜ਼ ਸਮੇਤ ਚੋਣਾਂ ਸਬੰਧੀ ਹੋਰ ਆਈ.ਟੀ. ਐਪਲੀਕੇਸ਼ਨਾਂ ਬਾਰੇ ਜਾਣਕਾਰੀ ਦਿੱਤੀ ਗਈ।

ਤੀਜੇ ਸੈਸ਼ਨ ਵਿੱਚ ਸੂਬਾ ਪੱਧਰੀ ਮਾਸਟਰ ਟ੍ਰੇਨਰ ਐਸ.ਡੀ.ਐਮ. ਕਾਦੀਆਂ ਅਸ਼ਵਨੀ ਅਰੋੜਾ ਨੇ ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਨੂੰ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ-ਵੋਟਰ ਵੈਰੀਫਿਏਬਲ ਪੇਪਰ ਆਡਿਟ ਟਰੇਲ (ਈ.ਵੀ.ਐਮ-ਵੀ.ਵੀ.ਪੈਟ), ਗਿਣਤੀ ਅਤੇ ਨਤੀਜੇ ਦੇ ਐਲਾਨ ਸਬੰਧੀ ਵਿਸਥਾਰਪੂਰਵਕ ਸਿਖਲਾਈ ਦਿੱਤੀ।

ਜ਼ਿਕਰਯੋਗ ਹੈ ਕਿ ਇਸ ਤਿੰਨ ਦਿਨਾਂ ਸਿਖਲਾਈ ਵਿੱਚ ਜਲੰਧਰ ਡਵੀਜ਼ਨ ਵਿੱਚ ਪੈਂਦੇ ਜਲੰਧਰ, ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਨਾਲ ਸਬੰਧਤ ਮਾਸਟਰ ਟ੍ਰੇਨਰਾਂ ਵੱਲੋਂ ਭਾਗ ਲਿਆ ਜਾ ਰਿਹਾ ਹੈ।ਇਸ ਮੌਕੇ ਚੋਣ ਤਹਿਸੀਲਦਾਰ ਸੁਖਦੇਵ ਸਿੰਘ, ਚੋਣ ਕਾਨੂੰਨਗੋ ਰਾਕੇਸ਼ ਕੁਮਾਰ ਆਦਿ ਵੀ ਮੌਜੂਦ ਸਨ।

# .ਗਰੀਬ ਦੇ ਆਸ਼ੀਆਨੇ ਨੂੰ ਲੱਗੀ ਭਿਆਨਕ ਅੱਗ

**ਮਾਛੀਵਾੜਾ ਸਾਹਿਬ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਬਲੀਬੇਗ ਬਸਤੀ ਵਿਖੇ ਬੀਤੀ ਰਾਤ ਇੱਕ ਝੁੱਗੀ 'ਚ ਅੱਗ ਲੱਗਣ ਕਾਰਨ ਉਸ 'ਚ ਸੁੱਤੇ ਪਏ 3 ਬੱਚੇ ਸ਼ਬਨਮ, ਵਿਸ਼ਾਲ ਤੇ ਗੋਪਾਲ ਅਤੇ ਉਨ੍ਹਾਂ ਦਾ ਪਿਤਾ ਇੰਦਰ ਸਾਹਨੀ ਬੁਰੀ ਤਰ੍ਹਾਂ ਝੁਲਸ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੱਚਿਆਂ ਦੀ ਮਾਂ ਸੁਨੀਤਾ ਦੇਵੀ ਨੇ ਦੱਸਿਆ ਕਿ ਉਹ ਰੋਟੀ ਪਕਾਉਣ ਤੋਂ ਬਾਅਦ ਆਪਣੇ ਪਰਿਵਾਰ ਸਮੇਤ ਸੌਂ ਗਏ ਸਨ। ਉਸ ਨੇ ਦੱਸਿਆ ਕਿ ਉਹ ਤੇ ਉਸਦਾ ਪਤੀ ਅੱਗੇ ਝੁੱਗੀ 'ਚ ਸੁੱਤੇ ਪਏ ਸਨ, ਜਦੋਂ ਕਿ ਪਿਛਲੇ ਪੱਕੇ ਬਣੇ ਕਮਰੇ ਵਿਚ ਉਨ੍ਹਾਂ ਦੇ ਤਿੰਨ ਬੱਚੇ ਸੌਂ ਰਹੇ ਸਨ।ਸੁਨੀਤਾ ਦੇਵੀ ਨੇ ਦੱਸਿਆ ਕਿ ਉਸ ਦਾ ਪਤੀ ਖੇਤਾਂ ਵਿਚ ਫ਼ਸਲਾਂ 'ਤੇ ਸਪਰੇਅ ਕਰਨ ਦਾ ਕੰਮ ਕਰਦਾ ਹੈ ਅਤੇ ਉਸਲੇ ਸਪਰੇਅ ਵਾਲਾ ਪੰਪ ਚੁੱਲ੍ਹੇ ਨੇੜੇ ਰੱਖ ਦਿੱਤਾ। ਸ਼ੱਕ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਚੁੱਲ੍ਹੇ ਦੀ ਰਾਖ਼ ਤੋਂ ਪੰਪ 'ਚ ਪਏ ਪੈਟਰੋਲ ਨੂੰ ਅੱਗ ਲੱਗ ਗਈ, ਜਿਸ ਨੇ ਸਾਰੀ ਝੁੱਗੀ ਨੂੰ ਆਪਣੀ ਚਪੇਟ 'ਚ ਲੈ ਲਿਆ। ਅੱਗ ਦੀਆਂ ਲਪਟਾਂ ਦੇਖ ਅਤੇ ਰੌਲਾ ਸੁਣ ਕੇ ਆਸ-ਪਾਸ ਦੇ ਗੁਆਂਢੀ ਵੀ ਉੱਠ ਖੜ੍ਹੇ, ਜਿਨ੍ਹਾਂ ਨੇ ਪਾਣੀ ਪਾ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ

# ਨਾਭਾ ਗੋਬਿੰਦਗੜ੍ਹ ਭਵਾਨੀਗੜ੍ਹ ਅਤੇ ਅਮਲੋਹ ਰੋਡ ਦੇ ਕੰਮ ਦੀ ਸ਼ੁਰੂਆਤ ਵਿਧਾਇਕ ਦੇਵ ਮਾਨ ਨੇ ਕੀਤੀ



**ਨਾਭਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ, ਗੋਬਿੰਦਗੜ੍ਹ, ਭਵਾਨੀਗੜ੍ਹ ਤੇ ਅਮਲੋਹ ਦਾ ਕੁੱਲ 52 ਕਿਲੋਮੀਟਰ ਸੜਕ ਦੀ ਖਸਤਾ ਹਾਲਤ ਸੀ ਅਤੇ ਹਰ ਰੋਜ਼ ਸੜਕ ਹਾਦਸਿਆਂ ਵਿੱਚ ਵਾਧਾ ਹੁੰਦਾ ਜਾ ਰਿਹਾ ਸੀ। ਸਰਕਾਰ ਵੱਲੋਂ ਇਹ ਸੜਕ ਦੀ ਕਾਇਆ ਕਲਪ ਕਰਨ ਦੇ ਲਈ 45 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ। ਜਿਸ ਦਾ ਰਸਮੀ ਉਦਘਾਟਨ ਨਾਭਾ ਦੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵਮਾਨ ਵੱਲੋਂ ਕੀਤਾ ਗਿਆ। ਦੇਵਮਾਨ ਨੇ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਜਿੱਥੇ ਸੜਕ ਹਾਦਸੇ ਤੇ ਲਗਾਮ ਲੱਗੇਗੀ ਉੱਥੇ ਹੀ ਲੋਕਾਂ ਨੂੰ ਕਿਸੇ ਵੀ ਤਰਾ ਦੀ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਵਿਧਾਇਕ ਦੇਵਮਾਨ ਨੇ ਕਿਹਾ ਕਿ ਅਸੀਂ ਲੋਕ ਸਭਾ ਚੋਣਾਂ ਵਿੱਚ ਵੱਡੇ ਫਰਕ ਨਾਲ ਜਿੱਤਾਂਗੇ, ਕਿਉਂਕਿ ਆਪ ਪਾਰਟੀ ਵੱਲੋਂ ਜੋ ਦੋ ਸਾਲ ਕੰਮ ਕੀਤੇ ਹਨ ਉਹਨਾਂ ਦੇ ਅਧਾਰ ਤੇ ਅਸੀਂ ਵੋਟਾਂ ਮੰਗਾਂਗੇ। ਇਸ ਮੌਕੇ ਤੇ ਸ਼ਹਿਰ ਨਿਵਾਸੀਆਂ ਵੱਲੋਂ ਨਵੀਂ ਸੜਕ ਬਣ ਕੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਸੜਕ ਤੇ ਲੁੱਕ ਦਾ ਕੰਮ ਸ਼ੁਰੂ ਕਰਵਾਇਆ ਗਿਆ। ਇਸ ਉਪਰਾਲੇ ਤੋਂ ਰਾਹਗੀਰ ਵੀ ਕਾਫੀ ਖੁਸ਼ ਦਿਖਾਈ ਦਿੱਤੇ। ਇਹ ਸੜਕ ਗੋਬਿੰਦਗੜ੍ਹ ਅਮਲੋਹ ਨਾਭਾ ਭਵਾਨੀਗੜ੍ਹ ਨੂੰ ਜੋੜਦੀ ਹੈ ਅਤੇ ਆਵਾਜਾਈ ਵੀ ਬਹੁਤ ਰਹਿੰਦੀ ਹੈ ਇਸ ਮੌਕੇ ਉਨ੍ਹਾਂ ਦੇ ਨਾਲ ਇੰਦਰਜੀਤ ਸਿੰਘ ਐਸ ਐਚ ਓ ਭਾਦਸੋਂ, ਜਸਵੀਰ ਸਿੰਘ ਜੱਸੀ ਜੇ ਈ , ਮੰਟੂ ਪਹੂਜਾ , ਭੁਪਿੰਦਰ ਸਿੰਘ ਕੱਲਰ ਮਾਜਰੀ , ਜਸਵੀਰ ਸਿੰਘ ਵਜੀਦਪੁਰ ਅਤੇ ਰਾਹਗੀਰ ਮੌਜੂਦ ਸਨ।

# ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਹਲਕਾ ਕਰਤਾਰਪੁਰ 'ਚ ਵਿਕਾਸ ਪ੍ਰਾਜੈਕਟਾਂ ਦੇ ਰੱਖੇ ਨੀਂਹ ਪੱਥਰ



ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਸ. ਬਲਕਾਰ ਸਿੰਘ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਦੇ ਹੋਏ।

**ਜਲੰਧਰ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਸ. ਬਲਕਾਰ ਸਿੰਘ ਨੇ ਅੱਜ ਵਿਧਾਨ ਸਭਾ ਹਲਕਾ ਕਰਤਾਰਪੁਰ ਵਿੱਚ ਪੈਂਦੇ ਪਿੰਡਾਂ 'ਚ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ।

ਕੈਬਨਿਟ ਮੰਤਰੀ ਵੱਲੋਂ ਪਿੰਡ ਕੋਟਲਾ ਦਾ ਦੌਰਾ ਕੀਤਾ ਗਿਆ, ਜਿੱਥੇ ਉਨ੍ਹਾਂ ਨੇ ਸੀਵਰੇਜ ਅਤੇ ਇੰਟਰਲਾਕਿੰਗ ਟਾਈਲਾਂ ਦੇ ਪ੍ਰਾਜੈਕਟਾਂ ਦੀ ਸ਼ੁਰੂਆਤ ਕਰਵਾਈ। ਇਸ ਤੋਂ ਬਾਅਦ ਪਿੰਡ ਅਵਾਦਾਨ ਵਿਖੇ ਛੱਪੜਾਂ ਦੇ ਨਵੀਨੀਕਰਨ ਤੋਂ ਇਲਾਵਾ ਬੜਾ ਪਿੰਡ ਵਿੱਚ ਇੰਟਰਲਾਕਿੰਗ ਟਾਈਲਾਂ, ਸੀਵਰੇਜ ਸਿਸਟਮ ਅਤੇ ਧਰਮਸ਼ਾਲਾ ਦੀ ਉਸਾਰੀ ਦੇ ਨੀਂਹ ਪੱਥਰ ਵੀ ਰੱਖੇ।ਇਸ ਮੌਕੇ ਸੰਬੋਧਨ ਕਰਦਿਆਂ ਮੰਤਰੀ ਸ. ਬਲਕਾਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਕਾਸ ਕਾਰਜਾਂ ਰਾਹੀਂ ਪੇਂਡੂ ਖੇਤਰਾਂ ਦੀ ਨੁਹਾਰ ਬਦਲਣ ਅਤੇ ਪਿੰਡਾਂ 'ਚ ਸ਼ਹਿਰਾਂ ਵਰਗਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਾਜੈਕਟ ਸਦਕਾ ਉਕਤ ਪਿੰਡਾਂ ਵਿੱਚ ਨਵੀਆਂ ਗਲੀਆਂ ਦੇ ਨਿਰਮਾਣ ਤੋਂ ਇਲਾਵਾ ਸੀਵਰੇਜ ਦੀ ਵੱਡੀ ਸਮੱਸਿਆ ਦਾ ਹੱਲ ਹੋਵੇਗਾ।

ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਪ੍ਰਾਜੈਕਟਾਂ ਦੇ ਮੁਕੰਮਲ ਹੋਣ ਨਾਲ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਗੰਦੇ ਪਾਣੀ ਦੀ ਨਿਕਾਸੀ, ਨਵੀਆਂ ਗਲੀਆਂ ਸਮੇਤ ਹੋਰ ਬਿਹਤਰ ਸਹੂਲਤਾਂ ਮਿਲਣਗੀਆਂ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਪਹਿਲਾਂ ਹੀ ਵੱਖ-ਵੱਖ ਵਿਕਾਸ ਪ੍ਰਾਜੈਕਟ ਚਲਾਏ ਹਨ ਕਿਉਂਜੋ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ।

ਮੰਤਰੀ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਲੋਕਾਂ ਦੀ ਭਲਾਈ ਲਈ ਹਮੇਸ਼ਾ ਇਤਿਹਾਸਕ ਫੈਸਲੇ ਲਏ ਹਨ, ਜਿਨ੍ਹਾਂ ਵਿੱਚ 600 ਯੂਨਿਟ ਮੁਫ਼ਤ ਬਿਜਲੀ, ਆਮ ਆਦਮੀ ਕਲੀਨਿਕ, ਸਰਕਾਰੀ ਨੌਕਰੀਆਂ, ਸਕੂਲ ਆਫ ਐਮੀਨੈਂਸ, ਮੁੱਖ ਮੰਤਰੀ ਤੀਰਥ ਯਾਤਰਾ ਸਕੀਮ, ਘਰ-ਘਰ ਰਾਸ਼ਨ, ਆਪ ਦੀ ਸਰਕਾਰ ਦੀ ਸਰਕਾਰ, ਆਪ ਦੇ ਦੁਆਰ ਸਮੇਤ ਕਈ ਹੋਰ ਲੋਕ ਪੱਖੀ ਕਦਮ ਸ਼ਾਮਲ ਹਨ।



# ਬੇ-ਜ਼ੁਬਾਨ ਮਮਤਾ ਦੇ ਲੇਰੜੇ ਤੇ ਮੇਰਾ ਘੋਰ ਪਛਤਾਵਾ

ਸਰੋਕਾਰ



-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਦੋਸਤੋ ਇੱਕ ਦਿਨ ਮੈਂ ਘੋਰ ਉਦਾਸੀ ਤੇ ਪਛਤਾਵੇ ਕਾਰਨ ਗਮਗੀਨ ਰਿਹਾ।ਮੇਰੀਆਂ ਅੱਖਾਂ ਮੋਹਰੇ,ਆਪਣੇ ਬੱਚੇ ਨੂੰ ਬਚਾਉਣ ਲਈ ਬੇਵੱਸ,ਤੜਫਦੇ,ਕੁਰਲਾਉਂਦੇ ਤੋਤਾ-ਤੋਤੀ ਦਾ ਜੋੜਾ ਘੁੰਮਦਾ ਹੀ ਰਿਹਾ!

ਕਹਿੰਦੇ ਦੁੱਖ ਵੰਡਾਇਆਂ ਘਟ ਜਾਂਦਾ ਹੈ।ਇਸ ਕਰਕੇ ਤੁਹਾਡੇ ਨਾਲ ਦਿਲ ਹੌਲ਼ਾ ਕਰਨ ਲਈ ਲਿਖਣ ਲੱਗਾ ਹਾਂ।

ਸਾਡੇ ਘਰ ਦੇ ਬਗ਼ਲ ਦੇ ਬਾਹਰ ਸੁੱਕੀ ਤੇ ਬੋਦੀ ਹੋਈ ਖੜ੍ਹੀ ਡੇਕ ਦੇ ਉਤਲੇ ਹਿੱਸੇ ਵਿੱਚ ਚੁੰਝਾਂ ਨਾਲ ਖੋਦ ਖੋਦ ਕੇ ਤੋਤਿਆਂ ਨੇ ਘੁਰਨਾ ਆਲ੍ਹਣਾ ਬਣਾਇਆ ਹੋਇਆ ਹੈ ਜਿੱਥੇ ਉਹ ਸਾਰਾ ਦਿਨ 'ਟ...ਰ...ਰ, ਟਰ...ਰ, ਟੈਂਅ... ਟੈਂਅ' ਦੀ ਰੌਣਕ ਲਾਈ ਰੱਖਦੇ ਹਨ।

ਅੱਜ ਸਵੇਰੇ ਸੁਵਖਤੇ ਮੈਂ ਰੋਜ ਵਾਂਗ ਆਪਣੇ ਚੁਬਾਰੇ 'ਚ ਜਾ ਕੇ ਸਹਿਜ ਪਾਠ ਕਰਨ ਲੱਗਾ।

ਹਾਲੇ ਦਸ ਕੁ ਮਿੰਟ ਹੀ ਹੋਏ ਸਨ ਕਿ ਥੱਲੇ ਡੇਕ ਉੱਤੇ ਤੋਤੇ, ਸੈਰ੍ਹਕਾਂ ਤੇ ਹੋਰ ਜਨੌਰ ਇਉਂ ਰੌਲ਼ਾ ਪਾਉਣ ਲੱਗੇ ਜਿਵੇਂ ਆਮ ਤੌਰ 'ਤੇ ਉਹ ਸੱਪ ਨਿਕਲ਼ੇ ਤੋਂ ਬਚਾਅ ਲਈ ਕੁੱਝ ਵੱਖਰੀਆਂ ਅਵਾਜਾਂ ਕੱਢਦੇ ਹੁੰਦੇ ਨੇ। ਮੈਂ ਇਹ ਸੋਚ ਕੇ ਪਾਠ ਕਰਨਾਂ ਜਾਰ੍ਹੀ ਰੱਖਿਆ ਕਿ ਡੇਕ ਥੱਲੇ ਕੋਈ ਕੁੱਤਾ ਜਾਂ ਬਿੱਲੀ ਆਈ ਹੋਣੀ ਐਂ ! ਪਰ ਹੇਠਾਂ ਜਨੌਰਾਂ ਦਾ ਚੀਕ-ਚਿਹਾੜਾ ਵੱਧਦਾ ਜਾਂਦਾ ਸੁਣਕੇ ਮੈਂ ਸ਼ਬਦ-ਸਮਾਪਤੀ ਕੀਤੀ ਤੇ ਪੌੜੀਆਂ ਉੱਤਰ ਆਇਆ!

ਡੇਕ 'ਤੇ ਤੋਤਿਆਂ ਦੇ ਖੁੱਡ-ਆਲ੍ਹਣੇ ਦੇ ਮੋਹਰੇ ਤੋਤਿਆਂ ਸਮੇਤ ਕਈ ਹੋਰ ਪਰਿੰਦੇ ਫੜ-ਫੜਾਉਂਦੇ,ਕੁਰਲਾਹਟ ਮਚਾਉਂਦੇ ਹੋਏ ਇਉਂ ਤਰਲੇ ਕਰ ਰਹੇ ਸਨ ਜਿਵੇਂ ਉਹ ਖੁੱਡ 'ਚ ਵੜੇ ਕਿਸੇ ਦੁਸ਼ਮਣ ਜਾਨਵਰ ਨੂੰ ਬਾਹਰ ਧੂਅ ਲਿਆਉਣਾ ਚਾਹ ਰਹੇ ਹੋਣ ! ਪਰ ਵਿਚਾਰਿਆਂ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ!!

ਇਨ੍ਹਾਂ ਪਲਾਂ ਵਿੱਚ ਹੀ ਮੈਂ ਦੇਖਿਆ ਕੋਈ ਭੂਸਲ਼ੀ ਜਿਹੀ ਪੂਛ ਵਾਲ਼ਾ ਜਾਨਵਰ ਖੁੱਡ 'ਚ ਵੜਿਆ ਹੈ ਕਿਉਂ ਕਿ ਚੱਪਾ ਕੁ ਪੂਛ ਅੰਦਰ ਨੂੰ ਜਾਂਦੀ ਮੇਰੀ ਨਜ਼ਰ ਪੈ ਗਈ ਸੀ!

ਕਾਹਲ਼ੀ ਨਾਲ਼ ਮੈਂ ਲੰਮੀਂ ਢਾਂਗੀ ਚੱਕਣ ਦੌੜਿਆ.... ਜਿਉਂ ਹੀ ਮੈਂ ਢਾਂਗੀ 'ਤਾਂਹ ਨੂੰ ਉਲਾਰੀ, ਤੋਤਿਆਂ ਦਾ ਇੱਕ ਨਿੱਕਾ ਜਿਹਾ ਬੋਟ ਮੂੰਹ 'ਚ ਚੁੱਕੀ ਇੱਕ ਮੋਟਾ ਸਾਰਾ ਨਿਉਲ਼ਾ ਖੁੱਡ 'ਚੋਂ ਬਾਹਰ ਨਿਕਲ ਕੇ ਲਪਰ ਲਪਰ ਕਰਦਾ ਥੱਲੇ ਉੱਤਰ ਗਿਆ ! ਸਾਰੇ ਪਰਿੰਦੇ ਰੋ-ਕੁਰਲਾ ਕੇ ਹੰਭ ਗਏ ਤੇ ਏਧਰ-ਓਧਰ ਉਡ ਗਏ !! ਉੱਥੇ ਰਹਿ ਗਏ ਅਭਾਗੇ ਤੋਤਾ-ਤੋਤੀ !!!

ਨਿਉਲ਼ੇ ਦੇ ਮੂੰਹ 'ਚ ਬੋਟ ਦੀ ਲਟਕਦੀ ਧੌਣ ਮੋਹਰੇ ਨਿੱਕੀ ਜਿਹੀ ਬਣੀ ਲਾਲ ਚੁੰਝ ਅਤੇ ਪਾਸਿਆਂ 'ਤੇ ਨਿੱਕਲ਼ੇ ਨਿੱਕੇ ਨਿੱਕੇ ਹਰੇ ਖੰਭ ਦੇਖ ਕੇ ਮੇਰਾ ਕਲ਼ੇਜਾ ਬਾਹਰ ਆਉਣ ਨੂੰ ਕਰੇ !

ਮੈਂ ਬਹੁਤ ਪਛਤਾਇਆ ਕਿ ਜੇਕਰ ਮੈਂ ਪਹਿਲਾਂ ਹੀ ਹੇਠ ਆ ਜਾਂਦਾ ਤਾਂ ਡੇਕ ਦੇ ਤਣ੍ਹੇ 'ਤੇ ਚੜ੍ਹਦੇ ਨਿਉਲ਼ੇ ਨੂੰ ਭਜਾ ਦਿੰਦਾ! ਤੋਤਿਆਂ ਦਾ ਬੱਚਾ ਬਚ ਜਾਂਦਾ, ਪਰ............!

ਆਪਣਾ ਬੱਚਾ ਗੁਆ ਕੇ ਤੋਤਾ-ਤੋਤੀ ਵਿਚਾਰੇ ਸ਼ਾਮ ਤੱਕ ਆਪਣੇ ਖੁੱਡ-ਆਲ੍ਹਣੇ ਦੇ ਉੱਪਰ-ਹੇਠ, ਸੱਜੇ-ਖੱਬੇ ਕਦੇ ਅੰਦਰ ਨੂੰ ਇਉਂ ਗਰਦਣਾ ਘੁਮਾ ਘੁਮਾ ਦੇਖਦੇ ਰਹੇ ਜਿਵੇਂ ਉਹ ਆਪਣੇ ਬੋਟ ਨੂੰ ਲੱਭ ਰਹੇ ਹੋਣ........!

ਦੂਰੋਂ ਉਨ੍ਹਾਂ ਦੀਆਂ ਫੋਟੋਆਂ ਲੈਂਦਿਆਂ ਮੈਂ ਸੋਚਿਆ ਕਿ ਉਹ ਸਵੇਰ ਦੇ ਚੋਗਾ ਚੁਗਣ ਵੀ ਨਹੀਂ ਗਏ ਹੋਣੇ। ਇਹ ਸੋਚ ਕੇ ਮੈਂ ਥੋੜ੍ਹਾ ਜਿਹਾ ਆਟਾ ਆਪਣੇ ਬਗ਼ਲ ਦੀ ਕੰਧ ਉੱਤੇ ਸੁੱਟਿਆ ਪਰ ਮੈਂ ਤਾਕੀ ਵਿੱਚ ਖਲੋ ਕੇ ਦੇਖਿਆ ਕਿ ਦੁਖੀ ਤੋਤੇ ਤੋਤੀ ਨੇ ਆਟੇ ਵੱਲ੍ਹ ਦੇਖਿਆ ਵੀ ਨਹੀਂ !

# ਇਨਸਾਨੀਅਤ ਦਾ ਇਕ ਰੰਗ ਇਹ ਵੀ



ਗੁਰਦੀਪ ਸਿੰਘ ਢਿੱਲੋਂ/ 98156-61191

ਸੂਝਵਾਨ ਲੋਕਾਂ ਦਾ ਕਥਨ ਹੈ ਕਿ ਮਦਦ ਕਰਨ ਲਈ ਵੱਡੇ ਬੈਂਕ ਬੈਲੈਂਸ ਦੀ ਨਹੀਂ ਜਿਗਰੇ ਅਤੇ ਭਾਵਨਾ ਦੀ ਲੋੜ ਹੁੰਦੀ ਹੈ। ਗ਼ਰੀਬ, ਬਿਮਾਰ, ਲੋੜਵੰਦ ਤੇ ਮਜ਼ਬੂਰ ਦੀ ਸੇਵਾ ਸਭ ਤੋਂ ਉਤਮ ਸੇਵਾ ਮੰਨੀ ਜਾਂਦੀ ਹੈ। ਅਜੇ ਪਿਛਲੇ ਮਹੀਨੇ ਦੀ ਗੱਲ ਹੈ ਮੇਰੇ ਦਫ਼ਤਰ ਦੇ ਕੰਪਿਊਟਰ ਸੈਕਸ਼ਨ ਦਾ ਇੰਚਾਰਜ ਸਨੀ, ਜੋ ਮੈਥੋਂ ਕਾਫੀ ਛੋਟਾ ਹੈ ਪਰ ਸੰਸਕਾਰੀ ਬਹੁਤ ਹੈ। ਉਸਦੇ ਇਕਲੌਤੇ ਕੁਆਰੇ ਮਾਮੇ ਦੀ ਜਗਰਾਓਂ ਵਿਖੇ ਰਾਤ ਸਮੇਂ ਵਾਪਰੇ ਇਕ ਸੜਕ ਹਾਦਸੇ 'ਚ ਮੌਤ ਹੋ ਗਈ।

ਉਹ ਇਸ ਅਚਨਚੇਤ ਆਣ ਪਈ ਬਿਪਤਾ ਦੌਰਾਨ ਲਗਭਗ 13-14 ਦਿਨ ਛੁੱਟੀ 'ਤੇ ਰਿਹਾ ਤੇ ਜਿਸ ਦਿਨ ਵਾਪਸ ਆਇਆ, ਸਾਰਿਆਂ ਨੇ ਦਫ਼ਤਰ ਆਉਣ ਸਾਰ ਵਾਰੋ-ਵਾਰੀ ਉਸ ਨਾਲ ਅਫਸੋਸ ਜ਼ਾਹਰ ਕੀਤਾ। ਉਸਨੇ ਸਾਰਿਆਂ ਵੱਲੋਂ ਹਾਦਸੇ ਦਾ ਕਾਰਨ ਜਾਣਨ ਦੇ ਇਵਜ਼ ਵਜੋਂ ਦੱਸਿਆ ਕਿ ਸਾਨੂੰ ਰਾਤ ਨੂੰ ਹਾਦਸੇ ਬਾਰੇ ਫੋਨ ਆਇਆ ਤੇ ਅਸੀਂ ਉਸੇ ਵਕਤ ਪਟਿਆਲੇ ਤੋਂ ਘਰੋਂ ਚੱਲ ਪਏ ਅਤੇ ਸਿੱਧਾ ਜਗਰਾਓਂ ਹਸਪਤਾਲ ਪਹੁੰਚ ਗਏ ਪਰ ਸਾਡੇ ਜਾਣ ਤੋਂ ਪਹਿਲਾਂ ਭਾਣਾ ਵਾਪਰ ਚੁੱਕਾ ਸੀ ਭਾਵ ਮਾਮਾ ਜੀ ਦੀ ਮੌਤ ਹੋ ਗਈ ਸੀ। ਉਹ ਕਿੱਤੇ ਵਜੋਂ ਫੋਟੋਗ੍ਰਾਫਰ ਸੀ ਅਤੇ ਰਾਤ ਨੂੰ ਵਿਆਹ ਸਮਾਗਮ ਤੋਂ ਪਰਤਦੇ ਸਮੇਂ ਉਹ ਸਾਥੀਆਂ ਵਾਲੀ ਕਾਰ 'ਚੋਂ ਉਤਰਕੇ ਇਸ ਲਈ ਨਾਲ ਵਾਲੇ ਇੱਕ ਲੜਕੇ ਨਾਲ ਮੋਟਰ ਸਾਈਕਲ 'ਤੇ ਬੈਠ ਗਿਆ, ਜੋ ਇਕੱਲਾ ਆ ਰਿਹਾ ਸੀ। ਅੱਗੇ ਜਾ ਕੇ ਉਹ ਮੋਟਰ ਸਾਈਕਲ ਵੀ ਉਸਨੂੰ ਪਿੱਛੇ ਬਿਠਾਕੇ ਖੁਦ ਚਲਾਉਣ ਲੱਗ ਪਿਆ। ਉਹਨਾਂ ਦਾ ਮੋਟਰ ਸਾਈਕਲ ਸੜਕ 'ਤੇ ਜਾ ਰਹੀ ਭੂੰਗ ਵਾਲੀ ਟਰਾਲੀ ਨਾਲ ਟਕਰਾ ਗਿਆ ਤੇ ਉਹ ਗੰਭੀਰ ਜਖ਼ਮੀ ਹੋ ਗਿਆ। ਪਿੱਛੇ ਆ ਰਹੇ ਉਸਦੇ ਸਾਥੀਆਂ ਨੇ ਉਸਨੂੰ ਤੁਰੰਤ ਹਸਪਤਾਲ ਪਹੁੰਚਾਉਣ ਦਾ ਯਤਨ ਕੀਤਾ ਪਰ ਸੱਟ ਗਹਿਰੀ ਹੋਣ ਕਾਰਨ ਉਹ ਬਹੁਤੀ ਦੇਰ ਬਚ ਨਾ ਸਕਿਆ ਤੇ ਨਾ ਹੀ ਇਲਾਜ ਲਈ ਕਿਸੇ ਹੋਰ ਵੱਡੇ ਹਸਪਤਾਲ ਲੈ ਜਾਣ ਦਾ ਵਕਤ ਮਿਲਿਆ। ਜਿਸ ਟਰਾਲੀ ਨਾਲ ਮੋਟਰ ਸਾਈਕਲ ਟਕਰਾਇਆ ਉਹ ਹਫੜਾ-ਦਫੜੀ 'ਚ ਖਿਸਕਣ ਦੀ ਬਜਾਏ ਮਦਦ ਲਈ ਅੱਗੇ ਆਏ ਤੇ ਕਾਰ ਦੀ ਪਿਛਲੀ ਸੀਟ 'ਤੇ ਉਹਨਾਂ 'ਚੋਂ ਇਕ ਟਰਾਲੀ ਵਾਲਾ ਮਾਮੇ ਦਾ ਸਿਰ ਬੁੱਕਲ 'ਚ ਰੱਖਕੇ ਹਸਪਤਾਲ ਤਕ ਨਾਲ ਵੀ ਗਿਆ। ਇਸਤੋਂ ਬਾਅਦ ਸਿਲਸਿਲਾ ਸ਼ੁਰੂ ਹੋਇਆ ਪੁਲਿਸ ਕਾਰਵਾਈ ਕਰਨ ਦਾ। ਟਰਾਲੀ ਵਾਲਿਆਂ ਨਾਲ ਗੱਲ ਕਰਨੀ ਵੀ ਜ਼ਰੂਰੀ ਸਮਝੀ ਤੇ ਉਨ੍ਹਾਂ ਘਟਨਾ 'ਤੇ ਦੁੱਖ ਜ਼ਾਹਰ ਕਰਦੇ ਹੋਏ ਕਾਰਵਾਈ ਦੀ ਬਜਾਏ ਪ੍ਰਚੱਲਿਤ ਦੁਨਿਆਵੀ ਵਰਤਾਰੇ ਮੁਤਾਬਕ ਕੁਝ ਲੈ ਦੇ ਕੇ ਨਿਬੇੜਨ ਦੀ ਗੱਲ ਆਖੀ ਤੇ ਕਿਹਾ ਕਿ ਅਸੀਂ ਏਨੇ ਕੁ ਪੈਸੇ ਦੇਣ ਦੇ ਸਮਰੱਥ ਹਾਂ। ਪਰ ਉਹਨਾਂ ਵੱਲੋਂ ਦਿੱਤੀ ਜਾ ਰਹੀ ਰਕਮ ਸਾਡੀ ਸੋਚ-ਉਮੀਦ ਤੋਂ ਬਹੁਤ ਘੱਟ ਸੀ। ਗੱਲ ਸਿਰੇ ਨਾ ਲਗਦੀ ਦੇਖ ਥਾਣੇ ਵੱਲ ਨੂੰ ਰੁਖ ਕੀਤਾ ਤੇ ਰਸਤੇ 'ਚ ਟਰਾਲੀ ਵਾਲਿਆਂ ਦਾ ਫੋਨ ਆ ਗਿਆ, ਪਤਾ ਨਹੀਂ ਕਿਸ ਵੇਲੇ ਉਨ੍ਹਾਂ ਕਿਸ ਕੋਲੋਂ ਮੋਬਾਇਲ ਦਾ ਨੰਬਰ ਲਿਆ ਹੋਣਾਂ। ਰੁਕ ਕੇ ਫਿਰ ਉਨ੍ਹਾਂ ਦੀ ਗੱਲ ਸੁਣਨ ਦੀ ਸਲਾਹ ਬਣੀ। ਟਰਾਲੀ ਵਾਲਿਆਂ ਨੇ ਆਪਣਾ ਪਿੰਡ ਤੇ ਸਾਰਾ ਪਤਾ ਟਿਕਾਣਾ ਦੱਸਿਆ ਤੇ ਇਹ ਵੀ ਦੱਸਿਆ ਕਿ ਅਸੀਂ ਤਾਂ ਦਿਹਾੜੀਦਾਰ ਹਾਂ ਤੇ ਟਰੈਕਟਰ-ਟਰਾਲੀ ਪਿੰਡ ਦੀ ਕੋਆਪ੍ਰੇਟਿਵ ਸੁਸਾਇਟੀ ਦੇ ਹਨ। ਮਾਮੇ ਦੇ ਸਾਥੀਆਂ ਨੇ ਤੇ ਅਸੀਂ ਜਦੋਂ ਉਹਨਾਂ ਦੀ ਸਾਰੀ ਗੱਲ ਸੁਣੀ ਤਾਂ ਸੋਚਿਆ ਕਿ ਜੇਕਰ ਪੁਲਿਸ ਕੇਸ ਕੀਤਾ ਤਾਂ ਉਸਦੀ ਪੈਰਵਾਈ ਕੌਣ ਕਰੇਗਾ? ਕਿਉਂਕਿ ਮਾਮੇ ਤੋਂ ਬਾਅਦ ਘਰ 'ਚ ਹੋਰ ਕੋਈ ਵੀ ਨਹੀਂ। ਇਹ ਵੀ ਸੋਚਿਆ ਕਿ ਜੇ ਇਹਨਾਂ ਤੋਂ ਕੁਝ ਪੈਸੇ ਲੈ ਲਏ ਫਿਰ ਬਾਅਦ ਵਿਚ ਰੱਖੇਗਾ ਕੌਣ ? ਕਿਉਂਕਿ ਜੇਕਰ ਮਾਮਾ ਵਿਆਹਿਆ ਹੁੰਦਾ ਤਾਂ ਘਰਵਾਲੀ ਜਾਂ ਬੱਚਿਆਂ ਦੇ ਨਾਂ ਕਰਵਾ ਸਕਦੇ ਸੀ। ਇਹ ਵੀ ਵਿਚਾਰ ਆਇਆ ਕਿ ਇਹ ਪੈਸੇ ਲੈ ਕੇ ਮਾਮੇ ਦੀਆਂ ਭੈਣਾਂ 'ਚ ਹੀ ਵੰਡਣੇ ਪੈਣਗੇ ਜੋ ਆਪਣੇ ਘਰ 'ਚ ਵਧੀਆ ਖੁਸ਼ਹਾਲ ਹਨ ਤੇ ਇੱਕ ਤਾਂ ਅਮਰੀਕਾ ਰਹਿੰਦੀ ਹੈ। ਆਖਰ ਉਨ੍ਹਾਂ ਟਰਾਲੀ ਵਾਲਿਆਂ ਨੇ ਕਿਹਾ ਕਿ ਚਲੋ ਤੁਸੀਂ ਹਮਦਰਦੀ ਨਾਲ ਵਿਚਾਰ ਕਰ ਲਓ ਤੇ ਸਾਨੂੰ ਹੁਣ ਪਿੰਡ ਜਾਣ ਦਿਓ ਤੇ ਅਸੀਂ ਵੀ ਪਿੰਡ ਜਾ ਕੇ ਸਾਰਾ ਮਸਲਾ ਵਿਚਾਰ ਲਵਾਂਗੇ। ਕੱਲ ਨੂੰ ਅਸੀਂ ਆਪਣੇ ਪਿੰਡ ਦੇ ਚਾਰ ਸਿਆਣੇ ਬੰਦੇ ਲੈ ਕੇ ਜਿੰਨੇ ਵਜੇ ਆਖੋਗੇ, ਆ ਜਾਵਾਂਗੇ। ਏਨਾ ਕਹਿੰਦਿਆਂ ਉਨ੍ਹਾਂ ਆਪਣੀ ਜੇਬ 'ਚੋਂ ਕੱਢਕੇ ਅਧਾਰ ਕਾਰਡ ਸਾਡੇ ਹਵਾਲੇ ਕਰ ਦਿੱਤੇ ਤੇ ਚਲੇ ਗਏ। ਅਗਲੇ ਦਿਨ ਉਹ ਕੁਝ ਮੋਹਤਬਰ ਬੰਦੇ ਲੈ ਕੇ ਸਾਡੇ ਕੋਲ ਘਰ ਆ ਗਏ। ਹਾਦਸੇ ਵਾਲੀ ਰਾਤ ਮੌਕੇ ਅਸੀਂ ਉਨ੍ਹਾਂ ਤੋਂ ਸਮਝੌਤੇ ਦੇ ਸੱਤ ਲੱਖ ਮੰਗੇ ਸਨ ਤੇ ਉਹਨਾਂ ਕਿਹਾ ਸੀ ਕਿ ਸਾਡੀ ਤਾਂ ਏਨੀ ਸਮਰੱਥਾ ਨਹੀਂ ਪਰ ਉਹਨਾਂ ਸੋਚਿਆ ਕਿ ਚਲੋ ਪਿੰਡ ਜਾ ਕੇ ਸਲਾਹ ਮਸ਼ਵਰਾ ਕਰਕੇ ਏਧਰੋਂ-ਓਧਰੋਂ ਪੈਸੇ ਦਾ ਜੁਗਾੜ ਕਰਕੇ ਜਿੰਨਾਂ ਵੱਧ ਤੋਂ ਵੱਧ ਹੋ ਸਕਿਆ ਦੇ ਕੇ ਮਾਮਲੇ ਨੂੰ ਨਿਪਟਾਉਣ ਦੀ ਕੋਸ਼ਿਸ਼ ਕਰਾਂਗੇ। ਇਸੇ ਲਈ ਉਹ ਸਾਨੂੰ ਅਧਾਰ ਕਾਰਡ ਫੜ੍ਹਾ ਕੇ ਪਿੰਡ ਗਏ ਸਨ, ਸਾਨੂੰ ਇਹ ਗੱਲ ਬਾਅਦ 'ਚ ਸਮਝ ਆਈ। ਉਨ੍ਹਾਂ ਆਏ ਮੋਹਤਬਰ ਬੰਦਿਆਂ ਨੇ ਦੱਸਿਆ ਕਿ ਇਹ ਬਹੁਤ ਗਰੀਬ ਬੰਦੇ ਹਨ ਤੇ ਦਿਹਾੜੀ ਕਰਕੇ ਗੁਜ਼ਾਰਾ ਕਰਦੇ ਹਨ। ਹੁਣ ਵੀ ਅੱਗੇ ਪੈਸੇ ਜੋੜਕੇ ਹੀ ਤੁਹਾਨੂੰ ਦੇਣਗੇ। ਹਾਂ, ਇਹਨਾਂ ਕੋਲ ਡੇਢ ਲੱਖ ਰੁਪਿਆ ਹੈ ਜੋ ਇਹਨਾਂ ਨੇ ਤਿੰਨ-ਚਾਰ ਮਹੀਨੇ ਤਕ ਕੁੜੀ ਦਾ ਵਿਆਹ ਕਰਨ ਲਈ ਜੋੜਕੇ ਰੱਖਿਆ ਹੋਇਆ ਹੈ, ਉਹ ਦੇ ਦਿੰਦੇ ਹਾਂ। ਗੱਲ ਸਮਝ ਤੋਂ ਬਾਹਰ ਹੋ ਗਈ ਸੀ। ਮੇਰੇ ਮਾਮੇ ਦੇ ਦੋਸਤਾਂ ਨੇ ਮੈਨੂੰ ਪੁੱਛਿਆ ਪਰ ਹਾਲਾਤ ਬਣੇ ਦੇਖਕੇ ਮੈਨੂੰ ਖੁਦ ਨੂੰ ਕੁਝ ਨਹੀਂ ਸੀ ਸੁਝ ਰਿਹਾ। ਉਨ੍ਹਾਂ ਕਿਹਾ ਕਿ ਚੱਲ ਤੂੰ ਆਪਣੀ ਮੰਮੀ ਨਾਲ ਗੱਲ ਕਰ ਜਿਵੇਂ ਉਹ ਆਖੇਗੀ ਕਰ ਲਵਾਂਗੇ। ਮੈਂ ਮੰਮੀ ਨੂੰ ਸਾਰੀ ਗੱਲ ਦੱਸੀ ਕਿ ਮੰਮੀ ਇਹ ਗਰੀਬ ਦਿਹਾੜੀਦਾਰ ਬੰਦੇ ਹਨ ਤੇ ਕੁਝ ਪੈਸੇ ਕੁੜੀ ਦੇ ਵਿਆਹ ਲਈ ਇਹਨਾਂ ਰੱਖੇ ਹਨ ਤੇ ਉਹ ਦੇਣਾ ਚਾਹੁੰਦੇ ਹਨ। ਜਦੋਂ ਮੰਮੀ ਨੇ ਇਹ ਗੱਲ ਸੁਣੀ ਤਾਂ ਥੋੜਾ ਸੋਚਕੇ ਉਸਨੇ ਕਿਹਾ ਕਿ ਨਹੀਂ ਬੇਟਾ ਅਸੀਂ ਉਸ ਵਿਚਾਰੀ ਦੇ ਚਾਅ ਨਹੀਂ ਮਾਰਨੇ। ਕਿਥੇ ਭੁਗਤਾਂਗੇ ਉਸਦੀਆਂ ਬਦਦੁਆਵਾਂ ਦਾ ਫਲ। ਪਹਿਲਾਂ ਹੀ ਅਸੀਂ ਆਪਣਾ ਇਕਲੌਤਾ ਭਰਾ ਗੁਆ ਕੇ ਪਤਾ ਨਹੀਂ ਕਿਹੜੇ ਗੁਨਾਹਾਂ ਦੀ ਸਜ਼ਾ ਭੁਗਤ ਰਹੇ ਹਾਂ। ਮੰਮੀ ਨੇ ਤੁਰੰਤ ਸਤਯੁਗੀ ਫੈਸਲਾ ਸੁਣਾਉਂਦਿਆਂ ਕਿਹਾ ਕਿ ਬੇਟੇ ਆਪਾਂ ਨਹੀਂ ਲੈਣੇ ਇਹ ਪੈਸੇ। ਸਗੋਂ ਇਹਨਾਂ ਦਾ ਸਾਰਾ ਪਤਾ ਨੋਟ ਕਰ ਲੈ ਇਹਨਾਂ ਨੂੰ ਆਖ ਜਦੋਂ ਬੇਟੀ ਦਾ ਵਿਆਹ ਹੋਇਆ ਫੋਨ ਜ਼ਰੂਰ ਕਰਨ। ਆਪਾਂ ਜੋ ਸਰਦਾ ਹੋਇਆ ਉਸਦੇ ਵਿਆਹ 'ਤੇ ਹੋਰ ਵੀ ਮਦਦ ਕਰਕੇ ਆਵਾਂਗੇ। ਅਸੀਂ ਸਾਰੇ ਸਟਾਫ਼ ਵਾਲੇ ਪੂਰੀ ਇਕਾਗਰਤਾ ਨਾਲ ਇਹ ਸਾਰੀ ਦਾਸਤਾਨ ਸੁਣ ਰਹੇ ਸੀ ਪਰ ਇਹ ਵੀ ਸੋਚ ਰਹੇ ਸੀ ਕਿ ਰੱਬ ਮੰਦਰਾਂ-ਗੁਰਦਆਰਿਆਂ 'ਚ ਹੈ ਜਾਂ ਫਿਰ ਇਨਸਾਨਾਂ ਦੇ ਦਿਲਾਂ 'ਚ। ਸਨੀ ਦੀ ਮਾਂ ਸਲਾਮ! ਸਾਡਾ ਸਾਰਿਆਂ ਦਾ।

> **ਮੰਮੀ ਨੇ ਤੁਰੰਤ ਸਤਯੁਗੀ ਫੈਸਲਾ ਸੁਣਾਉਂਦਿਆਂ ਕਿਹਾ ਕਿ ਬੇਟੇ ਆਪਾਂ ਨਹੀਂ ਲੈਣੇ ਇਹ ਪੈਸੇ। ਸਗੋਂ ਇਹਨਾਂ ਦਾ ਸਾਰਾ ਪਤਾ ਨੋਟ ਕਰ ਲੈ ਇਹਨਾਂ ਨੂੰ ਆਖ ਜਦੋਂ ਬੇਟੀ ਦਾ ਵਿਆਹ ਹੋਇਆ ਫੋਨ ਜ਼ਰੂਰ ਕਰਨ। ਆਪਾਂ ਜੋ ਸਰਦਾ ਹੋਇਆ ਉਸਦੇ ਵਿਆਹ 'ਤੇ ਹੋਰ ਵੀ ਮਦਦ ਕਰਕੇ ਆਵਾਂਗੇ। ਅਸੀਂ ਸਾਰੇ ਸਟਾਫ਼ ਵਾਲੇ ਪੂਰੀ ਇਕਾਗਰਤਾ ਨਾਲ ਇਹ ਸਾਰੀ ਦਾਸਤਾਨ ਸੁਣ ਰਹੇ ਸੀ ਪਰ ਇਹ ਵੀ ਸੋਚ ਰਹੇ ਸੀ ਕਿ ਰੱਬ ਮੰਦਰਾਂ-ਗੁਰਦਆਰਿਆਂ 'ਚ ਹੈ ਜਾਂ ਫਿਰ ਇਨਸਾਨਾਂ ਦੇ ਦਿਲਾਂ 'ਚ। ਸਨੀ ਦੀ ਮਾਂ ਸਲਾਮ ! ਸਾਡਾ ਸਾਰਿਆਂ ਦਾ।**

# ਗਵਾਚੇ ਰਿਸ਼ਤੇ

ਸਾਂਵਲ ਧਾਮੀ



ਸਿਆਲਕੋਟ ਦੇ ਪਿੰਡ ਗੋਜਰੇ 'ਚ ਬੱਲ ਗੋਤ ਦੇ ਸਿੱਖ ਅਤੇ ਮੁਸਲਮਾਨ ਜੱਟ ਵੱਸਦੇ ਸਨ। ਉਨ੍ਹਾਂ 'ਚੋਂ ਸਰਵਣ ਸਿੰਘ ਦਾ ਬੈਠਣ-ਉੱਠਣ ਮੁਸਲਮਾਨਾਂ 'ਚ ਸੀ ਤੇ ਉਹ ਪੀਰਾਂ ਨੂੰ ਮੰਨਦਾ ਸੀ। ਉਸ ਦੀਆਂ ਦੋ ਧੀਆਂ ਸਨ। ਵੱਡੀ ਹਰਨਾਮ ਕੌਰ ਡਸਕੇ ਨੇੜਲੇ ਪਿੰਡ ਭਾਂਡੇਆਲੇ ਦੇ ਸੋਹਣ ਸਿੰਘ ਚੀਮਾ ਨਾਲ ਵਿਆਹੀ ਹੋਈ ਸੀ। ਸੋਹਣ ਸਿੰਘ ਦੇ ਪਿਉ ਦਾ ਨਾਂ ਮੋਹਕਮ ਚੰਦ ਅਤੇ ਚਾਚੇ ਦਾ ਨਾਂ ਵਧਾਵਾ ਚੰਦ ਸੀ। ਮੋਹਕਮ ਚੰਦ ਦੇ ਅਗਾਂਹ ਤਿੰਨ ਪੁੱਤਰ ਸਨ। ਮੱਖਣ ਸਿੰਘ, ਸੋਹਣ ਸਿੰਘ ਤੇ ਮੰਗਲ ਸਿੰਘ।

ਸੋਹਣ ਸਿੰਘ ਅਤੇ ਹਰਨਾਮ ਕੌਰ ਦੇ ਛੇ ਬੱਚੇ ਪੈਦਾ ਹੋਏ। ਵੱਡੀਆਂ ਤਿੰਨ ਕੁੜੀਆਂ ਹਰਬੰਸ ਕੌਰ, ਅਮਰ ਕੌਰ ਤੇ ਮਹਿੰਦਰ ਕੌਰ ਅਤੇ ਛੋਟੇ ਤਿੰਨ ਮੁੰਡੇ ਭਜਨ ਸਿੰਘ, ਜੋਗਿੰਦਰ ਸਿੰਘ ਤੇ ਮਹਿੰਦਰ ਸਿੰਘ। ਮਹਿੰਦਰ ਕੌਰ ਉਦੋਂ ਤੇਰ੍ਹਾਂ ਸਾਲਾਂ ਦੀ ਸੀ। ਹੁਣ ਉਹ ਤਿੰਨ ਪੁੱਤਰਾਂ ਤੇ ਤਿੰਨ ਧੀਆਂ ਦੀ ਮਾਂ ਏ ਤੇ ਸਿਆਲਕੋਟੀਏ ਘੁੰਮਣਾਂ ਦੇ ਘਰ ਕਪੂਰਥਲੇ ਦੇ ਪਿੰਡ ਫੱਤੂਢੀਂਗਾ 'ਚ ਰਹਿ ਰਹੀ ਏ। ਉਹਦੀ ਦਰਦ-ਕਹਾਣੀ ਸੁਣਨ ਲਈ ਮੈਂ ਫੱਤੂਢੀਂਗੇ ਗਿਆ।

"ਸੰਤਾਲੀ ਦੇ ਅਗਸਤ ਮਹੀਨੇ ਦੀ ਗੱਲ ਏ। ਸਾਡੇ ਪਿੰਡ ਦੇ ਬਹੁਤੇ ਘਰ ਪਿੰਡੋਂ ਨਿਕਲ ਕੇ ਖੂਹਾਂ 'ਤੇ ਆ ਗਏ ਸਨ। ਘਰੋਂ ਸਿਰਫ਼ ਥੋੜ੍ਹਾ ਜਿਹਾ ਆਟਾ ਚੁੱਕ ਲਿਆ। ਮੈਨੂੰ ਯਾਦ ਆ ਕਿ ਖੂਹ 'ਤੇ ਮੇਰਾ ਪਿਉ ਪੱਠੇ ਕੁਤਰਦਾ ਪਿਆ ਸੀ। ਮੇਰੀ ਮਾਂ ਪਿੰਡੋਂ ਰੋਟੀਆਂ ਲੈ ਕੇ ਆਈ ਸੀ, ਪਰ ਅਸੀਂ ਉਹ ਰੋਟੀ ਨਾ ਖਾਧੀ। ਉਵੇਂ ਤੁਰ ਪਏ। ਦੋ ਵੱਡੇ ਭਰਾ ਕਪਾਹਾਂ ਵਿਚ ਦੀ ਸਾਡੇ ਪਿੱਛੇ ਭੱਜੇ ਆਏ, ਪਰ ਉਹ ਪਿਉ ਨੇ ਆਵਾਜ਼ਾਂ ਮਾਰ ਕੇ ਮੋੜ ਲਏ।

ਜਦੋਂ ਅਸੀਂ ਪਿੰਡੋਂ ਨਿਕਲੇ ਤਾਂ ਸਾਨੂੰ ਸਾਡੇ ਪਿੰਡ ਦੇ ਅਰਾਂਈਂ ਟੱਕਰ ਗਏ। ਉਹ ਸਾਡੇ ਖੂਹ ਤੋਂ ਪਾਣੀ ਲਾਉਂਦੇ ਹੁੰਦੇ ਸਨ। ਉਨ੍ਹਾਂ ਨੂੰ ਵੇਖ ਅਸੀਂ ਦੌੜ ਪਏ। ਮੇਰੀ ਮਾਸੀ ਤੇ ਤਾਈ ਪਿਛਾਂਹ ਰਹਿ ਗਈਆਂ। ਉਹ 'ਵਾਜ਼ਾਂ ਮਾਰਨ ਕਿ ਖੜੋ ਜਾਓ ਕਿ ਸਾਨੂੰ ਬੰਦੇ ਪੈ ਗਏ ਨੇ। ਮੇਰੇ ਚਾਚੇ ਆਖਣ ਲੱਗੇ ਤੁਹਾਨੂੰ ਤਾਂ ਉਨ੍ਹਾਂ ਕੁਝ ਨਹੀਂ ਆਖਣਾ, ਪਰ ਸਾਨੂੰ ਵੱਢ ਸੁੱਟਣਾ ਏ। ਬਚ ਜਾਓ, ਚਾਹੇ ਮਰ ਜਾਓ। ਹੁਣ ਅਸੀਂ ਨਹੀਂ ਮੁੜਨਾ। ਮੇਰੀ ਮਾਸੀ ਛੇਆਂ ਦਿਨਾਂ ਦੇ ਮੁੰਡੇ ਨੂੰ ਓਥੇ ਈ ਛੱਪੜੀ ਕੋਲ ਸੁੱਟ ਕੇ ਆਪ ਭੱਜ ਆਈ। ਇਕ ਕਾਂਟਾ ਵੀ ਉਨ੍ਹਾਂ ਧਰੂਹ ਲਿਆ। ਉਹ ਫਿਰ 'ਵਾਜ਼ਾਂ ਮਾਰਨ ਕਿ ਆਪਣਾ ਮੁੰਡਾ ਲੈ ਜਾਓ। ਫਿਰ ਮੀਲ ਤੋਂ ਜਾ ਕੇ ਮੁੰਡਾ ਚੁੱਕ ਕੇ ਲਿਆਂਦਾ।

ਸਾਡੇ ਪਿੰਡੋਂ ਚਾਰ ਕੁ ਕੋਹ ਪੈਂਡਾ ਸੀ ਡਸਕੇ ਦਾ। ਅਸੀਂ ਓਥੇ ਜਾ ਕੇ ਡੇਰਾ ਲਾ ਲਿਆ। ਸਾਨੂੰ ਓਥੇ ਪਤਾ ਲੱਗਿਆ ਕਿ ਸਾਡੇ ਮਾਪਿਆਂ ਤੇ ਭਰਾਵਾਂ ਨੇ ਤਾਂ ਆਉਣਾ ਹੀ ਨਹੀਂ। ਮੰਗਲ ਚਾਚਾ ਸਾਡਾ ਮਾਸੜ ਵੀ ਲੱਗਦਾ ਸੀ। ਉਹਦੇ ਤਿੰਨ ਪੁੱਤਰ ਸਨ। ਵੱਡੇ ਨੂੰ ਤਾਂ ਉਹ ਨਾਨਕਿਆਂ ਦੇ ਛੱਡ ਆਇਆ ਸੀ। ਉਹ ਆਪਣਾ ਟੂੰਮ-ਛੱਲਾ ਵੀ ਓਥੇ ਦੱਬ ਆਇਆ ਸੀ। ਦੂਜਾ ਤਿੰਨਾਂ ਕੁ ਵਰ੍ਹਿਆਂ ਦਾ ਸੀ ਤੇ ਤੀਜਾ ਸਿਰਫ਼ ਪੰਜਾਂ-ਛੇਆਂ ਦਿਨਾਂ ਦਾ। ਅਸੀਂ ਨਿਆਣੇ ਚੁੱਕ ਕੇ ਉਨ੍ਹਾਂ ਦੇ ਨਾਲ-ਨਾਲ ਤੁਰ ਪਏ।

ਸੰਭੜੇਆਲ ਆ ਕੇ ਅਸੀਂ ਗੱਡੀ ਫੜ ਲਈ। ਜਦੋਂ ਗੱਡੀ ਆਈ ਸਿਆਲਕੋਟ ਤਾਂ ਛੋਟਾ ਮੁੰਡਾ ਮਰ ਗਿਆ। ਉਹ ਮੇਰੇ ਚਾਚੇ ਨੇ ਉਵੇਂ ਚੁੱਕੀ ਰੱਖਿਆ। ਜਦੋਂ ਅਸੀਂ ਰੇਲ-ਗੱਡੀਓਂ ਉਤਰ ਕੇ ਵੇਈਂ ਪਾਰ ਕਰਨ ਲੱਗੇ ਤਾਂ ਮੁੰਡੇ ਦੀ ਦੇਹ ਪਾਣੀ 'ਚ ਤਾਰਨ ਨੂੰ ਉਹਦਾ ਦਿਲ ਨਾ ਕਰੇ। ਦਿਨ ਡੁੱਬ ਗਿਆ। ਸਾਰੇ ਲੋਕ ਤੁਰ ਗਏ। ਮੇਰੀ ਚਾਚੀ ਤੇ ਮੇਰਾ ਚਾਚਾ ਓਥੇ ਖੜੋਤੇ ਰਹੇ। ਇਕ ਮਿਲਟਰੀ ਵਾਲਾ ਪੁੱਛਣ ਲੱਗਾ-ਭਾਊ ਤੁਸੀਂ ਇੱਥੇ ਕਿਉਂ ਖੜ੍ਹੇ ਓ? ਚਾਚੇ ਨੇ ਸਾਰੀ ਕਹਾਣੀ ਸੁਣਾਈ। ਉਹਨੇ ਬੱਚਾ ਚਾਚੇ ਕੋਲੋਂ ਫੜਿਆ, ਨਿੱਕੀ ਜਿਹੀ ਖੇਸੀ 'ਚ ਵਲ੍ਹੇਟਿਆ ਤੇ ਉਹਦੀ ਫੁੱਲ ਜਿਹੀ ਦੇਹੀ ਉੱਤੇ ਨਿੱਕਾ ਜਿਹਾ ਪੱਥਰ ਧਰ ਕੇ ਉਹਨੂੰ ਤਾਰ ਦਿੱਤਾ।

ਅਸੀਂ ਪਹਿਲਾਂ ਡੇਰਾ ਬਾਬਾ ਨਾਨਕ ਤੇ ਫਿਰ ਸ਼ਾਮ ਸਿੰਘ ਦੀ ਅਟਾਰੀ ਪਹੁੰਚ ਗਏ। ਓਥੇ ਮੇਰੀ ਮਾਂ ਦੀ ਮਾਸੀ ਰਹਿੰਦੀ ਸੀ। ਉਸ ਪਿੰਡ ਦੇ ਬੰਦਿਆਂ ਨੇ ਸਾਨੂੰ ਮੱਝ ਦਿੱਤੀ, ਦਾਣੇ ਦਿੱਤੇ, ਮੰਜਾ-ਪੀਹੜਾ ਵੀ ਦਿੱਤਾ। ਥੋੜ੍ਹੇ ਦਿਨਾਂ ਬਾਅਦ ਚਾਚੇ ਨੇ ਮੂੰਹ-ਸਿਰ ਮੁੰਨਾ ਲਿਆ ਤੇ ਇਕ ਸ਼ਾਮ ਖੇਸੀ ਦੀ ਬੁੱਕਲ ਮਾਰ ਉਹ ਬਾਰਡਰ ਟੱਪ ਗਿਆ।

ਪਹਿਲਾਂ ਉਹ ਗੋਜਰੇ ਗਿਆ। ਸਹੁਰਿਆਂ ਦੇ ਘਰ ਦੇ ਬੂਹੇ ਮੂਹਰੇ ਖੜੋ ਗਿਆ। ਮੇਰੀ ਨਾਨੀ ਬਾਹਰ ਨਿਕਲੀ ਤਾਂ ਦੇਖਿਆ ਕਿ ਕੋਈ ਬੰਦਾ ਬੂਹੇ ਨਾਲ ਲੱਗ ਕੇ ਰੋਂਦਾ ਪਿਆ ਸੀ। ਉਹਨੂੰ ਆਂਹਦੀ ਆ ਕਿ ਤੂੰ ਕੌਣ ਏਂ? ਉਹ ਆਂਹਦਾ ਮੈਂ ਮੰਗਲ ਸਿੰਘ ਆਂ। ਭੁੱਖ ਨਾਲ ਉਹਦਾ ਮੰਦੜਾ ਹਾਲ ਸੀ। ਲਓ ਜੀ ਉਹਨੂੰ ਨਹਾਇਆ। ਨਵੇਂ ਕੱਪੜੇ ਦਿੱਤੇ। ਰੋਟੀ ਖਵਾਈ। ਸੰਵਾਇਆ। ਸਵੇਰ ਹੋਈ ਤਾਂ ਮੇਰਾ ਨਾਨਾ ਮੁਸਲਮਾਨ ਚੌਧਰੀ ਕੋਲ ਗਿਆ। ਉਹਨੂੰ ਦੱਸਿਆ ਕਿ ਮੇਰਾ ਜਵਾਈ ਆਇਆ। ਉਹਨੂੰ ਕੋਈ ਕੁਝ ਆਖੇ ਨਾ।

ਸਹੁਰਿਆਂ ਦੇ ਘਰੋਂ ਚਾਚੇ ਨੇ ਆਪਣਾ ਗਹਿਣਾ-ਗੱਟਾ ਪੁੱਟ ਲਿਆ। ਮੇਰੇ ਨਾਨੇ ਨੇ ਉਹਦਾ ਮੁੰਡਾ ਉਹਦੇ ਨਾਲ ਨਾ ਤੋਰਿਆ। ਆਖਣ ਲੱਗਾ-ਤੂੰ ਖੌਰੇ ਅੱਪੜਨਾ ਕਿ ਨਹੀਂ। ਹੋਰ ਨਾ ਮੈਂ ਧੀ ਦੀ ਨਿਸ਼ਾਨੀ ਵੀ ਗਵਾ ਦਿਆਂ। ਗੋਜਰੇ ਤੋਂ ਸਾਰੇ ਗਹਿਣੇ ਤੇ ਵਹੁਟੀ ਦੇ ਕੱਪੜਿਆਂ ਦੀ ਗੱਠੜੀ ਬੰਨ੍ਹ ਕੇ ਉਹ ਆ ਗਿਆ ਭਾਂਡੇਆਲੇ। ਇਕ ਰਾਤ ਉਹ ਓਥੇ ਰਿਹਾ। ਸਵੱਖਤੇ ਆਪਣੇ ਭਰਾ ਨੂੰ ਆਂਹਦਾ ਕਿ ਮੈਨੂੰ ਗੁੱਜਰਾਂਵਾਲਿਓਂ ਗੱਡੀ ਚੜ੍ਹਾ ਆ। ਮੇਰਾ ਬਾਪੂ ਉਹਨੂੰ ਕਹਿਣ ਲੱਗਾ- ਥੋੜ੍ਹਾ ਅਮਨ ਅਮਾਨ ਹੋ ਲੈਣ ਦੇ, ਫਿਰ ਚਲਾ ਜਾਈਂ।

ਉਹ ਨਾ ਮੰਨ੍ਹਿਆ। ਮੇਰਾ ਬਾਪੂ ਉਹਨੂੰ ਟੇਸ਼ਣ 'ਤੇ ਛੱਡ ਕੇ ਮੁੜ ਆਇਆ। ਚਾਚਾ ਸਹੁਰਿਆਂ ਦੇ ਆਉਂਦਾ-ਜਾਂਦਾ ਰਹਿੰਦਾ ਸੀ। ਸਾਰੇ ਉਹਦੇ ਵਾਕਫ਼ ਸਨ। ਉਹ ਬਾਬੂ ਨੂੰ ਪੁੱਛਣ ਲੱਗਾ- ਲਹੌਰ ਵਾਲੀ ਗੱਡੀ ਕਿਹੜੇ ਟੈਮ 'ਤੇ ਔਣੀ ਏ?

ਅੱਗਿਓਂ ਬਾਬੂ ਆਂਹਦਾ- ਤੇਰੀ ਗੱਡੀ ਤਾਂ ਮੰਗਲ ਸਿਆਂ ਆ ਗਈ ਏ।

ਉਹਨੇ ਮੁਸਲਮਾਨਾਂ ਨੂੰ ਕਿਹਾ ਕਿ ਇਹਦਾ ਬਿਸਤਰਾ ਕਾਬੂ ਕਰੋ ਤੇ ਇਹਨੂੰ ਇੱਥੇ ਈ ਮਾਰ ਦਿਓ। ਚਾਚਾ ਬੜਾ ਜਵਾਨ ਸੀ। ਓਥੋਂ ਜੁੱਤੀ ਲਾਹ ਕੇ ਭੱਜ ਪਿਆ। ਸਾਡੇ ਪਿੰਡ ਦੇ ਰਾਹ ਦੇ ਅੱਧ 'ਚ ਭੱਠਾ ਸੀ। ਓਥੇ ਵੱਟੇ ਦਾ ਠੇਡਾ ਵੱਜਾ ਤੇ ਡਿੱਗ ਪਿਆ। ਉਨ੍ਹਾਂ ਓਥੇ ਈ ਉਹਨੂੰ ਮਾਰ ਦਿੱਤਾ।

ਚਾਚੇ ਦੇ ਤਿੰਨਾਂ ਵਰ੍ਹਿਆਂ ਦੇ ਮੁੰਡੇ ਦੇ ਮਾਤਾ ਨਿਕਲੀ ਤੇ ਉਹ ਵੀ ਵਾਹਿਗੁਰੂ ਨੂੰ ਪਿਆਰਾ ਹੋ ਗਿਆ। ਅਸੀਂ ਚਾਚੇ ਨੂੰ ਦੋ ਮਹੀਨੇ ਉਡੀਕਦੇ ਰਹੇ। ਆਖ਼ਰ ਮੇਰੀ ਮਾਸੀ ਨੇ ਸਾਡੇ ਬਾਗ਼ ਦੇ ਮਾਲੀ ਨੂੰ ਚਿੱਠੀ ਲਿਖੀ ਕਿ ਮੰਗਲ ਸਿੰਘ ਦੀ ਖ਼ਬਰ ਦਿਓ। ਚੌਥੇ ਦਿਨ ਸਾਨੂੰ ਚਿੱਠੀ ਆ ਗਈ। ਉਹ ਮੇਰੇ ਨਾਨੇ ਨੇ ਲਿਖਾ ਕੇ ਭੇਜੀ ਸੀ। ਉਹਨੇ ਕਿਹਾ ਕਿ ਉਹ ਫੜ ਘੱਤਾ ਏ। ਅਸੀਂ ਵੀ ਕੋਸ਼ਿਸ਼ ਕਰਦੇ ਆਂ ਬੀਰੋ ਤੂੰ ਵੀ ਕੋਸ਼ਿਸ਼ ਕਰ। ਓਦਾਂ ਇਕ ਗੱਲ ਈ, ਮੇਰੀ ਪੱਗ ਨੂੰ ਦਾਗ਼ ਨਾ ਲਾਈਂ। ਤੂੰ ਕੋਈ ਬੰਦਾ ਨਾ ਕਰ ਲਈਂ।

ਕੁਝ ਦੇਰ ਬਾਅਦ ਚਾਚੇ ਦੇ ਮੁੰਡੇ ਨੂੰ ਮੇਰੀ ਮਾਂ ਆਣ ਕੇ ਬਾਰਡਰ 'ਤੇ ਛੱਡ ਗਈ ਸੀ। ਕੋਈ ਪੰਝੀ-ਤੀਹ ਵਰ੍ਹਿਆਂ ਬਾਅਦ ਮੇਰੀ ਮਾਂ ਤੇ ਮੇਰਾ ਭਰਾ ਜੋਗਿੰਦਰ ਮੈਨੂੰ ਮਿਲਣ ਆਏ। ਉਹ ਹੁਣ ਬਸ਼ੀਰਾ ਹੋ ਗਿਆ ਸੀ। ਮੇਰੀ ਮਾਂ ਬੜੀ ਪਛਾਣ ਕਰੇ ਪੱਗਾਂ ਵਾਲਿਆਂ ਦੀ। ਉਹ ਪੱਗਾਂ ਵਾਲਿਆਂ ਨੂੰ ਬੜਾ ਪਿਆਰ ਦੇਵੇ।

ਮੇਰੇ ਘਰ ਬੜਾ ਜੀ ਲੱਗਾ, ਉਨ੍ਹਾਂ ਦਾ। ਮੈਂ ਵੀ ਸੰਤਾਲੀ ਦੇ ਵੇਲੇ ਬਾਰੇ ਪੁੱਛਿਆ। ਮਾਂ ਨੇ ਦੱਸਿਆ ਕਿ ਸਾਨੂੰ ਓਥੋਂ ਆਇਆਂ ਥੋੜ੍ਹੇ ਦਿਨ ਹੀ ਹੋਏ ਸਨ ਤਾਂ ਖੂਹ 'ਤੇ ਗਏ ਮੇਰੇ ਦਾਦੇ ਨੂੰ 'ਉਹਨਾਂ' ਵੱਢ ਛੱਡਿਆ ਸੀ। ਮੇਰੇ ਪਿਉ ਨੇ ਉਹਦੀ ਲਾਸ਼ ਨੂੰ ਦੱਬਣ ਲਈ ਹਾਲੇ ਟੋਆ ਕੱਢਿਆ ਹੀ ਸੀ ਕਿ ਉਹ ਫਿਰ ਆ ਗਏ ਸਨ। ਸਾਡੇ ਪਿੰਡ ਦਾ ਇਕ ਦਰਜੀ ਹੁੰਦਾ ਸੀ। ਮੌਕੇ 'ਤੇ ਉਹ ਆ ਗਿਆ। ਉਹਨੇ ਫੜ ਕੇ ਟੋਕਾ ਆਖਿਆ-ਮੈਂ ਤੁਹਾਡੇ ਹੱਥ ਵੱਢ ਦੇਣੇ ਨੇ ਜੇ ਤੁਸਾਂ ਸੋਹਣ ਸਿੰਘ ਨੂੰ ਮਾਰਿਆ। ਉਹਨੇ ਫਿਰ ਮੇਰੇ ਪਿਉ ਨਾਲ ਲੱਗ ਕੇ ਮੇਰੇ ਦਾਦੇ ਨੂੰ ਦਫ਼ਨਾਇਆ। ਉਹਦੇ ਘਰ ਫਿਰ ਮੇਰੀ ਮਾਂ ਅੱਠ ਦਿਨ ਰਹੀ ਸੀ। ਦਿਨੇ ਉਨ੍ਹਾਂ ਨੂੰ ਪੇਟੀ 'ਚ ਵਾੜ ਛੱਡਣਾ ਤੇ ਰਾਤ ਨੂੰ ਬਾਹਰ ਕੱਢਣਾ। ਇਕ ਵਾਰ ਮਾਰਨ ਵਾਲੇ ਉਨ੍ਹਾਂ ਦੇ ਘਰ ਵੀ ਆ ਗਏ ਸਨ। ਹਾਕਮ ਬੀਬੀ ਨੇ ਪੁੱਤਰ ਦੀ ਝੂਠੀ ਸਹੁੰ ਖਾ ਲਈ ਸੀ।

ਫਿਰ ਸੱਠ ਸਾਲਾਂ ਬਾਅਦ ਮੈਂ ਗਈ। ਮੇਰੇ ਭਤੀਜੇ ਬਾਹਰ ਗਏ ਨੇ। ਰੱਜਵੀਆਂ ਕਮਾਈਆਂ ਕਰਦੇ ਨੇ। ਜਿਹੜੇ-ਜਿਹੜੇ ਵੀ ਪਿਛਲੇ ਬੰਦੇ ਸਨ, ਸਾਰੇ ਮੈਨੂੰ ਮਿਲਣ ਆਏ। ਅਸੀਂ ਚਾਰ ਰਾਤਾਂ ਰਹੇ। ਲੋਕਾਂ ਸਾਨੂੰ ਸੌਣ ਨਹੀਂ ਦਿੱਤਾ। ਮੇਰੇ ਭਰਾ ਹੱਥ ਜੋੜਨ ਕਿ ਹੁਣ ਸਾਡੀ ਭੈਣ ਨੂੰ ਸੌਂ ਲੈਣ ਦਿਓ। ਮੈਂ ਆਪਣੇ 'ਬੀਕੇ ਵਾਲੇ ਖੂਹ' 'ਤੇ ਵੀ ਗਈ ਸਾਂ।

ਆਖਰੀ ਦਿਨ ਮੇਰੇ ਭਰਾ ਮੈਨੂੰ ਕਹਿਣ ਲੱਗੇ- ਭੈਣ ਅੱਜ ਤੂੰ ਸਾਨੂੰ ਰੋਟੀ ਪਕਾ ਕੇ ਖੁਆ। ਜਿਵੇਂ ਸਾਨੂੰ ਛੋਟੇ ਹੁੰਦਿਆਂ ਨੂੰ ਖਵਾਉਂਦੀ ਹੁੰਦੀ ਸੈਂ। ਭਰਜਾਈ ਮੇਰੀ ਪੇੜੇ ਕਰਨ ਡਹਿ ਪਈ। ਮੈਂ ਰੋਟੀ ਪਕਾਵਾਂ ਤਾਂ ਉਹ ਸਾਰਾ ਟੱਬਰ ਇਕ-ਇਕ ਬੁਰਕੀ ਇਉਂ ਵੰਡ-ਵੰਡ ਕੇ ਖਾਣ ਜਿਉਂ ਪ੍ਰਸ਼ਾਦ ਹੁੰਦਾ।" ਇਹ ਆਖਦਿਆਂ ਉਹਦਾ ਗੱਚ ਭਰ ਆਇਆ।

"ਇਕ ਆਹ ਜਿਹੜਾ ਵਿਛੋੜਾ ਏ ਨਾ, ਇਹ ਨਹੀਂ ਜ਼ਰ ਹੁੰਦਾ। ਅਗਰ ਕੋਈ ਮਰ ਜਾਏ ਤਾਂ ਬੰਦਾ ਸਬਰ ਕਰ ਲੈਂਦਾ। ਮੈਂ ਧੀਆਂ-ਪੁੱਤਰਾਂ ਦੇ ਵਿਆਹ ਕੀਤੇ ਨੇ ਤੇ ਮੈਨੂੰ ਰੋਣ ਆਉਂਦਾ ਰਿਹਾ। ਸੋਚਣਾ, ਕੋਈ ਸਕਾ ਹੁੰਦਾ ਤਾਂ ਅੱਜ ਮਾਮਿਆਂ ਦੇ ਥਾਂ ਖੜ੍ਹਦਾ। ਹੁਣ ਦੋ ਭੈਣਾਂ ਮੇਰੀਆਂ ਮਰ ਗਈਆਂ ਨੇ ਤੇ ਮੈਂ ਹੀ ਰਹਿ ਗਈ ਆਂ। ਮੇਰਾ ਨਿੱਕਾ ਭਰਾ ਜੋਗਿੰਦਰ ਹਾਲੇ ਜਿਉਂਦਾ। ਉਹਦਾ ਫੋਨ ਆਉਂਦਾ ਰਹਿੰਦਾ। ਇਕ ਦਿਨ ਮੈਨੂੰ ਆਂਹਦਾ -ਤੇਰੇ ਬਿਨਾਂ ਮੇਰਾ ਕੌਣ ਆ ਦੁਨੀਆਂ ਉੱਤੇ। ਭੈਣ ਤੂੰ ਨਾ ਮਰੀਂ। ਮੈਂ ਉਹਨੂੰ ਆਂਹਦੀ ਆਂ ਕਿ ਮੈਂ ਹੁਣ ਮਰਨਾ ਚਾਹੁੰਦੀ ਆਂ। ਸ਼ਾਇਦ ਗਵਾਚੇ ਰਿਸ਼ਤੇ ਮਰ ਕੇ ਹੀ ਲੱਭ ਜਾਣ!" ਇਹ ਆਖ ਮਹਿੰਦਰ ਕੌਰ ਨੇ ਹੱਸਣ ਦੀ ਕੋਸ਼ਿਸ਼ ਕੀਤੀ, ਪਰ ਰੋ ਪਈ।

ਸੰਪਰਕ: 97818-43444

> ਆਖਰੀ ਦਿਨ ਮੇਰੇ ਭਰਾ ਮੈਨੂੰ ਕਹਿਣ ਲੱਗੇ- ਭੈਣ ਅੱਜ ਤੂੰ ਸਾਨੂੰ ਰੋਟੀ ਪਕਾ ਕੇ ਖੁਆ। ਜਿਵੇਂ ਸਾਨੂੰ ਛੋਟੇ ਹੁੰਦਿਆਂ ਨੂੰ ਖਵਾਉਂਦੀ ਹੁੰਦੀ ਸੈਂ। ਭਰਜਾਈ ਮੇਰੀ ਪੇੜੇ ਕਰਨ ਡਹਿ ਪਈ। ਮੈਂ ਰੋਟੀ ਪਕਾਵਾਂ ਤਾਂ ਉਹ ਸਾਰਾ ਟੱਬਰ ਇਕ-ਇਕ ਬੁਰਕੀ ਇਉਂ ਵੰਡ-ਵੰਡ ਕੇ ਖਾਣ ਜਿਉਂ ਪ੍ਰਸ਼ਾਦ ਹੁੰਦਾ।" ਇਹ ਆਖਦਿਆਂ ਉਹਦਾ ਗੱਚ ਭਰ ਆਇਆ।



# ਕੀ ਹੈ Smiling Depression

ਤੁਸੀਂ ਸਾਰਿਆਂ ਨੇ ਹਿੰਦੀ ਫਿਲਮ ਦਾ ਇੱਕ ਗੀਤ ਜ਼ਰੂਰ ਸੁਣਿਆ ਹੋਵੇਗਾ, ਜਿਸ ਦੇ ਬੋਲ ਹਨ- "ਤੁਮ ਇਤਨਾ ਜੋ ਮੁਸਕਰਾ ਰਹੇ ਹੋ... ਤੁਸੀਂ ਕਿਹੜਾ ਦੁੱਖ ਛੁਪਾ ਰਹੇ ਹੋ?" ਇਸ ਗੀਤ ਰਾਹੀਂ ਮੁਸਕਰਾਹਟ ਵਿੱਚ ਛੁਪੀ ਉਦਾਸੀ ਨੂੰ ਪਛਾਨਣ ਅਤੇ ਉਸ ਦਾ ਜ਼ਿਕਰ ਕਰਨ ਦੀ ਗੱਲ ਕਹੀ ਗਈ ਹੈ। ਹੁਣ ਤੁਸੀਂ ਸੋਚ ਰਹੇ ਹੋਵੋਗੇ ਕਿ ਜਦੋਂ ਕੋਈ ਵਿਅਕਤੀ ਉਦਾਸ ਹੁੰਦਾ ਹੈ ਤਾਂ ਉਹ ਕਿਵੇਂ ਮੁਸਕਰਾਉਂਦਾ ਹੈ ਜਾਂ ਖੁਸ਼ ਨਜ਼ਰ ਆਉਂਦਾ ਹੈ। ਪਰ ਅਜਿਹਾ ਹੁੰਦਾ ਹੈ ਅਤੇ ਇਸ ਨੂੰ ਮੁਸਕਰਾਉਣਾ ਉਦਾਸੀ ਕਿਹਾ ਜਾਂਦਾ ਹੈ।

ਅਜਿਹੀ ਸਥਿਤੀ ਵਿੱਚ, ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਹਰ ਕੋਈ ਇੱਕ ਤਰ੍ਹਾਂ ਨਾਲ ਡਿਪਰੈਸ਼ਨ ਦਾ ਅਨੁਭਵ ਨਹੀਂ ਕਰਦਾ ਹੈ। ਅਸਲ ਵਿੱਚ, ਕੁਝ ਲੋਕਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਹ ਉਦਾਸ ਹਨ। ਇਹ ਉਹਨਾਂ ਲੋਕਾਂ ਲਈ ਸੱਚ ਹੈ ਜੋ ਬਿਨਾਂ ਕਿਸੇ ਮੁਸ਼ਕਲ ਦੇ ਆਪਣੀ ਰੋਜ਼ਾਨਾ ਜ਼ਿੰਦਗੀ ਜੀਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਵਿਸ਼ਵਾਸ ਕਰਨਾ ਔਖਾ ਹੈ ਕਿ ਇੱਕ ਵਿਅਕਤੀ ਜੋ ਮੁਸਕਰਾ ਰਿਹਾ ਹੈ ਅਤੇ ਸਹੀ ਢੰਗ ਨਾਲ ਕੰਮ ਕਰ ਰਿਹਾ ਹੈ, ਉਹ ਡਿਪਰੈਸ਼ਨ ਤੋਂ ਪੀੜਤ ਹੈ. ਪਰ ਇਹ ਸੰਭਵ ਹੈ, ਕਿਉਂਕਿ ਇਸ ਨੂੰ ਮੁਸਕਰਾਉਣਾ ਉਦਾਸੀ ਕਿਹਾ ਜਾਂਦਾ ਹੈ। ਆਓ ਜਾਣਦੇ ਹਾਂ ਮੁਸਕਰਾਉਣਾ ਡਿਪਰੈਸ਼ਨ ਕਿੰਨਾ ਖਤਰਨਾਕ ਹੋ ਸਕਦਾ ਹੈ ਅਤੇ ਇਸ ਦੇ ਲੱਛਣ ਕੀ ਹਨ।

ਕੀ ਤੁਸੀਂ ਉਦਾਸ ਹੋ ਕੇ ਮੁਸਕਰਾ ਸਕਦੇ ਹੋ



ਮੋਟੇ ਤੌਰ 'ਤੇ, ਡਿਪਰੈਸ਼ਨ ਦਾ ਅਰਥ ਹੈ ਉਦਾਸੀ, ਸੁਸਤੀ ਅਤੇ ਨਿਰਾਸ਼ਾ। ਵਾਸਤਵ ਵਿੱਚ, ਇੱਕ ਉਦਾਸ ਵਿਅਕਤੀ ਨੂੰ ਅਕਸਰ ਲੋਕ ਅਜਿਹੇ ਵਿਅਕਤੀ ਦੇ ਰੂਪ ਵਿੱਚ ਦਰਸਾਇਆ ਜਾਂਦਾ ਹੈ ਜੋ ਥੱਕਿਆ ਜਾਂ ਸਿਰਫ਼ ਜ਼ਿੰਦਗੀ ਵਿੱਚ ਦਿਲਚਸਪੀ ਨਹੀਂ ਰੱਖਦਾ। ਦੂਜੇ ਪਾਸੇ, ਮੁਸਕਰਾਉਣਾ ਉਦਾਸੀ, ਉਦਾਸੀ ਦੀ ਇੱਕ ਕਿਸਮ ਹੈ ਜਿਸ ਵਿੱਚ ਇੱਕ ਵਿਅਕਤੀ ਬਾਹਰੋਂ ਖੁਸ਼ ਦਿਖਾਈ ਦਿੰਦਾ ਹੈ, ਪਰ ਅਸਲ ਵਿੱਚ ਅੰਦਰੋਂ ਦਰਦ ਮਹਿਸੂਸ ਕਰ ਰਿਹਾ ਹੁੰਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜਦੋਂ ਕੋਈ ਮੁਸਕਰਾਹਟ ਦੇ ਪਿੱਛੇ ਆਪਣੀ ਉਦਾਸੀ ਨੂੰ ਛੁਪਾਉਂਦਾ ਹੈ, ਤਾਂ ਇਸ ਨੂੰ ਮੁਸਕਰਾਉਣ ਵਾਲਾ ਉਦਾਸੀ ਕਿਹਾ ਜਾਂਦਾ ਹੈ। ਇਹ ਇੱਕ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਡਾਕਟਰੀ ਸਥਿਤੀ ਨਹੀਂ ਹੈ, ਇਸ ਲਈ ਇਸ ਵੱਲ ਧਿਆਨ ਦੇਣ ਦੀ ਲੋੜ ਹੈ।

ਕੀ ਮੁਸਕਰਾਉਣਾ ਉਦਾਸੀ ਖ਼ਤਰਨਾਕ ਹੈ

ਮਾਹਿਰਾਂ ਅਨੁਸਾਰ ਮੁਸਕਰਾਉਣਾ ਡਿਪਰੈਸ਼ਨ ਖ਼ਤਰਨਾਕ ਹੋ ਸਕਦਾ ਹੈ ਕਿਉਂਕਿ ਇਹ ਅਕਸਰ ਅਣਜਾਣ ਹੋ ਜਾਂਦਾ ਹੈ। ਇਹ ਵਿਅਕਤੀ ਦੀ ਮਾਨਸਿਕ ਸਿਹਤ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ। ਮੁਸਕਰਾਉਂਦੇ ਹੋਏ ਡਿਪਰੈਸ਼ਨ ਵਾਲੇ ਲੋਕ ਆਤਮ-ਹੱਤਿਆ ਦੇ ਵਧੇਰੇ ਜੋਖਮ 'ਤੇ ਹੋ ਸਕਦੇ ਹਨ ਕਿਉਂਕਿ ਉਹ ਦਰਦ ਨਾਲ ਨਜਿੱਠਣ ਦੇ ਆਦੀ ਹਨ। ਉਹਨਾਂ ਕੋਲ ਆਤਮ ਹੱਤਿਆ ਦੀ ਯੋਜਨਾ ਬਣਾਉਣ ਅਤੇ ਉਹਨਾਂ ਦੀ ਪਾਲਣਾ ਕਰਨ ਲਈ ਵਧੇਰੇ ਊਰਜਾ ਅਤੇ ਧਿਆਨ ਹੋ ਸਕਦਾ ਹੈ।

ਮੁਸਕਰਾਉਂਦੇ ਹੋਏ ਡਿਪਰੈਸ਼ਨ ਦੇ ਲੱਛਣ

ਤੁਹਾਡੇ ਪਰਿਵਾਰ ਦੇ ਮੈਂਬਰਾਂ ਲਈ ਮੁਸਕਰਾਉਂਦੇ ਹੋਏ ਉਦਾਸੀ ਦੇ ਲੱਛਣਾਂ ਨੂੰ ਲੱਭਣਾ ਮੁਸ਼ਕਲ ਹੋ ਸਕਦਾ ਹੈ। ਪਰ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਲੰਬੇ ਸਮੇਂ ਤੱਕ ਉਦਾਸੀ ਡਿਪਰੈਸ਼ਨ ਦਾ ਸਭ ਤੋਂ ਪ੍ਰਮੁੱਖ ਲੱਛਣ ਹੈ। ਹਰ ਕੋਈ ਡਿਪਰੈਸ਼ਨ ਦਾ ਵੱਖੋ-ਵੱਖਰਾ ਅਨੁਭਵ ਕਰਦਾ ਹੈ ਅਤੇ ਵੱਖੋ-ਵੱਖਰੇ ਲੱਛਣ ਹੁੰਦੇ ਹਨ ਜਿਵੇਂ ਕਿ:

- ਸੁਸਤੀ ਜਾਂ ਥਕਾਵਟ
- ਇਨਸੌਮਨੀਆ
- ਭਾਰ ਅਤੇ ਭੁੱਖ ਵਿੱਚ ਬਦਲਾਅ
- ਬੇਬਸੀ
- ਕਿਸੇ ਵੀ ਚੀਜ਼ ਵਿੱਚ ਇੱਛਾ ਦੀ ਘਾਟ
- ਘੱਟ ਗਰਬ

ਲੋਕਾਂ ਵਿੱਚ ਮੁਸਕਰਾਉਣ ਨਾਲ ਡਿਪਰੈਸ਼ਨ ਦਾ ਖ਼ਤਰਾ

ਤੁਸੀਂ ਕਦੇ ਨਹੀਂ ਜਾਣਦੇ ਕਿ ਡਿਪਰੈਸ਼ਨ ਤੁਹਾਨੂੰ ਕਦੋਂ ਮਾਰ ਸਕਦਾ ਹੈ, ਪਰ ਜ਼ਿਆਦਾਤਰ ਮਾਮਲਿਆਂ ਵਿੱਚ ਲੋਕ ਜੀਵਨ ਵਿੱਚ ਇੱਕ ਵੱਡੀ ਤਬਦੀਲੀ ਤੋਂ ਬਾਅਦ ਇਸਨੂੰ ਮਹਿਸੂਸ ਕਰਦੇ ਹਨ। ਉਦਾਹਰਣ ਲਈ-

- ਇੱਕ ਅਸਫਲ ਰਿਸ਼ਤਾ ਜਾਂ ਵਿਆਹ
- ਨੌਕਰੀ ਦਾ ਨੁਕਸਾਨ
- ਵਿੱਤੀ ਸੰਕਟ

ਅੱਜਕੱਲ੍ਹ ਮੁਸਕਰਾਉਂਦੇ ਹੋਏ ਡਿਪਰੈਸ਼ਨ ਸੋਸ਼ਲ ਮੀਡੀਆ ਦੇ ਆਦੀ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਕਿਉਂਕਿ ਇਸ ਤੋਂ ਉੱਚੀਆਂ ਉਮੀਦਾਂ ਵੀ ਇਸ ਨੂੰ ਚਾਲੂ ਕਰ ਸਕਦੀਆਂ ਹਨ। ਸਹਿਕਰਮੀਆਂ, ਮਾਤਾ-ਪਿਤਾ, ਭੈਣ-ਭਰਾ, ਬੱਚਿਆਂ ਜਾਂ ਦੋਸਤਾਂ ਤੋਂ ਅਸੁਰੱਖਿਅਤ ਉਮੀਦਾਂ ਪੈਦਾ ਕਰਦਾ ਹੈ ਅਤੇ ਜੇਕਰ ਉਹ ਪੂਰੀਆਂ ਨਹੀਂ ਹੁੰਦੀਆਂ ਹਨ ਤਾਂ ਤੁਹਾਨੂੰ ਅਸੁਰੱਖਿਅਤ ਮਹਿਸੂਸ ਕਰ ਸਕਦਾ ਹੈ।

ਮੁਸਕਰਾਉਂਦੇ ਹੋਏ ਡਿਪਰੈਸ਼ਨ ਦਾ ਇਲਾਜ

ਦਵਾਈ ਅਤੇ ਖੁਰਾਕ ਵਿੱਚ ਤਬਦੀਲੀਆਂ ਇਸ ਕਿਸਮ ਦੀ ਡਿਪਰੈਸ਼ਨ ਨੂੰ ਸੰਭਾਲਣ ਵਿੱਚ ਮਦਦ ਕਰੇਗੀ। ਡਿਪਰੈਸ਼ਨ ਦੇ ਲੱਛਣਾਂ ਲਈ ਪੇਸ਼ੇਵਰ ਮਨੋਵਿਗਿਆਨਕ ਮਦਦ ਦੀ ਮੰਗ ਕਰਨਾ ਵੀ ਮਦਦਗਾਰ ਹੋ ਸਕਦਾ ਹੈ। ਮੁਸਕਰਾਉਣ ਵਾਲਾ ਇੱਕ ਮਾਹਰ ਡਿਪਰੈਸ਼ਨ ਵਾਲੇ ਲੋਕਾਂ ਨੂੰ ਨਿਪਟਣ ਲਈ ਵਿਅਕਤੀਗਤ ਰਣਨੀਤੀਆਂ ਅਪਣਾਉਣ ਵਿੱਚ ਮਦਦ ਕਰ ਸਕਦਾ ਹੈ। ਇਸ ਤੋਂ ਇਲਾਵਾ ਇਸ ਸਥਿਤੀ ਨਾਲ ਜੂਝ ਰਹੇ ਲੋਕਾਂ ਨੂੰ ਆਪਣੇ ਆਲੇ-ਦੁਆਲੇ ਦੇ ਕਿਸੇ ਵਿਅਕਤੀ ਨਾਲ ਖੁੱਲ੍ਹ ਕੇ ਗੱਲਬਾਤ ਕਰਨ ਦੀ ਲੋੜ ਹੁੰਦੀ ਹੈ, ਜੋ ਉਨ੍ਹਾਂ ਦੀ ਕਾਫੀ ਮਦਦ ਕਰ ਸਕਦਾ ਹੈ।

# ਮਹਾਰਾਣੀ ਪ੍ਰਨੀਤ ਕੌਰ ਦੇ ਭਾਜਪਾ 'ਚ ਸ਼ਾਮਲ ਹੋਣ 'ਤੇ ਵਰਕਰਾਂ ਨੇ ਲੱਡੂ ਵੰਡ ਮਨਾਈ ਖੁਸ਼ੀ



**ਸਨੌਰ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਉੱਤਰੀ ਦੀ ਭਾਜਪਾ ਟੀਮ ਵੱਲੋਂ ਸਨੌਰ ਦੇ ਬੱਸ ਸਟੈਂਡ ਵਿੱਖੇ ਜਿਲਾ ਪ੍ਰਧਾਨ ਉੱਤਰੀ ਜਸਪਾਲ ਸਿੰਘ ਗੱਗਰੋਲੀ ਦੀ ਟੀਮ ਵੱਲੋਂ ਬੱਸ ਸਟੈਂਡ ਸਨੌਰ ਵਿਖੇ ਮਹਾਰਾਣੀ ਪ੍ਰਨੀਤ ਕੌਰ ਦੇ ਭਾਜਪਾ ਚ ਸਾਮਲ ਹੋਣ ਤੇ ਲੱਡੂ ਵੰਡ ਮੂੰਹ ਮਿੱਠਾ ਕਰਵਾ ਕੇ ਖੁਸ਼ੀ ਮਨਾਈ ਗਈ । ਇਸ ਮੌਕੇ ਜਸਪਾਲ ਸਿੰਘ ਗੱਗਰੋਲੀ ਨੇ ਕਿਹਾ ਕਿ ਪਟਿਆਲਾ ਤੋਂ ਸਾਂਸਦ ਮੈਂਬਰ ਪ੍ਰਨੀਤ ਕੌਰ ਦੇ ਭਾਰਤੀ ਜਨਤਾ ਪਾਰਟੀ ਚ ਸਾਮਿਲ ਹੋਣ ਤੇ ਭਾਜਪਾ ਦੇ ਵਰਕਰ ਬਹੁਤ ਹੀ ਖੁਸ਼ ਹਨ । ਪਟਿਆਲਾ ਤੋਂ ਜੇਕਰ ਪ੍ਰਨੀਤ ਕੌਰ ਨੂੰ ਲੋਕ ਸਭਾ ਲਈ ਚੋਣ ਮੈਦਾਨ ਚ ਉਤਾਰਿਆ ਜਾਵੇ ਤਾਂ ਅਸੀ ਸਭ ਮਿਲ ਕੇ ਬਹੁਤ ਹੀ ਮਿਹਨਤ ਕਰ ਕੇ ਜਿਤਾਵਾਂਗੇ। ਇਸ ਮੌਕੇ ਹਰਦੀਪ ਸਿੰਘ ਕੰਬੋਜ ਜਰਨਲ ਸਕੱਤਰ ਭਾਜਪਾ,ਚੁੰਨੀ ਲਾਲ, ਬਾਲ ਕ੍ਰਿਸ਼ਨ, ਬਲਵੰਤ ਰਾਮ, ਰਮਨ ਸਰਮਾ, ਵਿਨੋਦ ਕੁਮਾਰ, ਭਾਰਤ ਗੋਇਲ, ਡਾਂ ਸੰਕਰ ਰਾਮ, ਭਾਨੂੰ ਪ੍ਰਤਾਪ , ਨਰੇਸ਼ ਭਾਟੀਆ, ਅੰਕੁਰ ਸਿੰਗਲਾ,ਡਾਂ ਦਿਲਾਵਰ ਸਿੰਘ, ਵਿਰੇਂਦਰ ਗੁਪਤਾ, ਹੋਰ ਵੀ ਜਿਆਦਾ ਗਿਣਤੀ ਚ ਭਾਜਪਾ ਵਰਕਰ ਮੌਜੂਦ ਰਹੇ।

# ਆਪ ਪੰਜਾਬ ਵੱਲੋਂ ਆਪਣੇ ਸੰਗਠਨ ਵਿੱਚ ਗੁਰਜੰਟ ਸਿਵੀਆ ਨੂੰ ਦਿੱਤੀ ਇੱਕ ਹੋਰ ਵੱਡੀ ਜ਼ਿੰਮੇਵਾਰੀ

**ਬਠਿੰਡਾ 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ ਪੰਜਾਬ ਨੇ ਆਪਣੇ ਸੰਗਠਨ ਨੂੰ ਮਜ਼ਬੂਤ ਕਰਦੇ ਹੋਏ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਅਤੇ ਪਾਰਟੀ ਪ੍ਰਧਾਨ, ਕੌਮੀ ਜਨਰਲ ਸਕੱਤਰ ਸੰਦੀਪ ਪਾਠਕ ਅਤੇ ਪ੍ਰਿੰਸੀਪਲ ਬੁੱਧ ਰਾਮ ਕਾਰਜਕਾਰਨੀ ਪ੍ਰਧਾਨ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਠਿੰਡਾ ਜਿਲ੍ਹੇ ਤੋਂ ਗੁਰਜੰਟ ਸਿੰਘ ਸਿਵੀਆਂ ਚੇਅਰਮੈਨ ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਪੰਜਾਬ ਨੂੰ ਪਾਰਟੀ ਵਿੱਚ *ਵਾਇਸ ਪ੍ਰੈਜ਼ੀਡੈਂਟ ਐੱਸ ਸੀ ਵਿੰਗ ਪੰਜਾਬ* ਦੀ ਇੱਕ ਹੋਰ ਨਵੀਂ ਜ਼ਿੰਮੇਵਾਰੀ ਦਿੱਤੀ ਗਈ ਹੈ।

ਇਸ ਨਵੀਂ ਮਿਲੀ ਜ਼ਿੰਮੇਵਾਰੀ ਤੇ ਗੁਰਜੰਟ ਸਿੰਘ ਸਿਵੀਆ ਨੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਅਤੇ ਆਪਣੀ ਨਵੀਂ ਮਿਲੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਦਾ ਵਾਅਦਾ ਵੀ ਕੀਤਾ।

ਇਸ ਮੌਕੇ ਤੇ ਆਪ ਦੀ ਬਠਿੰਡਾ ਲੀਡਰਸ਼ਿਪ ਵੱਲੋਂ ਨਵੀਆਂ ਜ਼ਿੰਮੇਵਾਰੀਆਂ ਮਿਲਣ ਤੇ ਸਾਰੇ ਸਾਥੀਆਂ ਨੂੰ ਵਧਾਈ ਦਿੱਤੀ ਗਈ।

# ਆਪ ਨੇ ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸਾਹੀ ਨੂੰ ਸੌਂਪੀ ਅਹਿਮ ਜ਼ਿੰਮੇਵਾਰੀ



**ਕਪੂਰਥਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਸਭਾ ਚੋਣਾਂ ਵਿੱਚ 13 ਦੀਆਂ 13 ਸੀਟਾਂ ਜਿੱਤਾਂ ਦੀ ਤਿਆਰੀ ਵਿੱਚ ਲੱਗੀ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਆਮ ਆਦਮੀ ਪਾਰਟੀ ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਗੁਰਬਿੰਦਰ ਸਿੰਘ ਨੂੰ ਅਹਿਮ ਜ਼ਿੰਮੇਵਾਰੀ ਸੌਂਪੀ ਹੈ।ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਜਾਰੀ ਕੀਤੇ ਗਏ ਪੱਤਰ ਅਨੁਸਾਰ ਪੰਜਾਬ ਦੇ ਹਲਕਾ ਸ਼੍ਰੀ ਹਰਿਗੋਬਿੰਦ ਪੁਰ ਤੋਂ ਗੁਰਬਿੰਦਰ ਸਿੰਘ ਨੂੰ ਲੋਕਸਭਾ ਚੋਣਾਂ ਲਈ ਹਲਕਾ ਪ੍ਰਭਾਰੀ ਨਿਯੁਕਤ ਕੀਤਾ ਗਿਆ ਹੈ।ਇਸ ਤੋਂ ਪਹਿਲਾ ਵੀ ਸਾਹੀ ਨੂੰ ਫਗਵਾੜਾ ਤੋਂ ਲੋਕਸਭਾ ਚੋਣਾਂ ਲਈ ਪ੍ਰਭਾਰੀ ਨਿਯੁਕਤ ਕੀਤਾ ਗਿਆ ਹੈ।ਆਪਣੀ ਇਸ ਨਿਯੁਕਤੀ ਤੇ ਗੁਰਬਿੰਦਰ ਸਾਹੀ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਭਰੋਸ਼ਾਂ ਦਿਵਾਇਆ ਕਿ ਪਾਰਟੀ ਉਮੀਦਵਾਰ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਉਹ ਦਿਨ ਰਾਤ ਇੱਕ ਕਰ ਦੇਣਗੇ।

ਇਸ ਦੌਰਾਨ ਸਾਹੀ ਨੇ ਆਪਣੀ ਇਸ ਨਿਯੁਕਤੀ ਤੋਂ ਤੁਰੰਤ ਬਾਅਦ ਸ਼੍ਰੀ ਹਰਿਗੋਬਿੰਦ ਪੁਰ ਹਲਕੇ ਦੇ ਵੱਖ-ਵੱਖ ਪਾਰਟੀ ਆਗੂਆਂ ਨਾਲ ਮੀਟਿੰਗ ਕਰਕੇ ਲੋਕਸਭਾ ਚੋਣਾਂ ਦੀ ਮੁਹਿੰਮ ਸ਼ੁਰੂ ਕਰਨ ਦੀ ਰਣਨੀਤੀ ਤੇ ਵਿਚਾਰ ਵਟਾਂਦਰਾ ਕੀਤਾ ਅਤੇ ਵਰਕਰਾਂ ਨੂੰ ਤਿਆਰ ਰਹਿਣ ਲਈ ਕਿਹਾ।ਇਸ ਦੌਰਾਨ ਸਾਹੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਉਂਦੀਆਂ ਲੋਕਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਸੂਬੇ ਦੀਆਂ 13 ਸੀਟਾਂ ਤੇ ਬੇਮਿਸਾਲ ਜਿੱਤ ਹਾਸਿਲ ਕਰੇਗੀ।ਉਨਾਂ ਕਿਹਾ ਕਿ ਸਾਡੀ ਪਾਰਟੀ ਆਮ ਆਦਮੀ ਦੀ ਪਾਰਟੀ ਹੈ ਅਤੇ ਆਮ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਉਨਾਂ ਲੋਕਾਂ ਨੂੰ ਭਰੋਸਾ ਦਵਾਇਆ ਕਿ ਪਿਛਲੇ ਦੋ ਸਾਲਾਂ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਕੀਤੇ ਗਏ ਵਿਕਾਸ ਕਾਰਜਾਂ ਵਾਂਗ ਕੇਂਦਰ ਵਿਚ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਦੇ ਬਾਅਦ ਵਿਕਾਸ ਕਾਰਜਾਂ ਦੀ ਹਨੇਰੀ ਲਿਆਂਦੀ ਜਾਵੇਗੀ।ਸਾਹੀ ਨੇ ਸਮੂਹ ਪੰਜਾਬ ਵਾਸੀਆਂ ਨੂੰ ਕਿਹਾ ਕਿ ਉਹ ਆਉਂਦੀਆਂ ਲੋਕਸਭਾ ਚੋਣਾਂ ਲਈ ਤਿਆਰ ਰਹਿਣ ਅਤੇ ਪਾਰਟੀ ਨੂੰ ਭਾਰੀ ਬਹੁਤਮਤ ਨਾਲ ਜਿਤਾਉਣ।

# ਪੋਤੇ ਨੇ ਦਾਦੇ ਦਾ ਕੀਤਾ ਕਤਲ

**ਜਲਾਲਾਬਾਦ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲਾਲਾਬਾਦ ਦੇ ਢਾਣੀ ਫੂਲਾ ਸਿੰਘ 'ਚ 2 ਮਰਲੇ ਜ਼ਮੀਨ ਨੂੰ ਲੈ ਕੇ ਪੋਤੇ ਨੇ ਆਪਣੇ ਸਾਬਕਾ ਸਰਪੰਚ ਦਾਦੇ ਦਾ ਕਤਲ ਕਰ ਦਿੱਤਾ। ਪੁਲੀਸ ਨੇ ਮ੍ਰਿਤਕ ਦੀ ਲਾਸ਼ ਨੂੰ ਸਿਵਲ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾਇਆ ਹੈ। ਪੁਲਿਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਪਛਾਣ ਢਾਣੀ ਫੂਲਾ ਸਿੰਘ ਦੇ ਸਾਬਕਾ ਸਰਪੰਚ ਕਸ਼ਮੀਰ ਸਿੰਘ ਵਜੋਂ ਹੋਈ ਹੈ। ਦੋਸ਼ੀ ਪੋਤੇ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ।

ਜਾਣਕਾਰੀ ਅਨੁਸਾਰ ਢਾਣੀ ਫੂਲਾ ਸਿੰਘ ਦੇ ਸਾਬਕਾ ਸਰਪੰਚ ਕਸ਼ਮੀਰ ਸਿੰਘ ਦਾ ਉਸ ਸਮੇਂ ਕਤਲ ਕਰ ਦਿੱਤਾ ਗਿਆ ਸੀ। ਜਦੋਂ ਉਹ ਦੋ ਕਨਾਲ ਜ਼ਮੀਨ ਵਿੱਚ ਬੂਟੇ ਲਗਾ ਰਿਹਾ ਸੀ। ਰਿਸ਼ਤੇ ਵਿੱਚ ਉਸ ਦਾ ਆਪਣੇ ਪੋਤੇ ਨਾਲ ਲੜਾਈ ਹੋ ਗਈ ਸੀ। ਜਿਸ ਤੋਂ ਬਾਅਦ ਪੋਤੇ ਨੇ ਕਸ਼ਮੀਰ ਸਿੰਘ ਦੇ ਸਿਰ 'ਤੇ ਕਾਪੇ ਨਾਲ ਕਈ ਵਾਰ ਕੀਤੇ। ਜਿਸ ਕਾਰਨ ਉਹ ਜ਼ਖਮੀ ਹੋ ਗਿਆ।

ਇਲਾਜ ਦੌਰਾਨ ਹੋਈ ਮੌਤ ਕਸ਼ਮੀਰ ਸਿੰਘ ਨੂੰ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਇਲਾਜ ਲਈ ਜਲਾਲਾਬਾਦ ਦੇ ਸਿਵਲ ਹਸਪਤਾਲ ਲਿਜਾਇਆ ਗਿਆ।

# ਜਲਾਲਾਬਾਦ ਡੀਲਰ ਐਸੋਸੀਏਸ਼ਨ ਨੇ ਪ੍ਰੈਸ ਰਾਹੀਂ ਰਜਿਸਟਰੀਆਂ ਨਾ ਹੋਣ ਕਰਕੇ ਰੋਸ ਪ੍ਰਗਟ ਕੀਤਾ



**ਜਲਾਲਾਬਾਦ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲਾਲਾਬਾਦ ਰਜਿਸਟਰੀਆਂ ਨਾ ਹੋਣ ਤੇ ਡੀਲਰ ਐਸੋਸੀਏਸ਼ਨ ਨੇ ਪੰਜਾਬ ਸਰਕਾਰ ਅਤੇ ਤਹਿਸੀਲਦਾਰ ਖਿਲਾਫ ਪ੍ਰੈਸ ਰਾਹੀਂ ਕੀਤਾ ਰੋਸ ਪ੍ਰਦਰਸ਼ਨ ਜਲਾਲਾਬਾਦ ਰਜਿਸਟਰੀਆਂ ਨਾ ਹੋਣ ਤੇ ਡੀਲਰ ਐਸੋਸੀਏਸ਼ਨ ਕੀਤਾ ਰੋਸਜਲਾਲਾਬਾਦ– ਅੱਜ ਇਕ ਅਹਿਮ ਮੀਟਿੰਗ ਡੀਲਰ ਐਸੋਸੀਏਸ਼ਨ ਦੀ ਜਲਾਲਾਬਾਦ ਤਹਿਸੀਲ ਕੰਪਲੈਕਸ ਵਿੱਚ ਹੋਈ ਜਿਥੇ ਪ੍ਰੈਸ ਰਾਹੀਂ ਡੀਲਰ ਐਸੋਸੀਏਸ਼ਨ ਦੇ ਅਹੁਦੇਦਾਰਾ ਨੇ ਪੰਜਾਬ ਸਰਕਾਰ ਅਤੇ ਤਹਿਸੀਲਦਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੇ ਬਿਆਨ ਤੋ ਬਾਅਦ ਵੀ ਜਲਾਲਾਬਾਦ ਤਹਿਸੀਲ ਅੰਦਰ ਕੋਈ ਵੀ ਰਜਿਸਟਰੀ ਨਹੀਂ ਹੋ ਰਹੀ ਡੀਲਰ ਐਸੋਸੀਏਸ਼ਨ ਨੇ ਦੱਸਿਆ ਕਿ ਮਾਨ ਸਾਬ ਨੇ ਸ਼ਰੇਆਮ ਇਹ ਬਿਆਨ ਦਿੱਤਾ ਸੀ ਕੇ ਹੁਣ ਕਿਸੇ ਵੀ ਪਲਾਟ ਹੋਲਡਰ ਨੂੰ ਐਨ ਓ ਸੀ ਲੈਣ ਦੀ ਕੋਈ ਜਰੂਰਤ ਨਹੀ ਭਾਵੇਂ ਕਿਸੇ ਦਾ ਪਲਾਟ ਕਿਸੇ ਅਣ ਅਧਿਕਾਰਤ ਕਾਲੋਨੀ ਵਿੱਚ ਕਿਉ ਨਾ ਹੋਵੇ ਮੈ ਇਕ ਵਾਰ ਸਾਰਿਆ ਨੂੰ ਮਾਫ਼ੀ ਦੇ ਰਹਿਆ ਹਾ ਇਸ ਤੋਂ ਬਾਅਦ ਕੋਈ ਵੀ ਗੈਰ ਕਾਨੂੰਨੀ ਕਾਲੋਨੀ ਨਾ ਕੱਟੇ ਡੀਲਰ ਐਸੋਸੀਏਸ਼ਨ ਨੇ ਪ੍ਰੈਸ ਨੂੰ ਦਸਿਆ ਕਿ ਪੰਜਾਬ ਸਰਕਾਰ ਨੇ ਇਕ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਹੈ ਕਿ ਪੰਜਾਬ ਵਿੱਚ ਜਿਹੜਾ ਰਕਬਾ ਆਬਾਦੀ ਵਿੱਚ ਹੈ ਓਸ ਰਕਬੇ ਦੀ ਐਨ ਓ ਸੀ ਨਹੀਂ ਲੱਗੇਗੀ ਪਰ ਜਲਾਲਾਬਾਦ ਤਹਿਸੀਲਦਾਰ ਓਸ ਨੋਟੀਫਿਕੇਸ਼ਨ ਨੂੰ ਨਹੀਂ ਮੰਨ ਰਿਹਾ ਉਹ ਕਹਿ ਰਿਹਾ ਮੈਂ ਇਸ ਨੋਟੀਫਿਕੇਸ਼ਨ ਰਾਹੀਂ ਕੋਈ ਰਜਿਸਟਰੀ ਨਹੀਂ ਕਰਨੀ ਕਿਉਂਕਿ ਇਹ ਨੋਟੀਫਿਕੇਸ਼ਨ ਵਿੱਚ ਲਾਲ ਲਕੀਰ ਲਿਖਿਆ ਹੋਇਆ ਹੈ ਲਾਲ ਲਕੀਰ ਦਾ ਮਤਬਲ ਜਿਹੜੇ ਰਕਬੇ ਤੇ ਪ੍ਰੋਪਰਟੀ ਨੰਬਰ ਲੱਗਿਆ ਹੋਇਆ ਹੈ ਉਸ ਰਕਬੇ ਦੀ ਹੀ ਮੈਂ ਰਜਿਸਟਰੀ ਕਰਾਂਗਾ ਬਾਕੀ ਮੈਂ ਕੋਈ ਵੀ ਰਜਿਸਟਰੀ ਨਹੀਂ ਕਰਾਂਗਾ ਪ੍ਰੈਸ ਰਾਹੀਂ ਸਾਰੀ ਡੀਲਰ ਐਸੋਸੀਏਸ਼ਨ ਨੇ ਪੰਜਾਬ ਸਰਕਾਰ ਅੱਗੇ ਮੰਗ ਕੀਤੀ ਹੈ ਕਿ ਨੋਟੀਫਿਕੇਸ਼ਨ ਸਹੀ ਤਰੀਕੇ ਨਾਲ ਭੇਜੋ ਜਿਸ ਵਿੱਚ ਸਾਫ ਤੌਰ ਤੇ ਲਿਖਿਆ ਹੋਵੇ ਕਿ ਅੱਜ ਤੋਂ ਬਾਅਦ ਐਨਓਸੀ ਕਿਸੇ ਨੂੰ ਵੀ ਲਿਆਣ ਦੀ ਲੋੜ ਨਹੀਂ ਇਸ ਮੌਕੇ ਰਾਜੂ ਖੇੜਾ, ਰਮਨ ਨਰੂਲਾ,ਅਸ਼ੋਕ ਮਦਾਨ, ਅਸਵਨੀ ਕਾਠਪਾਲ, ਬਲਵਿੰਦਰ ਸਿੰਘ,ਸੋਨੂੰ ਕੁਮਾਰ, ਗੁੱਲੂ ਕੁਮਾਰ, ਰਾਜਨ ਸਿਡਾਨਾ,ਮਨੀਸ਼ ਕੁਮਾਰ, ਤਨਵੀਰ ਮਾਲਿਕ,ਕਰਨ ਵਧਵਾ ਆਦਿ ਹਾਜ਼ਿਰ ਸਨ

ਜਿੱਥੇ ਡਾਕਆਰਜ਼ੀ ਸਫਾਈ ਸੇਵਕ ਯੂਨੀਅਨ ਨੇ ਨਗਰ ਕੌਂਸਲ ਦਾ ਚਾਰਜ ਸੰਭਾਲਣ ਵਾਲੇ ਪ੍ਰਧਾਨ ਵਿਕਾਸਦੀਪ ਚੌਧਰੀ ਨੂੰ ਦਿੱਤੀ ਵਧਾਈ ਘੱਟ ਤਨਖਾਹ ਅਤੇ ਪੱਕੀ ਨਿਯੁਕਤੀ ਦੀ ਮੰਗ ਪ੍ਰਧਾਨ ਅੱਗੇ ਰੱਖੀ ਗਈ

# ਨਗਰ ਕੌਂਸਲ ਵਿੱਚ ਠੇਕੇਦਾਰੀ ਸਿਸਟਮ ਅਧੀਨ ਸਫਾਈ ਕਰਮਚਾਰੀ ਯੂਨੀਅਨ ਦਾ ਵਿਕਾਸਦੀਪ ਚੌਧਰੀ ਨੂੰ ਪ੍ਰਧਾਨ ਬਣਾਇਆ

**ਜਲਾਲਾਬਾਦ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਵਿੱਚ ਠੇਕੇਦਾਰੀ ਸਿਸਟਮ ਅਧੀਨ ਕੰਮ ਕਰ ਰਹੀ ਆਰਜ਼ੀ ਸਫਾਈ ਕਰਮਚਾਰੀ ਯੂਨੀਅਨ ਨੇ ਅੱਜ ਵਿਕਾਸਦੀਪ ਚੌਧਰੀ ਨੂੰ ਨਗਰ ਕੌਂਸਲ ਦੇ ਪ੍ਰਧਾਨ ਵਜੋਂ ਆਪਣੀ ਕੰਮਕਾਜ ਸੰਭਾਲਣ ਤੋਂ ਬਾਅਦ ਉਨ੍ਹਾਂ ਦੇ ਦਫਤਰ ਵਿੱਚ ਮੁਲਾਕਾਤ ਕੀਤੀ। ਇਸ ਮੌਕੇ ਸਫ਼ਾਈ ਸੇਵਕ ਯੂਨੀਅਨ ਨੇ ਪ੍ਰਧਾਨ ਵਿਕਾਸਦੀਪ ਚੌਧਰੀ ਨੂੰ ਹਾਰ ਪਾ ਕੇ ਮਠਿਆਈਆਂ ਛਕਾਈਆਂ ਅਤੇ ਮੁੜ ਪ੍ਰਧਾਨ ਦਾ ਅਹੁਦਾ ਸੰਭਾਲਣ ਲਈ ਸ਼ੁੱਭ ਕਾਮਨਾਵਾਂ ਪ੍ਰਗਟਾਈਆਂ। ਇਸ ਮੌਕੇ ਸਫ਼ਾਈ ਸੇਵਕ ਯੂਨੀਅਨ ਨੇ ਆਪਣੀਆਂ ਸਮੱਸਿਆਵਾਂ ਵਿੱਚੋਂ ਨਗਰ ਕੌਂਸਲ ਪ੍ਰਧਾਨ ਵਿਕਾਸਦੀਪ ਚੌਧਰੀ ਦੀ ਘੱਟ ਤਨਖਾਹ ਅਤੇ ਪੱਕੀ ਨਿਯੁਕਤੀ ਦਾ ਮੁੱਦਾ ਵੀ ਉਠਾਇਆ। ਸਫ਼ਾਈ ਸੇਵਕ ਯੂਨੀਅਨ ਨੇ ਦੱਸਿਆ ਕਿ ਉਹ 8 ਹਜ਼ਾਰ ਰੁਪਏ



ਨਗਰ ਕੌਂਸਲ ਪ੍ਰਧਾਨ ਵਿਕਾਸਦੀਪ ਚੌਧਰੀ ਨੂੰ ਅਹੁਦਾ ਸੰਭਾਲਣ 'ਤੇ ਵਧਾਈ ਦਿੰਦੇ ਹੋਏ ਸਫਾਈ ਸੇਵਕ ਯੂਨੀਅਨ ਦੇ ਮੈਂਬਰ।

ਮਾਮੂਲੀ ਤਨਖ਼ਾਹ 'ਤੇ ਕੰਮ ਕਰ ਰਹੇ ਹਨ, ਜਿਸ ਕਾਰਨ ਉਹ ਇਸ ਮਹਿੰਗਾਈ ਦੇ ਯੁੱਗ 'ਚ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਣ ਤੋਂ ਅਸਮਰੱਥ ਹਨ। ਘੱਟ ਤਨਖ਼ਾਹ ਅਤੇ ਤਨਖ਼ਾਹ ਮਿਲਣ ਵਿੱਚ ਦੇਰੀ ਹੋਣ ਕਾਰਨ ਉਨ੍ਹਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕੋਲ ਸਫਾਈ ਦੇ ਕੰਮ ਲਈ ਵਰਤੇ ਜਾਣ ਵਾਲੇ ਸਾਧਨਾਂ ਦੀ ਵੀ ਘਾਟ ਹੈ। ਪੱਕੇ ਸਫ਼ਾਈ ਸੇਵਕਾਂ ਦੇ ਲਿਹਾਜ਼ ਨਾਲ ਸ਼ਹਿਰ ਦਾ ਇਲਾਕਾ ਕਾਫੀ ਵੱਡਾ ਹੈ ਅਤੇ ਪਿਛਲੇ ਕਈ ਦਹਾਕਿਆਂ ਤੋਂ ਨਵੇਂ ਸਫ਼ਾਈ ਸੇਵਕਾਂ ਦੀ ਪੱਕੀ ਭਰਤੀ ਨਹੀਂ ਕੀਤੀ ਗਈ, ਜਿਸ ਕਾਰਨ ਉਨ੍ਹਾਂ ਦੀ ਮੰਗ ਹੈ ਕਿ ਸਫ਼ਾਈ ਸੇਵਕਾਂ ਦੀ ਪੱਕੀ ਨਿਯੁਕਤੀ ਕੀਤੀ ਜਾਵੇ। ਵਿਕਾਸਦੀਪ ਚੌਧਰੀ ਨੇ ਕਿਹਾ ਕਿ ਆਰਜ਼ੀ ਸਫ਼ਾਈ ਕਰਮਚਾਰੀਆਂ ਦੀਆਂ ਮੰਗਾਂ ਨੂੰ ਧਿਆਨ ਨਾਲ ਸੁਣ ਕੇ ਉਨ੍ਹਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਹੈ।

ਪ੍ਰਧਾਨ ਵਿਕਾਸਦੀਪ ਨੇ ਕਿਹਾ ਕਿ ਚੋਣ ਜ਼ਾਬਤਾ ਲੱਗਣ ਤੋਂ ਬਾਅਦ ਸਫ਼ਾਈ ਸੇਵਕਾਂ ਦੀਆਂ ਮੰਗਾਂ ਨੂੰ ਪੰਜਾਬ ਸਰਕਾਰ ਤੱਕ ਪਹੁੰਚਾ ਕੇ ਹੱਲ ਕੀਤਾ ਜਾਵੇਗਾ। ਇਸ ਮੌਕੇ ਆਰਜ਼ੀ ਸਫ਼ਾਈ ਸੇਵਕ ਯੂਨੀਅਨ ਨੇ ਵੀ ਨਗਰ ਕੌਂਸਲ ਚੇਅਰਮੈਨ ਨੂੰ ਸ਼ਹਿਰ ਵਿੱਚ ਸਫ਼ਾਈ ਮੁਹਿੰਮ ਨੂੰ ਸਾਰਥਕ ਬਣਾਉਣ ਲਈ ਤਨਦੇਹੀ ਨਾਲ ਕੰਮ ਕਰਨ ਦਾ ਭਰੋਸਾ ਦਿੱਤਾ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹਾ ਸੰਗਰੂਰ ਦੀ ਹਦੂਦ ਅੰਦਰ ਖੂਹ ਤੇ ਬੋਰ ਪੁੱਟਣ ਸਬੰਧੀ ਦਿਸ਼ਾ ਨਿਰਦੇਸ਼ ਜਾਰੀ

**ਸੰਗਰੂਰ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਰਿੱਟ ਪਟੀਸ਼ਨ (ਸੀ) ਨੰਬਰ 36 ਆਫ 2009 ਵਿੱਚ ਪਾਸ ਕੀਤੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟਰੇਟ ਆਕਾਸ਼ ਬਾਂਸਲ ਨੇ ਫੌਜਦਾਰੀ ਜਾਬਤਾ ਸੰਘਤਾ, 1973 ਦੀ ਧਾਰਾ 144 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਆਦੇਸ਼ ਦਿੱਤੇ ਹਨ ਕਿ ਜ਼ਿਲ੍ਹਾ ਸੰਗਰੂਰ ਦੀ ਹਦੂਦ ਅੰਦਰ ਜ਼ਮੀਨ ਮਾਲਕ ਖੂਹ/ਬੋਰ ਪੁੱਟਣ ਤੋਂ ਪਹਿਲਾਂ ਵੱਖ-ਵੱਖ ਸ਼ਰਤਾਂ ਦਾ ਪਾਬੰਦ ਹੋਵੇਗਾ।

ਜਿਨ੍ਹਾਂ ਵਿੱਚ ਖੂਹ /ਬੋਰ ਲਗਾਉਣ ਤੋਂ 15 ਦਿਨ ਪਹਿਲਾਂ ਜ਼ਮੀਨ/ਏਰੀਏ ਦਾ ਮਾਲਕ/ਸਬੰਧਤ ਵਿਅਕਤੀ ਜ਼ਿਲ੍ਹਾ ਮੈਜਿਸਟ੍ਰੇਟ / ਸਬੰਧਤ ਉਪ ਮੰਡਲ ਮੈਜਿਸਟਰੇਟ/ਬੀ.ਡੀ.ਪੀ.ਓ/ ਸਰਪੰਚ ਗ੍ਰਾਮ ਪੰਚਾਇਤ/ਈ.ਓ/ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚੋਂ ਕਿਸੇ ਇੱਕ ਅਧਿਕਾਰੀ ਜਿਸ ਨਾਲ ਵੀ ਸਬੰਧਤ ਹੋਵੇ ਨੂੰ ਲਿਖਤੀ ਤੌਰ ਤੇ ਸੂਚਿਤ ਕਰੇਗਾ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਖੂਹ/ਬੋਰ ਪੁੱਟਣ ਵਾਲੀਆਂ ਸਾਰੀਆਂ ਏਜੰਸੀਆਂ ਜਿਵੇਂ ਕਿ ਸਰਕਾਰੀ/ਅਰਧ ਸਰਕਾਰੀ/ਪ੍ਰਾਈਵੇਟ ਵਗੈਰਾ ਡੀ.ਡੀ.ਪੀ.ਓ, ਸੰਗਰੂਰ ਪਾਸ ਆਪਣੀ ਰਜਿਸਟ੍ਰੇਸ਼ਨ ਕਰਾਉਣਗੀਆਂ। ਉਨ੍ਹਾਂ ਕਿਹਾ ਕਿ ਖੂਹ/ਬੋਰ ਲਗਾਉਣ ਵਾਲੀ ਜਗ੍ਹਾ ਦੇ ਨਜਦੀਕ ਬੋਰ ਲਗਵਾਉਣ ਵਾਲਾ ਮਾਲਕ ਖੂਹ/ਬੋਰ ਲਗਾਉਣ ਵਾਲੀ ਏਜੰਸੀ ਦਾ ਪਤਾ ਅਤੇ ਆਪਣਾ ਪਤਾ ਸਾਈਨ ਬੋਰਡ ਤੇ ਲਿਖਵਾਏਗਾ। ਉਨ੍ਹਾਂ ਕਿਹਾ ਕਿ ਖੂਹ/ ਬੋਰ ਦੀ ਖੁਦਾਈ ਸਮੇਂ ਆਲੇ ਦੁਆਲੇ ਕੰਡਿਆਲੀ ਤਾਰ ਜਾਂ ਕੋਈ ਉੱਚਿਤ ਬੈਰੀਕੇਡ ਲਗਾਏਗਾ।

ਖੂਹ/ਬੋਰ ਦੀ ਉਸਾਰੀ ਤੋਂ ਬਾਅਦ ਉਸ ਦੇ ਤਲੇ 'ਤੇ ਜ਼ਮੀਨ ਦੇ ਪੱਧਰ ਤੋਂ ਉੱਪਰ 0.50∅0.50∅0.60(0.30) ਮੀਟਰ ਅਤੇ ਗਰਾਉਂਡ ਲੈਵਲ ਤੋਂ 0.30 ਮੀਟਰ ਥੱਲੇ ਸੀਮਿੰਟ ਅਤੇ ਕੰਕਰੀਟ ਦਾ ਨਿਸ਼ਚਿਤ ਪਲੇਟਫਾਰਮ ਬਣਵਾਏਗਾ। ਹੁਕਮਾਂ ਵਿੱਚ ਕਿਹਾ ਗਿਆ ਕਿ ਖੂਹ/ਬੋਰ ਦਾ ਢੱਕਣ ਸਟੀਲ ਪਲੇਟਸ ਨਾਲ ਵੈਲਡਿੰਗ ਕਰਦੇ ਹੋਏ ਜਾਂ ਕੈਸਿੰਗ ਪਾਈਪ ਨਾਲ ਨਟ-ਬੋਲਟਾਂ ਨਾਲ ਫਿਕਸ ਕਰੇਗਾ।

ਉਨ੍ਹਾਂ ਕਿਹਾ ਕਿ ਪੰਪ ਦੀ ਮੁਰੰਮਤ ਦੀ ਸੂਰਤ ਵਿੱਚ ਖੂਹ/ਬੋਰ ਨੂੰ ਖੁੱਲ੍ਹਾ ਨਹੀਂ ਛੱਡਿਆ ਜਾਵੇਗਾ। ਖੂਹ/ ਬੋਰ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਟੋਆ/ਚੈਨਲ ਮਿੱਟੀ ਨਾਲ ਚੰਗੀ ਤਰ੍ਹਾਂ ਭਰ ਦੇਣਾ ਯਕੀਨੀ ਬਣਾਏਗਾ। ਉਨ੍ਹਾਂ ਕਿਹਾ ਕਿ ਨਕਾਰਾ ਪਏ ਖੂਹਾਂ/ਬੋਰਾਂ ਨੂੰ ਚੀਕਨੀ ਮਿੱਟੀ/ਰੇਤ/ਵੱਟਾ ਰੋੜਾ/ ਪੱਥਰ/ਕੰਕਰੀਟ ਵਗੈਰਾ ਨਾਲ ਤਲੇ ਤੋਂ ਲੈ ਕੇ ਉੱਪਰ ਤੱਕ ਚੰਗੀ ਤਰ੍ਹਾਂ ਭਰ ਕੇ ਬੰਦ ਕਰਨਾ ਯਕੀਨੀ ਬਣਾਏਗਾ। ਖੂਹਾਂ/ਬੋਰਾਂ ਦੀ ਖੁਦਾਈ ਦਾ ਕੰਮ ਮੁਕੰਮਲ ਹੋਣ 'ਤੇ ਜ਼ਮੀਨ ਦੀ ਸਥਿਤੀ ਖੂਹ/ਬੋਰ ਪੁੱਟਣ ਤੋਂ ਪਹਿਲਾਂ ਵਾਲੀ ਬਹਾਲ ਹੋਣੀ ਜ਼ਰੂਰੀ ਹੋਵੇਗੀ।

ਉਨ੍ਹਾਂ ਕਿਹਾ ਕਿ ਡੀ.ਡੀ.ਪੀ.ਓ ਸੰਗਰੂਰ ਸਾਰੇ ਜ਼ਿਲ੍ਹੇ ਦੇ ਬੋਰ/ਖੂਹਾਂ ਦੀ ਸੂਚਨਾ ਬੀ.ਡੀ.ਪੀ.ਓਜ਼/ਸਰਪੰਚਾਂ/ਸਾਰੇ ਸਬੰਧਤ ਵਿਭਾਗਾਂ ਪਾਸੋਂ ਇਕੱਤਰ ਕਰਕੇ ਆਪਣੇ ਦਫ਼ਤਰ ਵਿੱਚ ਤਿਆਰ ਰੱਖਣਗੇ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਇਸ ਸਬੰਧੀ ਕੋਈ ਸ਼ਿਕਾਇਤ ਹੋਵੇ ਤਾਂ ਉਹ ਡੀ.ਡੀ.ਪੀ.ਓ ਸੰਗਰੂਰ/ ਸਬੰਧਤ ਬੀ.ਡੀ.ਪੀ.ਓਜ਼/ਪੰਚਾਇਤ ਸਕੱਤਰ ਪਾਸ ਸ਼ਿਕਾਇਤ ਕਰ ਸਕਦਾ ਹੈ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਕੱਚੀਆਂ ਖੂਹੀਆਂ/ਟਿਊਬਵੈੱਲ ਲਗਾਉਣ ਲਈ ਟੋਏ ਪੁੱਟਣ ਸਮੇਂ ਅਤੇ ਪੁਰਾਣੇ ਬੋਰਵੈਲ ਨਾ ਢਕਣ ਕਾਰਨ ਲੋਕ ਦੁਰਘਟਨਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ ਜਿਸ ਕਾਰਨ ਜਨਤਾ ਦਾ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ ਅਤੇ ਅਮਨ ਕਾਨੂੰਨ ਦੀ ਸਥਿਤੀ ਭੰਗ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ।

ਅਜਿਹੀਆਂ ਦੁਰਘਟਨਾਵਾਂ ਨੂੰ ਰੋਕਣਾ ਲੋਕ ਹਿੱਤ ਵਿੱਚ ਜ਼ਰੂਰੀ ਹੈ। ਇਹ ਹੁਕਮ 30 ਅਪ੍ਰੈਲ 2024 ਤੱਕ ਲਾਗੂ ਰਹਿਣਗੇ।

# ਕਾਕਾ ਕੰਬੋਜ ਦੀ ਅਗਵਾਈ ਹੇਠ ਲਮੋਛੜ ਕਲਾ, ਬੱਤੀ ਪਰਿਵਾਰ ਦੋਸਤਾਂ ਸਮੇਤ ਭਾਜਪਾ ਵਿਚ ਸ਼ਾਮਲ

**ਜਲਾਲਾਬਾਦ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਜਨਤਾ ਪਾਰਟੀ ਦੇ ਜ਼ਿਲਾ ਪ੍ਰਧਾਨ ਕਾਕਾ ਕੰਬੋਜ ਨੂੰ ਜ਼ਿਲਾ ਫਾਜ਼ਿਲਕਾ 'ਚ ਭਾਜਪਾ ਦਾ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਵੱਡੀ ਗਿਣਤੀ 'ਚ ਲੋਕਾਂ ਦੇ ਭਾਜਪਾ 'ਚ ਸ਼ਾਮਲ ਹੋਣ ਦਾ ਸਿਲਸਿਲਾ ਜਾਰੀ ਹੈ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਜਨਰਲ ਸਕੱਤਰ ਅਸ਼ਵਨੀ ਫੁਟੇਲਾ ਨੇ ਦੱਸਿਆ ਕਿ ਬੀਤੇ ਦਿਨ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਕਾਕਾ ਕੰਬੋਜ ਦੀ ਅਗਵਾਈ ਹੇਠ ਮੁਖਤਿਆਰ ਸਿੰਘ ਭੱਟੀ ਦਾ ਪਰਿਵਾਰ ਆਪਣੇ ਦੋਸਤਾਂ ਸਮੇਤ ਜਲਾਲਾਬਾਦ ਦੇ ਪਿੰਡ ਲਮੋਚੜ ਕਲਾਂ ਵਿਖੇ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਇਆ। ਸੁਖਵਿੰਦਰ ਸਿੰਘ ਦਾ ਕਾਕਾ ਕੰਬੋਜ ਨੇ ਪਾਰਟੀ ਝੰਡਾ ਪਹਿਨਾ ਕੇ ਸਵਾਗਤ ਕੀਤਾ। ਸੁਖਵਿੰਦਰ ਸਿੰਘ ਕਾਕਾ ਕੰਬੋਜ ਨੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਸਰਕਾਰ ਦੀਆਂ ਸਫਲਤਾਵਾਂ ਬਾਰੇ ਦੱਸਿਆ, ਭਾਰਤ ਦੇ ਸਫਲ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਸਰਕਾਰ ਦੀਆਂ ਸਕੀਮਾਂ ਤੋਂ ਸੰਤੁਸ਼ਟ ਲੋਕ, ਭਾਰਤ ਦੇ ਸਫਲ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਸਰਕਾਰ ਦੀਆਂ ਪ੍ਰਾਪਤੀਆਂ, ਸਕੀਮਾਂ ਤੋਂ ਲੋਕ ਸੰਤੁਸ਼ਟਹਨ। ਪੰਜਾਬ ਭਾਜਪਾ ਪ੍ਰਧਾਨ ਸ਼੍ਰੀ ਸੁਨੀਲ ਜਾਖੜ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਰਹੇ ਹਨ, ਸਾਰਿਆਂ ਦਾ ਭਾਜਪਾ ਵਿੱਚ ਸਵਾਗਤ ਹੈ।

# ਪਿੰਡ ਕਾਠਗੜ੍ਹ ਦੀ ਸੇਮਨਾਲੀ ਦੇ ਕੰਢਿਓਂ 300 ਲੀਟਰ ਲਾਹਣ ਬਰਾਮਦ

**ਜਲਾਲਾਬਾਦ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਅਤੇ ਐਕਸਾਈਜ਼ ਵਿਭਾਗ ਨੇ ਸਾਂਝੇ ਤੌਰ ਤੇ ਕੀਤੀ ਕਾਰਵਾਈ ਦੌਰਾਨ ਜਲਾਲਾਬਾਦ ਹਲਕੇ ਦੇ ਪਿੰਡ ਕਾਠਗੜ੍ਹ ਦੀ ਸੇਮਨਾਲੀ ਦੇ ਕੰਢਿਓਂ 300 ਲੀਟਰ ਲਾਹਣ ਬਰਾਮਦ ਹੋਈ ਹੈ। ਦੱਸ ਦੇ ਸ਼ਰਾਬ ਤਸਕਰਾਂ ਦੇ ਵੱਲੋਂ ਸ਼ਰਾਬ ਤਿਆਰ ਕਰਨ ਦੇ ਲਈ ਲਾਹਨ ਨੂੰ ਇੱਥੇ ਲੁਕੋ ਕੇ ਰੱਖਿਆ ਗਿਆ ਸੀ। ਜਿਸ ਦੀ ਜਾਣਕਾਰੀ ਮਿਲਣ ਤੇ ਪੁਲਿਸ ਤੇ ਐਕਸਾਈਜ਼ ਵਿਭਾਗ ਦੇ ਵੱਲੋਂ ਗੁਪਤ ਸੂਚਨਾ ਦੇ ਆਧਾਰ ਤੇ ਰੇਡ ਕੀਤੀ ਗਈ ਤਾਂ ਸੇਮ ਨਾਲੀ ਦੇ ਕੰਢੇ 300 ਲੀਟਰ ਲਾਹਣ ਬਰਾਮਦ ਹੋਈ। ਦੱਸ ਦਈਏ ਕਿ ਸੇਮ ਨਾਲੀ ਦੇ ਗੰਦੇ ਪਾਣੀ ਦੇ ਨਾਲ ਇਸ ਲਾਹਨ ਨੂੰ ਤਿਆਰ ਕੀਤਾ ਹੋਇਆ ਸੀ ਅਤੇ ਸ਼ਰਾਬ ਤਸਕਰਾਂ ਦੇ ਵੱਲੋਂ ਇਸ ਲਾਹਨ ਤੋਂ ਸ਼ਰਾਬ ਤਿਆਰ ਕੀਤੀ ਜਾਣੀ ਸੀ। ਇਸ ਤੋਂ ਪਹਿਲਾਂ ਹੀ ਪੁਲਿਸ ਅਤੇ ਐਕਸਾਈਜ਼ ਵਿਭਾਗ ਨੇ ਕਾਰਵਾਈ ਕਰਦੇ ਹੋਏ ਇਸ ਲਾਹਨ ਨੂੰ ਮੌਕੇ ਤੇ ਨਸ਼ਟ ਕਰ ਦਿੱਤਾ। ਇਸ ਸਬੰਧ ਦੇ ਵਿੱਚ ਥਾਣਾ ਵੈਰੋਕਾ ਵਿਖੇ ਅਗਲੀ ਕਾਰਵਾਈ ਅਮਲ ਚ ਲਿਆਂਦੀ ਜਾ ਰਹੀ ਹੈ।

# ਸਬ ਤਹਿਸੀਲ ਗੋਨੇਆਣਾ ਦਾ ਨੀਂਹ ਪੱਥਰ ਹਲ਼ਕਾ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਰੱਖਿਆ



**ਬਠਿੰਡਾ 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਗੋਨਿਆਨਾ ਦੀ ਸਬ ਤਹਸੀਲ ਦੀ ਨਵੀਂ ਬਿਲਡਿੰਗ ਜਿਸ ਵਿੱਚ ਪਟਵਾਰਖਾਨਾ ਵੀ ਸ਼ਾਮਿਲ ਹੈ ਉਸਦਾ ਨੀਂਹ ਪੱਥਰ ਹਲਕਾ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਰੱਖਿਆ ਇਸ ਮੌਕੇ ਓਹਨਾਂ ਦੇ ਨਾਲ ਮੈਡਮ ਗੁਰਵਿੰਦਰ ਕੌਰ ਤਹਿਸੀਲਦਾਰ ਮੌਜੂਦ ਸਨ, ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਹਰ ਰੋਜ਼ ਨਵੇਂ ਕੰਮ ਕਿਤੇ ਜਾ ਰਹੇ ਹਨ ਜਿੱਥੇ ਵੀ ਕੋਈ ਲੋੜ ਮਹਿਸੂਸ ਹੁੰਦੀ ਹੈ ਉਸ ਨੂੰ ਪੂਰਾ ਕੀਤਾ ਜਾ ਰਿਹਾ ਹੈ , ਇਸ ਮੌਕੇ ਹੋਰਨਾਂ ਤੋਂ ਇਲਾਵਾ ਪੀ. ਡਬਲਯੂ .ਡੀ. ਦੇ ਅਧਿਕਾਰੀ, ਰਜਨੀਸ਼ ਰਾਜੂ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਕਸ਼ਮੀਰੀ ਲਾਲ ਗਰਗ ਪ੍ਰਧਾਨ ਨਗਰ ਕੌਂਸਲ ਗੋਨੇਆਣਾ, ਤਹਸੀਲ ਦਾ ਸਮੂਹ ਸਟਾਫ, ਐਡਵੋਕੇਟ ਅਤੇ ਪਟਵਾਰੀ ਮੌਜੂਦ ਸਨ

# ਜਦ ਡਾਕਟਰ ਹੀ ਬਣ ਜਾਣ ਕਸਾਈ, ਤਾਂ ਕੌਣ ਸੁਣੂ ਫਰਿਆਦਾਂ ! : ਸੁਬੇਗ ਸਿੰਘ

**ਮਲੇਰਕੋਟਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਨੁੱਖ ਦੀ ਜਿੰਦਗੀ ਚ ਦੁੱਖ ਤੇ ਸੁੱਖ,ਦੋ ਅਜਿਹੇ ਪਹਿਲੂ ਹਨ,ਜਿਹੜੇ ਸਿੱਕੇ ਦੇ ਦੋ ਪਾਸਿਆਂ ਦੇ ਵਾਂਗ ਬਦਲਦੇ ਹੀ ਰਹਿੰਦੇ ਹਨ।ਇਹੋ ਕਾਰਨ ਹੈ,ਕਿ ਮਨੁੱਖ ਦੀ ਜਿੰਦਗੀ ਚ ਕਦੇ ਦੁੱਖ ਅਤੇ ਕਦੇ ਸੁੱਖ ਆਉਂਦੇ ਹੀ ਰਹਿੰਦੇ ਹਨ।ਜਿੰਨ੍ਹਾਂ ਨਾਲ ਮਨੁੱਖ ਨੂੰ,ਜਿੰਦਗੀ ਭਰ ਦੋ ਚਾਰ ਹੋਣਾ ਹੀ ਪੈਂਦਾ ਹੈ।ਕਿਉਂਕਿ,ਇਹਦੇ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਹੁੰਦਾ।ਇਸੇ ਲਈ ਤਾਂ,ਸਿਆਣੇ ਕਹਿੰਦੇ ਹਨ,ਕਿ ਜਿੰਦਗੀ ਚ ਆਏ ਹਰ ਦੁੱਖ ਨੂੰ ਹੱਸ ਕੇ ਸਹਿ ਲੈਣ ਚ ਹੀ ਭਲਾਈ ਹੁੰਦੀ ਹੈ।ਕਿਉਂਕਿ,ਦੁੱਖ ਦੇ ਵਕਤ ਰੋਣ ਧੋਣ ਨਾਲ,ਦੁੱਖਾਂ ਨੇ ਘਟਣਾ ਥੋੜ੍ਹਾ ਹੁੰਦਾ ਹੈ।ਸਗੋਂ,ਇਹ ਰੋਣਾ ਧੋਣਾ ਤਾਂ,ਸਗੋਂ ਹੋਰ ਨਵੀਆਂ ਮੁਸੀਬਤਾਂ ਪੈਦਾ ਕਰ ਦਿੰਦਾ ਹੈ।

ਪਰ ਸਮੱਸਿਆ ਤਾਂ ਉਸ ਵਕਤ ਪੈਦਾ ਹੁੰਦੀ ਹੈ,ਜਦੋਂ ਮਨੁੱਖ ਤੇ ਕੋਈ ਅਣਕਿਆਸੀ ਮੁਸੀਬਤ ਆ ਪੈਂਦੀ ਹੈ।ਭਾਵ ਕਿ ਬੰਦੇ ਨੂੰ ਕੋਈ ਅਜਿਹੀ ਬੀਮਾਰੀ ਆ ਚਿੰਬੜੇ,ਜੀਹਦੇ ਵਾਰੇ ਉਸ ਵਿਅਕਤੀ ਅਤੇ ਉਹਦੇ ਸਕੇ ਸਬੰਧੀਆਂ ਨੇ ਵੀ,ਕਦੇ ਸੁਪਨੇ ਚ ਵੀ ਨਹੀਂ ਸੋਚਿਆ ਹੁੰਦਾ।ਪਰ ਫੇਰ ਵੀ ਕੀ ਕੀਤਾ ਜਾ ਸਕਦਾ ਹੈ।ਬੰਦਾ ਰੋਟੀ ਘੱਟ ਖਾ ਸਕਦਾ ਹੈ।ਰੁੱਖੀ ਮਿੱਸੀ ਖਾ ਕੇ ਗੁਜਾਰਾ ਕਰ ਸਕਦਾ।ਕੱਪੜੇ ਪਾਟੇ ਪੁਰਾਣੇ ਪਾ ਕੇ ਗੁਜਾਰਾ ਕਰ ਸਕਦਾ ਹੈ।ਕੱਚੇ ਮਕਾਨ,ਇੱਥੋਂ ਤੱਕ ਕਿ,ਕੁੱਲੀ ਚ ਰਹਿ ਕੇ ਵੀ ਗੁਜਾਰਾ ਕਰ ਸਕਦਾ ਹੈ।ਪਰ ਜਦੋਂ ਅਣਕਿਆਸੀ ਬੀਮਾਰੀ ਅਚਨਚੇਤ ਕਿਸੇ ਦਾ ਦਰ ਆ ਮੱਲ੍ਹੇ,ਤਾਂ ਬੰਦੇ ਦੀਆਂ ਸਾਰੀਆਂ ਸਕੀਮਾਂ ਹੀ,ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ।ਪਰ ਸਿਆਣਿਆਂ ਨੇ ਸੱਚ ਹੀ ਤਾਂ ਕਿਹਾ ਹੈ,ਕਿ,*ਮਰਦਾ,ਕੀ ਨਾ ਕਰਦਾ!* ਦੀ ਕਹਾਵਤ ਦੇ ਵਾਂਗ,ਬੰਦੇ ਨੂੰ ਆਪਣੇ ਜਾਂ ਫਿਰ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਦੀ ਬੀਮਰੀ ਦਾ ਇਲਾਜ ਤਾਂ ਹਰ ਹਾਲਤ ਚ ਕਰਵਾਉਣਾ ਹੀ ਪੈਂਦਾ ਹੈ।

ਬੇਸ਼ੱਕ,ਬੀਮਾਰੀ ਦੇ ਵਕਤ ਹਰ ਵਿਅਕਤੀ ਆਪਣੇ ਵੱਲੋਂ,ਆਪਣੀ ਸਮਰੱਥਾ ਦੇ ਅਨੁਸਾਰ ਆਪਣੇ ਮਰੀਜ ਦਾ ਇਲਾਜ ਕਰਵਾਉਣ ਲਈ,ਹਰ ਸੰਭਵ ਕੋਸ਼ਿਸ਼ ਕਰਦਾ ਹੈ।ਪਰ ਕਈ ਵਾਰ ਬੀਮਾਰੀ ਐਨੀ ਘਾਤਕ ਹੁੰਦੀ ਹੈ,ਕਿ ਪਰਿਵਾਰ ਦੇ ਸਾਰੇ ਬੱਜਟ ਨੂੰ ਹੀ ਹਿਲਾ ਕੇ ਰੱਖ ਦਿੰਦੀ ਹੈ।

ਅਗਰ ਕਿਸੇ ਮਰੀਜ ਦੀ ਬੀਮਾਰੀ ਲੰਮੇ ਸਮੇਂ ਤੱਕ ਠੀਕ ਨਾ ਹੋਵੇ,ਤਾਂ ਫਿਰ ਸਬੰਧਿਤ ਵਿਅਕਤੀ ਅਤੇ ਉਹਦੇ ਪਰਿਵਾਰ ਦਾ ਕਚੂੰਬਰ ਹੀ ਕੱਢ ਕੇ ਰੱਖ ਦਿੰਦੀ ਹੈ।ਸਭ ਤੋਂ ਸਿੱਤਮ ਦੀ ਗੱਲ ਤਾਂ ਇਹ ਹੁੰਦੀ ਹੈ,ਜਦੋਂ ਕੋਈ ਗਰੀਬ ਵਿਅਕਤੀ ਕਿਸੇ ਨਾ ਮੁਰਾਦ ਬੀਮਾਰੀ ਨਾਲ ਲੰਮੇ ਸਮੇਂ ਤੋਂ ਜੂਝ ਰਿਹਾ ਹੋਵੇ।ਅਜਿਹੇ ਹਾਲਾਤਾਂ ਚ ਤਾਂ,ਉਸ ਮਰੀਜ ਅਤੇ ਉਹਦੇ ਸਕੇ ਸਬੰਧੀਆਂ ਦਾ ਦਿਲ ਹੀ ਜਾਣਦਾ ਹੈ,ਕਿ ਉਹਦੇ ਨਾਲ ਕੀ ਬੀਤਦੀ ਹੈ।ਜਿਸਨੂੰ ਬੋਲਕੇ ਜਾਂ ਲਿਖਕੇ ਬਿਆਨ ਕਰਨਾ ਅੱਤਕਥਨੀ ਹੀ ਹੋਵੇਗਾ। ਕਿਸੇ ਵੀ ਗਰੀਬ ਪਰਿਵਾਰ ਲਈ,ਆਪਣੇ ਕਿਸੇ ਮਰੀਜ ਦੀ ਕਿਸੇ ਘਾਤਕ ਬੀਮਾਰੀ ਤੋਂ ਜਾਨ ਬਚਾਉਣਾ ਅਤੇ ਉਹਦਾ ਇਲਾਜ ਕਰਵਾਉਣਾ, ਅਸ਼ਮਾਨ ਚੋਂ ਤਾਰੇ ਤੋੜ ਕੇ ਲਿਆਉਣ ਦੇ ਬਰਾਬਰ ਹੁੰਦਾ ਹੈ।ਕਿਉਂਕਿ,ਗਰੀਬ ਆਦਮੀ ਤਾਂ ਪਹਿਲਾਂ ਹੀ ਗਰੀਬੀ ਨਾਲ ਜੂਝਦਿਆਂ,ਆਪਣਾ ਤੇ ਆਪਣੇ ਪਰਿਵਾਰ ਦੀ ਦੋ ਡੰਗ ਦੀ ਰੋਟੀ ਦਾ ਜੁਗਾੜ ਮਸਾਂ ਹੀ ਕਰ ਰਿਹਾ ਹੁੰਦਾ ਹੈ।ਪਰ ਉਸ ਵਕਤ ਤਾਂ ਉਹ ਬਿਲਕੁਲ ਹੀ ਬੇਸਹਾਰਾ ਹੋ ਜਾਂਦਾ ਹੈ,ਜਦੋਂ ਹਰ ਰੋਜ ਕਮਾ ਕੇ ਖਾਣ ਵਾਲੇ ਦੀ ਕਮਾਈ ਦਾ ਸਾਧਨ ਹੀ ਖਤਮ ਨਹੀਂ ਹੁੰਦਾ,ਸਗੋਂ ਉਲਟਾ ਮਰੀਜ ਦੀ ਬੀਮਾਰੀ ਤੇ ਹੋਰ ਪੈਸੇ ਲੱਗਣੇ ਸ਼ੁਰੂ ਹੋ ਜਾਂਦੇ ਹਨ।ਅਜਿਹੇ ਹਾਲਾਤਾਂ ਚ,ਸ਼ੁਰੂ ਚ ਤਾਂ, ਉਹਦੇ ਦੋਸਤ ਮਿੱਤਰ ਅਤੇ ਨਜਦੀਕੀ ਰਿਸ਼ਤੇਦਾਰ,ਉਹਦੀ ਥੋੜ੍ਹੀ ਬਹੁਤੀ ਮੱਦਦ ਵੀ ਕਰ ਦਿੰਦੇ ਹਨ।ਪਰ ਜਦੋਂ ਬੀਮਾਰੀ ਥੋੜ੍ਹੀ ਲੰਮੀ ਹੋ ਜਾਵੇ,ਤਾਂ ਰਿਸ਼ਤੇਦਾਰ ਵੀ ਉਹਦਾ ਸਾਥ ਦੇਣ ਅਤੇ ਪੈਸੇ ਧੇਲੇ ਪੱਖੋਂ ਆਪਣਾ ਪੱਲ੍ਹਾ ਝਾੜ ਲੈਂਦੇ ਹਨ।ਇੱਥੋਂ ਤੱਕ ਕਿ,ਬਹੁਤ ਹੀ ਕਰੀਬੀ ਰਿਸ਼ਤੇਦਾਰ, ਉਹਦਾ ਹਾਲ ਚਾਲ ਪੁੱਛਣ ਦੀ ਜਰੂਰਤ ਵੀ ਨਹੀਂ ਸਮਝਦੇ।ਅਜਿਹੇ ਪੀੜ੍ਹਤ ਪਰਿਵਾਰ ਤੇ,ਉਸ ਵਕਤ ਤਾਂ ਹੋਰ ਵੀ ਦੁੱਖਾਂ ਦਾ ਪਹਾੜ ਡਿੱਗ ਪੈਂਦਾ ਹੈ,ਜਦੋਂ ਮਰੀਜ ਪਰਿਵਾਰ ਦਾ ਮੁਖੀਆ ਹੋਵੇ।ਅਜਿਹੀ ਹਾਲਤ ਚ,ਉਸ ਮਰੀਜ ਨੂੰ ਤਰ੍ਹਾਂ 2 ਦੇ ਹਸਪਤਾਲਾਂ ਚ ਇਲਾਜ ਲਈ,ਲਈ ਫਿਰਨਾ ਉਸ ਪਰਿਵਾਰ ਦੀ ਔਰਤ ਲਈ,ਕਿੰਨਾ ਦੁੱਖਦਾਈ ਅਤੇ ਕਿੰਨਾਔਖਾ ਹੁੰਦਾ ਹੈ।ਇਹ ਵੇਖਕੇ ਅਤੇ ਸੁਣਕੇ ਹੀ ਆਮ ਆਦਮੀ ਦੀ ਰੂਹ ਕੰਬ ਜਾਂਦੀ ਹੈ।

ਅਜੋਕੇ ਦੌਰ ਦਾ,ਸਭ ਤੋਂ ਦੁੱਖਦਾਈ ਪਹਿਲੂ ਇਹ ਹੈ,ਕਿ ਅੱਜ ਕੱਲ ਦੀਆਂ ਬੀਮਾਰੀਆਂ ਹੀ ਬੜੀਆਂ ਭਿਆਨਕ ਹਨ।ਅੱਜ ਉਹ ਸਮਾਂ ਨਹੀਂ ਰਿਹਾ,ਜਦੋਂ ਪੁਰਾਤਨ ਸਮਿਆਂ ਵਾਂਗ,ਨਬਜ ਵੇਖਕੇ ਦਵਾਈ ਦੇ ਦਿੱਤੀ ਜਾਂਦੀ ਸੀ ਅਤੇ ਮਰੀਜ ਇੱਕ ਦੋ ਖੁਰਾਕਾਂ ਨਾਲ ਹੀ ਨੌ ਬਰ ਨੌ ਹੋ ਜਾਂਦਾ ਹੈ।ਅਜੋਕੇ ਦੌਰ ਚ ਤਾਂ ਡਾਕਟਰਾਂ ਦੀਆਂ ਫੀਸਾਂ ਹੀ ਬੜੀਆਂ ਮਹਿੰਗੀਆਂ ਹਨ।

ਉਪਰੋਂ,ਨਿੱਕੀ ਜਿਹੀ ਬੀਮਾਰੀ ਲਈ ਵੀ,ਬੇਲੋੜੇ ਢੇਰ ਸਾਰੇ ਟੈਸਟ ਕਰਵਾ ਕੇ ਮਰੀਜ ਦੀ ਆਰਥਿਕਤਾ ਦਾ ਦੀਵਾਲਾ ਕੱਢ ਦਿੱਤਾ ਜਾਂਦਾ ਹੈ।ਜਿਆਦਾਤਰ ਡਾਕਟਰ ਤਾਂ ਆਪਣੇ ਕਮਿਸ਼ਨ ਲਈ ਹੀ, ਬਿਨਾਂ ਲੋੜ ਤੋਂ ਵੀ ਟੈਸਟ ਕਰਵਾਈ ਜਾਂਦੇ ਹਨ।

# ਸੱਤ ਰੋਜ਼ਾ ਸ਼੍ਰੀ ਰਾਮ ਕਥਾ ਮੌਕੇ ਜੈ ਮਾਂ ਮੰਦਿਰ ਵਿੱਚ ਭਜਨ ਸੰਕੀਰਤਨ ਕਰਵਾਇਆ ਗਿਆ

**ਜਲਾਲਾਬਾਦ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲਾਲਾਬਾਦ- ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵਲੋਂ ਕਰਵਾਈ ਜਾ ਰਹੀ ਸੱਤ ਰੋਜ਼ਾ ਸ਼੍ਰੀ ਰਾਮ ਕਥਾ ਦੇ ਸਬੰਧ ਵਿਚ ਸਥਾਨਕ ਜਲਾਲਾਬਾਦ ਦੇ ਜੈ ਮਾਂ ਮੰਦਰ ਵਿਖੇ ਭਜਨ ਸੰਕੀਰਤਨ ਕਰਵਾਇਆ ਗਿਆ। ਜਿਸ ਵਿਚ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੇ ਪਰਮ ਚੇਲੇ ਸਾਧਵੀ ਅਮਰਾ ਭਾਰਤੀ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜਦੋਂ ਵੀ ਇਸ ਧਰਤੀ 'ਤੇ ਅਧਰਮ ਫੈਲਦਾ ਹੈ ਤਾਂ ਪ੍ਰਮਾਤਮਾ ਗੁਰੂ ਦੇ ਰੂਪ ਵਿਚ ਇਸ ਧਰਤੀ 'ਤੇ ਪ੍ਰਗਟ ਹੁੰਦਾ ਹੈ । ਦੁਆਪਰ ਵਿਚ ਭਗਵਾਨ ਕ੍ਰਿਸ਼ਨ ਵਾਂਗ, ਭਗਵਾਨ ਰਾਮ ਨੇ ਤ੍ਰੇਤਾਯੁਗ ਵਿਚ ਅਵਤਾਰ ਲਿਆ ਅਤੇ ਧਰਮ ਦੀ ਸਥਾਪਨਾ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਪ੍ਰਮਾਤਮਾ ਜਦੋਂ ਵੀ ਗੁਰੂ ਦੇ ਰੂਪ ਵਿੱਚ ਅਵਤਾਰ ਧਾਰ ਕੇ ਇਸ ਧਰਤੀ 'ਤੇ ਆਉਂਦਾ ਹੈ ਤਾਂ ਉਹ ਸਮਾਜ ਨੂੰ ਧਰਮ ਦੇ



ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ। ਅੱਜ ਵੀ ਸਮਾਜ ਨੂੰ ਧਰਮ ਦੇ ਮਾਰਗ 'ਤੇ ਚੱਲਣ ਲਈ ਪੂਰਨ ਸਤਿਗੁਰੂ ਦੀ ਲੋੜ ਹੈ, ਜੋ ਸਮਾਜ ਨੂੰ ਸਹੀ ਸੇਧ ਦੇ ਕੇ ਧਰਮ ਦੇ ਮਾਰਗ ਬਾਰੇ ਜਾਣਕਾਰੀ ਦੇ ਸਕੇ। ਸਾਧਵੀ ਜੀ ਨੇ ਦੱਸਿਆ ਕਿ ਸਨਾਤਨ ਧਰਮ ਦੇ ਪ੍ਰਚਾਰ ਲਈ ਵੱਖ-ਵੱਖ ਸ਼ਹਿਰਾਂ ਵਿੱਚ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਸਤਿਸੰਗ, ਕਥਾਵਾਂ ਅਤੇ ਕਈ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਸ ਤਹਿਤ 31 ਮਾਰਚ ਤੋਂ 6 ਅਪ੍ਰੈਲ ਤੱਕ ਜਲਾਲਾਬਾਦ ਦੇ ਸ਼੍ਰੀ ਹਰਕਿਸ਼ਨ ਗਾਰਡਨ ਵਿਖੇ ਸੱਤ ਰੋਜ਼ਾ ਸ਼੍ਰੀ ਰਾਮ ਕਥਾ ਦਾ ਆਯੋਜਨ ਕੀਤਾ ਜਾ ਰਿਹਾ ਹੈ ਅਤੇ 30 ਮਾਰਚ ਨੂੰ ਸੰਸਥਾ ਵੱਲੋਂ ਸ਼ਹਿਰ ਦੇ ਬਾਜ਼ਾਰਾਂ ਵਿੱਚ ਕਲਸ਼ ਯਾਤਰਾ ਵੀ ਕੱਢੀ ਜਾਵੇਗੀ। ਉਸਨੇ ਸਮੂਹ ਸੰਗਤ ਨੂੰ ਇਸ ਕਥਾ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

# ਕੀਮਤੀ ਜ਼ਿੰਦਗੀਆਂ ਬਚਾਉਣ ਲਈ ਖ਼ੂਨਦਾਨ ਕਰਨਾ ਚਾਹੀਦਾ-ਨਰੇਸ਼ ਪੰਡਿਤ

**ਕਪੂਰਥਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਖ਼ੂਨਦਾਨ ਮਹਾਦਾਨ ਹੈ।ਇਸ ਗੱਲ ਦੀ ਅਹਮਿਅਤ ਸਮਝਾਉਣ ਅਤੇ ਵੱਧ ਤੋਂ ਵੱਧ ਖ਼ੂਨਦਾਨ ਲਈ ਲੋਕਾਂ ਨੂੰ ਪ੍ਰੇਰਿਤ ਕਰਨ ਦੀ ਬਹੁਤ ਲੋੜ ਹੈ।ਇਸ ਨਾਲ ਕਿਸੇ ਵੀ ਇਨਸਾਨ ਦੀ ਜਾਨ ਬਚ ਸਕਦੀ ਹੈ।ਕਿਸੇ ਦੀ ਜਾਨ ਬਚਾਉਣ ਵਾਲਾ ਸਭ ਤੋਂ ਵੱਡਾ ਦਾਨੀ ਹੁੰਦਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼ੁੱਕਰਵਾਰ ਨੂੰ ਸ਼ਹੀਦ ਊਧਮ ਸਿੰਘ ਸੇਵਾ ਸੁਸਾਇਟੀ ਵੱਲੋਂ ਸ਼ਹਿਰ ਦੇ ਸਿਟੀ ਹਾਲ ਵਿਖੇ ਲਗਾਏ ਗਏ ਦੂਜੇ ਵਿਸ਼ਾਲ ਖ਼ੂਨਦਾਨ ਕੈਂਪ ਵਿੱਚ ਸ਼ਿਰਕਤ ਕਰਦਿਆਂ ਵਿਸ਼ਵ ਹਿੰਦੂ ਪਰਿਸ਼ਦ ਜਲੰਧਰ ਵਿਭਾਗ ਦੇ ਪ੍ਰਧਾਨ ਨਰੇਸ਼ ਪੰਡਿਤ ਅਤੇ ਬਜਰੰਗ ਦਲ ਦੇ ਜ਼ਿਲ੍ਹਾ ਪ੍ਰਧਾਨ ਆਨੰਦ ਯਾਦਵ ਅਤੇ ਸ਼ਹਿਰੀ ਪ੍ਰਧਾਨ ਮੋਹਿਤ ਜੱਸਲ ਨੇ ਕੀਤਾ।ਇਸ ਦੌਰਾਨ ਨਰੇਸ਼ ਪੰਡਿਤ ਨੇ ਸ਼ਹੀਦ ਊਧਮ ਸਿੰਘ ਸੇਵਾ ਸੁਸਾਇਟੀ ਦੇ ਅਵੀ ਰਾਜਪੂਤ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਰ ਸਮਾਜਿਕ,ਧਾਰਮਿਕ ਤੇ ਰਾਜਨੀਤਿਕ ਜਥੇਬੰਦੀ ਨੂੰ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ,ਤਾਂ ਖ਼ੂਨ ਦੀ ਕਮੀ ਨਾਲ ਜਾਣ ਵਾਲਿਆਂ ਜਾਨਾ ਨੂੰ ਬਚਾਇਆ ਜਾ ਸਕੇ।ਇਸ ਮੌਕੇ ਨਰੇਸ਼ ਪੰਡਿਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਨੂੰ ਸਾਰੀਆਂ ਨੂੰ ਪਤਾ ਹੈ ਕਿ ਖ਼ੂਨ ਕਿਸੇ ਫੈਕਟਰੀ ਵਿੱਚ ਨਹੀਂ ਬਣਦਾ,ਸਗੋਂ ਹਰ ਬੰਦੇ ਨੂੰ ਰੱਬ ਵੱਲੋਂ ਇਹ ਨੇਮਤ ਮਿਲੀ ਹੋਈ ਹੈ ਕਿ ਸਾਡੇ ਸਰੀਰ ਵਿੱਚ ਰੱਬ ਵੱਲੋਂ ਇੱਕ ਅਨੋਖਾ ਪੁਰਜਾ ਲੱਗਾ ਹੈ ਜਿਸ ਨਾਲ ਖ਼ੂਨ ਸਾਡੇ ਸਰੀਰ ਵਿੱਚ ਹੀ ਤਿਆਰ ਹੁੰਦਾ ਹੈ,ਇਹ ਵੀ ਰੱਬ ਵੱਲੋਂ ਬਖਸ਼ੀ ਦਾਤ ਹੈ ਡਾਕਟਰਾ ਦੇ ਕਹਿਣ ਮੁਤਾਬਕ ਕਿ ਇਹ ਕੁੱਝ ਸਮੇਂ ਵਿੱਚ ਹੀ ਪੂਰਾ ਹੋ ਜਾਂਦਾ ਹੈ।ਖ਼ੂਨਦਾਨ ਕਰਨ ਨਾਲ ਕਈ ਬਿਮਾਰੀਆਂ ਤੋ ਵੀ ਛੁਟਕਾਰਾ ਮਿਲਦਾ ਹੈ,ਸੋ ਰੱਬ ਦੀ ਬਕਸ਼ੀ ਹੋਈ ਇਸ ਦਾਤ ਨੂੰ ਲੋੜਵੰਦਾਂ ਲਈ ਇਹ ਦਾਨ ਰਲ ਮਿਲ ਕੇ ਕਰੀਏ ਤੇ ਆਪਣਾ ਜੀਵਨ ਸਫਲਾ ਬਣਾਈਏ।ਤੁਹਾਡਾ ਕੀਤਾ ਖ਼ੂਨਦਾਨ ਕਿਸੇ ਦੀ ਜ਼ਿੰਦਗੀ ਬਚਾ ਸਕਦਾ ਹੈ।

ਇਸ ਮੌਕੇ ਬਜਰੰਗ ਦਲ ਦੇ ਜ਼ਿਲ੍ਹਾ ਪ੍ਰਧਾਨ ਆਨੰਦ ਯਾਦਵ ਨੇ ਕਿਹਾ ਕਿ ਖ਼ੂਨਦਾਨ-ਮਹਾਦਾਨ ਹੈ ਇਸ ਤੋਂ ਵੱਧ ਕੋਈ ਦਾਨ ਨਹੀਂ ਹੋ ਸਕਦਾ ਅਤੇ ਇਸ ਵਰਗੀ ਕੋਈ ਸੇਵਾ ਨਹੀਂ ਹੋ ਸਕਦੀ,ਇੱਕ ਵਿਅਕਤੀ ਵਲੋਂ ਕੀਤਾ ਗਿਆ ਖ਼ੂਨਦਾਨ ਕਿੰਨੇ ਹੀ ਵਿਅਕਤੀਆਂ ਦੀਆਂ ਜ਼ਿੰਦਗੀਆਂ ਬਚਾ ਸਕਦਾ ਹੈ।ਅੱਜ ਸਾਨੂੰ ਸਭ ਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀਂ ਵੱਧ ਤੋਂ ਵੱਧ ਖ਼ੂਨਦਾਨ ਕਰੀਏ ਤਾਂ ਜੋ ਹੋਰ ਜ਼ਿੰਦਗੀਆਂ ਬਚਾ ਸਕੀਏ।ਬਜਰੰਗ ਦਲ ਦੇ ਜ਼ਿਲ੍ਹਾ ਉਪ ਪ੍ਰਧਾਨ ਮੁਨੀਸ਼ ਕੁਮਾਰ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਵੱਧ ਤੋਂ ਵੱਧ ਖੁਨ ਦਾਨ ਕਰਨਾ ਚਾਹੀਦਾ ਜਿਸ ਨਾਲ ਵੱਖ ਵੱਖ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।ਕਈ ਸੰਸਥਾਵਾਂ ਖ਼ੂਨਦਾਨ ਕੈਂਪਾਂ ਦਾ ਆਯੋਜਨ ਕਰਕੇ ਮਨੁੱਖਤਾ ਦੀ ਸੇਵਾ ਕਰਨ ਲਈ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ।ਇਸ ਲਈ ਹਰੇਕ ਤੰਦਰੁਸਤ ਵਿਅਕਤੀ ਨੂੰ ਖ਼ੂਨਦਾਨ ਕਰਦੇ ਰਹਿਣਾ ਚਾਹੀਦਾ ਹੈ।ਇਸ ਮੌਕੇ ਤੇ ਬਜਰੰਗ ਦਲ ਦੇ ਜ਼ਿਲ੍ਹਾ ਪ੍ਰਧਾਨ ਆਨੰਦ ਯਾਦਵ,ਸ਼ਹਿਰੀ ਪ੍ਰਧਾਨ ਮੋਹਿਤ ਜੱਸਲ,ਜ਼ਿਲ੍ਹਾ ਮੀਤ ਪ੍ਰਧਾਨ ਮਨੀਸ਼ ਬਜਰੰਗੀ ਆਦਿ ਹਾਜਰ ਸਨ।

# ਤਿਆਗ ਦੀ ਮੂਰਤ ਹੁੰਦੀ ਹੈ ਮਾਂ

ਸੁਮੀਤ ਸਿੰਘ

ਸ਼ਬਦ ਮਾਂ ਵਿੱਚੋਂ ਸਭ ਤੋਂ ਵੱਧ ਅਪਣੱਤ, ਪਿਆਰ, ਸੁਰੱਖਿਆ ਅਤੇ ਜ਼ਿੰਮੇਵਾਰੀ ਦੀ ਭਾਵਨਾ ਨਜ਼ਰ ਆਉਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਹਰ ਮਨੁੱਖ ਦੀ ਜੰਮਣਹਾਰ ਅਤੇ ਪਾਲਣਹਾਰ ਮੁੱਖ ਤੌਰ 'ਤੇ ਉਸ ਦੀ ਮਾਂ ਹੀ ਹੁੰਦੀ ਹੈ। ਬੇਸ਼ਕ ਇਸ ਵਿਚ ਪਿਤਾ ਦਾ ਵੀ ਅਹਿਮ ਯੋਗਦਾਨ ਹੁੰਦਾ ਹੈ ਪਰ ਮਾਂ ਆਪਣੀ ਔਲਾਦ ਲਈ ਜਿੰਨੇ ਕਸ਼ਟ ਝਲਦੀ ਹੈ, ਉਸ ਦਾ ਕਰਜ਼ ਸਾਰੀ ਉਮਰ ਨਹੀਂ ਚੁਕਾਇਆ ਜਾ ਸਕਦਾ। ਮਾਂ ਦੇ ਰਿਸ਼ਤੇ ਦਾ ਦੁਨੀਆ ਵਿਚ ਕੋਈ ਬਦਲ ਨਹੀਂ ਹੈ। ਇਕ ਜ਼ਿੰਮੇਵਾਰ ਮਾਂ ਸਾਰੀ ਉਮਰ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਅਤੇ ਦੁੱਖਾਂ ਦਾ ਸਾਹਮਣਾ ਕਰਦੀ ਹੋਈ ਆਪਣੀ ਔਲਾਦ ਅਤੇ ਬਾਕੀ ਪਰਿਵਾਰ ਨੂੰ ਖ਼ੁਸ਼ਹਾਲ ਅਤੇ ਸਿਹਤਮੰਦ ਰੱਖਦੀ ਹੈ ਅਤੇ ਉਨ੍ਹਾਂ ਦੇ ਦੁੱਖ ਦੂਰ ਕਰਨ ਲਈ ਆਪਾ ਵਾਰ ਦਿੰਦੀ ਹੈ। ਅਜਿਹੇ ਬੇਮਿਸਾਲ ਤਿਆਗ ਦੀ ਭਾਵਨਾ ਹੋਰ ਕਿਸੇ ਵੀ ਰਿਸ਼ਤੇ ਵਿਚ ਨਹੀਂ ਮਿਲਦੀ।

## ਮਾਂ ਬਣਨ ਦੀ ਖ਼ੁਸ਼ੀ

ਨੌਂ ਮਹੀਨੇ ਕੁੱਖ ਵਿਚ ਰੱਖਣ ਤੋਂ ਬਾਅਦ ਔਰਤ ਬੱਚੇ ਨੂੰ ਜਨਮ ਦੇਣ ਵਿਚ ਭਾਵੇਂ ਬਹੁਤ ਪੀੜਾਂ ਸਹਿੰਦੀ ਹੈ ਪਰ ਮਾਂ ਬਣਨ ਦੇ ਅਹਿਸਾਸ ਦੀ ਖ਼ੁਸ਼ੀ ਉਸ ਨੂੰ ਸਭ ਤਰ੍ਹਾਂ ਦੇ ਕਸ਼ਟ ਅਤੇ ਦੁੱਖ ਭੁਲਾ ਦਿੰਦੀ ਹੈ। ਮਾਂ ਦੀ ਕੁਰਬਾਨੀ ਦੇ ਜਜ਼ਬੇ ਕਰਕੇ ਹੀ ਸੰਸਾਰ ਵਿਚ ਮਾਂ ਦੇ ਰਿਸ਼ਤੇ ਨੂੰ ਸਭ ਤੋਂ ਉੱਚਾ ਦਰਜਾ ਦਿੱਤਾ ਗਿਆ ਹੈ। ਹਿੰਦੀ ਫਿਲਮ 'ਦੀਵਾਰ' ਵਿਚ ਦੋਵੇਂ ਭਰਾਵਾਂ ਅਮਿਤਾਭ ਬੱਚਨ ਅਤੇ ਸ਼ਸ਼ੀ ਕਪੂਰ ਦਰਮਿਆਨ ਹੁੰਦੇ ਡਾਇਲਾਗ ਮੌਕੇ ਜਦੋਂ ਅਮਿਤਾਭ ਬੱਚਨ ਕਹਿੰਦਾ ਹੈ ਕਿ ਉਸ ਕੋਲ ਬੰਗਲਾ, ਗਾੜੀ, ਬੈਂਕ ਬੈਲੇਂਸ, ਨੌਕਰ ਚਾਕਰ ਅਤੇ ਸਟੇਟਸ ਹੈ ਤੇਰੇ ਪਾਸ ਕਿਆ ਹੈ? ਤਾਂ ਸ਼ਸ਼ੀ ਕਪੂਰ ਅੱਗੋਂ ਇਹ ਜਵਾਬ ਦਿੰਦਾ ਹੈ ਕਿ ਮੇਰੇ ਪਾਸ ਮਾਂ ਹੈ। ਅਜਿਹਾ ਜਵਾਬ ਸੁਣਦੇ ਹੀ ਅਮਿਤਾਭ ਬੱਚਨ ਦੇ ਚਿਹਰੇ ਉੱਤੇ ਮਾਯੂਸੀ ਛਾ ਜਾਂਦੀ ਹੈ। ਉਸ ਨੂੰ ਉਸ ਮੌਕੇ ਮਾਂ ਦੀ ਕਮੀ ਦਾ ਅਹਿਸਾਸ ਹੁੰਦਾ ਹੈ। ਕਹਿਣ ਦਾ ਮਤਲਬ ਇਹ ਹੈ ਕਿ ਮਾਂ ਦੇ ਰਿਸ਼ਤੇ ਦਾ ਮੁਕਾਬਲਾ ਕਿਸੇ ਵੀ ਹੋਰ ਦੁਨਿਆਵੀ ਰਿਸ਼ਤੇ ਜਾਂ ਵਸਤੂ ਨਾਲ ਨਹੀਂ ਕੀਤਾ ਜਾ ਸਕਦਾ ਭਾਵੇਂ ਉਹ ਕਿੰਨੀ ਵੀ ਕੀਮਤੀ ਕਿਉਂ ਨਾ ਹੋਵੇ?

## ਬੱਚੇ ਨੂੰ ਸੁੱਕਿਆਂ ਰੱਖਣਾ

ਸਾਰੀ-ਸਾਰੀ ਰਾਤ ਜਾਗ ਕੇ ਕੱਟਣ ਵਾਲੀ ਮਾਂ ਖ਼ੁਦ ਗਿੱਲੇ ਬਿਸਤਰੇ 'ਤੇ ਸੌਂਦੀ ਹੈ ਪਰ ਬੱਚੇ ਨੂੰ ਸੁੱਕਿਆਂ ਰੱਖਦੀ ਹੈ। ਜੇਕਰ ਬੱਚਾ ਬਿਮਾਰ ਹੋ ਜਾਵੇ ਤਾਂ ਮਾਂ ਦੀਆਂ ਅੱਖਾਂ ਵਿੱਚੋਂ ਨੀਂਦ ਉਡ ਜਾਂਦੀ ਹੈ, ਭੁੱਖ ਮਰ ਜਾਂਦੀ ਹੈ ਅਤੇ ਚਿਹਰੇ ਉੱਤੇ ਉਦਾਸੀ ਛਾ ਜਾਂਦੀ ਹੈ। ਜਿੰਨਾ ਪਿਆਰ, ਮੋਹ ਅਤੇ ਕੁਰਬਾਨੀ ਮਾਂ ਆਪਣੇ ਬੱਚਿਆਂ ਲਈ ਕਰਦੀ ਹੈ, ਓਨੀ ਹੋਰ ਕਿਸੇ ਵੀ ਦੁਨਿਆਵੀਂ ਰਿਸ਼ਤੇ ਵਿਚ ਨਜ਼ਰ ਨਹੀਂ ਆਉਂਦੀ। ਸਭ ਤੋਂ ਅਹਿਮ ਤੱਥ ਇਹ ਹੈ ਕਿ ਮਾਂ ਇਹ ਸਭ ਕੁਝ ਬਿਨਾਂ ਕਿਸੇ ਸਵਾਰਥ ਦੇ ਹੀ ਕਰਦੀ ਹੈ। ਜਦੋਂ ਤਕ ਮਾਂ ਬਾਪ ਜਿਊਂਦੇ ਹੋਣ, ਮਨੁੱਖ ਨੂੰ ਉਸ ਦੀ ਉਮਰ ਵਧਣ ਜਾਂ ਬਜ਼ੁਰਗ ਹੋਣ ਦਾ ਅਹਿਸਾਸ ਹੀ ਨਹੀਂ ਹੁੰਦਾ ਉਹ ਸਮਾਜ ਵਿਚ ਬੱਚਿਆਂ ਵਾਂਗ ਹੀ ਵਿਚਰਦਾ ਹੈ ਅਤੇ ਉਸ ਨੂੰ ਆਪਣੇ ਸਿਰ ਉੱਤੇ ਮਾਂ ਬਾਪ ਦੀ ਇਕ ਸੰਘਣੀ ਅਤੇ ਠੰਡੀ ਛਾਂ ਦਾ ਅਹਿਸਾਸ ਰਹਿੰਦਾ ਹੈ। ਕਿਸੇ ਮਨੁੱਖ ਨੂੰ ਮਾਂ ਬਾਪ ਦੀ ਕਮੀ ਦਾ ਅਹਿਸਾਸ ਉਦੋਂ ਹੀ ਹੁੰਦਾ ਹੈ ਜਦੋਂ ਉਹ ਉਸ ਕੋਲ ਨਹੀਂ ਰਹਿ ਰਹੇ ਹੁੰਦੇ ਜਾਂ ਸਦੀਵੀ ਵਿਛੋੜਾ ਦੇ ਜਾਂਦੇ ਹਨ। ਭਾਵੇਂਕਿ ਪਰਿਵਾਰ ਦੀਆਂ ਮੁੱਖ ਜ਼ਿੰਮੇਵਾਰੀਆਂ ਸੰਭਾਲਣ ਵਿਚ ਪਿਤਾ ਦਾ ਅਹਿਮ ਯੋਗਦਾਨ ਹੁੰਦਾ ਹੈ ਪਰ ਘਰ ਨੂੰ ਸਹੀ ਅਤੇ ਸੱਭਿਅਕ ਢੰਗ ਨਾਲ ਚਲਾਉਣ ਲਈ ਇਕ ਸੁਹਿਰਦ ਮਾਂ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ।



### ਗੁਨਾਹਾਂ ਉੱਤੇ ਪਰਦਾ

ਅਸੀਂ ਆਪਣੇ ਗੁਨਾਹਾਂ ਉੱਤੇ ਪਰਦਾ ਪਾਉਣ ਲਈ ਪੱਛਮੀ ਸੱਭਿਆਚਾਰ ਨੂੰ ਕੋਸਦੇ ਨਹੀਂ ਥੱਕਦੇ ਪਰ ਸਾਡੇ ਆਪਣੇ ਦੇਸ਼ ਅਤੇ ਸਮਾਜ ਵਿਚ ਔਲਾਦ ਆਪਣੇ ਮਾਪਿਆਂ ਪ੍ਰਤੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਅ ਰਹੀ। ਇਸੇ ਕਰਕੇ ਕਈ ਬਜ਼ੁਰਗ ਮਾਂ ਬਾਪ ਨੂੰ ਆਪਣਾ ਬੁਢਾਪਾ ਅਤੇ ਆਖ਼ਰੀ ਵਕਤ ਬਿਰਧ ਆਸ਼ਰਮਾਂ ਵਿਚ ਗੁਜ਼ਾਰਨ ਉੱਤੇ ਮਜਬੂਰ ਹੋਣਾ ਪੈਂਦਾ ਹੈ ਅਤੇ ਕਈ ਧੀ ਪੁੱਤ ਤਾਂ ਜਾਇਦਾਦ ਹਥਿਆਉਣ ਖ਼ਾਤਰ ਮਾਂ ਬਾਪ ਨੂੰ ਕਤਲ ਕਰਨ ਤਕ ਵੀ ਜਾਂਦੇ ਹਨ।

## ਸੁਹਿਰਦ ਅਤੇ ਜ਼ਿੰਮੇਵਾਰ ਮਾਂ

ਵੈਸੇ ਤਾਂ ਹਰ ਵਿਅਕਤੀ ਲਈ ਉਸ ਦੀ ਮਾਂ ਸਤਿਕਾਰਯੋਗ ਤੇ ਚੰਗੀ ਹੁੰਦੀ ਹੈ ਅਤੇ ਹੋਣੀ ਵੀ ਚਾਹੀਦੀ ਹੈ ਪਰ ਮੈਨੂੰ ਇੰਜ ਮਹਿਸੂਸ ਹੁੰਦਾ ਹੈ ਕਿ ਮੇਰੀ ਮਾਂ ਦੁਨੀਆ ਦੀਆਂ ਸਾਰੀਆਂ ਮਾਵਾਂ ਤੋਂ ਸਭ ਤੋਂ ਵੱਧ ਚੰਗੀ, ਪਿਆਰੀ, ਸੁਹਿਰਦ ਅਤੇ ਜ਼ਿੰਮੇਵਾਰ ਮਾਂ ਹੈ। ਮੇਰੇ ਪਿਤਾ ਜੀ 23 ਦਸੰਬਰ 1984 ਨੂੰ ਹੋਈ ਅਚਨਚੇਤੀ ਮੌਤ ਦੇ ਬਾਅਦ ਮਾਤਾ ਨੇ ਸਮੁੱਚੇ ਪਰਿਵਾਰ ਨੂੰ ਕਦੇ ਵੀ ਪਿਤਾ ਸਰਦਾਰ ਜੋਗਿੰਦਰ ਸਿੰਘ ਦੀ ਕਮੀ ਮਹਿਸੂਸ ਨਹੀਂ ਹੋਣ ਦਿੱਤੀ। ਚਾਰ ਭਰਾਵਾਂ ਵਿੱਚੋਂ ਸਭ ਤੋਂ ਛੋਟਾ ਹੋਣ ਕਰਕੇ ਅਤੇ ਮੇਰੇ ਨਾਲ ਰਹਿਣ ਕਰਕੇ ਮਾਤਾ ਨੇ ਮੈਨੂੰ ਬੇਤਹਾਸ਼ਾ ਪਿਆਰ ਅਤੇ ਮੋਹ ਕੀਤਾ ਹੈ। ਮੇਰੀ ਜ਼ਿੰਦਗੀ ਵਿਚ ਆਏ ਕਈ ਤਰ੍ਹਾਂ ਦੇ ਦੁੱਖ ਸੁੱਖ ਅਤੇ ਉਤਰਾਅ ਚੜ੍ਹਾਅ ਦੌਰਾਨ ਉਨ੍ਹਾਂ ਨੇ ਮੈਨੂੰ ਹੌਸਲਾ ਦੇਣ ਦੇ ਨਾਲ ਨਾਲ ਡਟ ਕੇ ਮੇਰਾ ਸਾਥ ਵੀ ਦਿੱਤਾ। ਮਾਂ ਦੇ ਦੱਸਣ ਅਨੁਸਾਰ ਮੈਂ ਉਦੋਂ ਸਵਾ ਮਹੀਨੇ ਦਾ ਸੀ ਜਦੋਂ ਉਹ ਮੈਨੂੰ ਗੰਭੀਰ ਅਵਸਥਾ ਵਿਚ ਲੈ ਕੇ ਅੰਮ੍ਰਿਤਸਰ ਦੇ ਬੱਚਿਆਂ ਦੇ ਸਰਕਾਰੀ ਹਸਪਤਾਲ ਵਿਚ ਪੂਰਾ ਇਕ ਮਹੀਨਾ ਦਾਖ਼ਲ ਕਰ ਕੇ ਮੇਰਾ ਇਲਾਜ ਕਰਾਉਂਦੇ ਰਹੇ। ਇਸ ਲਈ ਜੇ ਅੱਜ ਮੇਰੀ ਹੋਂਦ ਹੈ ਤਾਂ ਉਹ ਮੇਰੀ ਮਾਤਾ ਦੀ ਕੁਰਬਾਨੀ ਸਦਕਾ ਹੀ ਹੈ ਵਰਨਾ ਕੁਪੋਸ਼ਣ ਅਤੇ ਬਿਮਾਰੀ ਦੇ ਸ਼ਿਕਾਰ ਲੱਖਾਂ ਬੱਚਿਆਂ ਵਾਂਗ ਮੈਂ ਵੀ ਖ਼ਤਮ ਹੋ ਗਿਆ ਹੁੰਦਾ।

## ਹੋਸ਼ ਸੰਭਾਲਣ ਤੋਂ ਬਾਅਦ

ਮੈਂ ਆਪਣੀ ਹੋਸ਼ ਸੰਭਾਲਣ ਤੋਂ ਬਾਅਦ ਆਪਣੇ ਮਾਤਾ ਨੂੰ ਹਮੇਸ਼ਾਂ ਘਰ ਦਾ ਕੋਈ ਨਾ ਕੋਈ ਕੰਮ ਕਰਦਿਆਂ ਹੀ ਵੇਖਿਆ ਹੈ। ਇਕਹਿਰੇ ਸਰੀਰ ਦੇ ਮਾਲਕ ਹੋਣ ਦੇ ਬਾਵਜੂਦ ਉਹ ਕਦੇ ਵੀ ਵਿਹਲੇ ਨਹੀਂ ਬੈਠਦੇ ਭਾਵੇਂ ਕਿ ਨੂੰਹਾਂ ਪੂਰੀ ਜ਼ਿੰਮੇਵਾਰੀ ਨਾਲ ਘਰ ਸੰਭਾਲਦੀਆਂ ਹਨ। ਉਹ ਕਈ ਦਹਾਕਿਆਂ ਤੋਂ ਬਲੱਡ ਪ੍ਰੈਸ਼ਰ, ਸ਼ੂਗਰ, ਅਲਰਜੀ, ਦਿਲ ਦੇ ਰੋਗ ਅਤੇ ਜੋੜਾਂ ਦੇ ਦਰਦ ਦੀਆਂ ਬਿਮਾਰੀਆਂ ਤੋਂ ਪੀੜਤ ਹੋਣ ਦੇ ਬਾਵਜੂਦ 86 ਸਾਲ ਦੀ ਉਮਰ ਵਿਚ ਵੀ ਸੋਟੀ ਦੇ ਆਸਰੇ ਚਲਦੇ ਹੋਏ ਦਵਾਈਆਂ ਖਾ ਕੇ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਆ ਰਹੇ ਹਨ। ਮੈਨੂੰ ਉਨ੍ਹਾਂ ਦਾ ਇਸ ਉਮਰੇ ਲਗਾਤਾਰ ਕੰਮ ਕਰਨਾ ਠੀਕ ਨਹੀਂ ਲੱਗਦਾ। ਸਿਰਫ਼ ਇਸ ਮੁੱਦੇ ਉੱਤੇ ਹੀ ਉਨ੍ਹਾਂ ਨਾਲ ਅਕਸਰ ਮੇਰੀ ਕਹਾ ਸੁਣੀ ਹੋ ਜਾਂਦੀ ਹੈ ਪਰ ਉਹ ਇਹ ਬਹਾਨਾ ਬਣਾ ਕਿ ਛੋਟਾ ਮੋਟਾ ਕੰਮ ਕਰਨ ਨਾਲ ਉਨ੍ਹਾਂ ਦੇ ਹੱਥ ਪੈਰ ਚਲਦੇ ਰਹਿੰਦੇ ਹਨ, ਮੇਰੀ ਗੱਲ ਨੂੰ ਅਣਸੁਣੀ ਕਰ ਦਿੰਦੇ ਹਨ। ਉਨ੍ਹਾਂ ਨੇ ਆਪਣੀ ਸੱਸ ਯਾਨਿ ਕਿ ਸਾਡੀ ਦਾਦੀ ਦੀ ਅੰਤਿਮ ਸਾਹਾਂ ਤਕ ਪੂਰੇ ਜੀਅ ਜਾਨ ਨਾਲ ਸੇਵਾ ਕੀਤੀ ਹੈ ਪਰ ਉਹ ਖ਼ੁਦ ਆਪਣੀ ਸੇਵਾ ਕਿਸੇ ਤੋਂ ਵੀ ਨਹੀਂ ਕਰਵਾਉਣਾ ਚਾਹੁੰਦੇ। ਉਹ ਬਹੁਤ ਹੱਠੀ ਸੁਭਾਅ ਦੇ ਮਾਲਕ ਹਨ। ਗਰਮੀਆਂ ਹੋਣ ਜਾਂ ਸਰਦੀਆਂ, ਸਵੇਰੇ ਅੱਠ ਵਜੇ ਉੱਠ ਪੈਂਦੇ ਹਨ ਅਤੇ ਰਾਤ ਨੂੰ ਗਿਆਰਾਂ ਵਜੇ ਬਿਸਤਰ ਉੱਤੇ ਪੈਂਦੇ ਹਨ। ਸੌਣ ਤੋਂ ਪਹਿਲਾਂ ਗਰਮ ਪਾਣੀ ਨਾਲ ਪੈਰ ਧੋਂਦੇ, ਹੱਡੀਆਂ ਦੇ ਦਰਦ ਦੀ ਦਵਾ ਮਲਦੇ ਅਤੇ ਲੱਤਾਂ ਉੱਤੇ ਗਰਮ ਪੱਟੀ ਬੰਨ ਕੇ ਸੌਂਦੇ ਹਨ। ਇਸ ਦੇ ਬਾਵਜੂਦ ਅੱਧੀ ਰਾਤ ਨੂੰ ਉੱਠ ਕੇ ਬੱਚਿਆਂ ਦੇ ਸਰੀਰ ਕੱਪੜਿਆਂ ਨਾਲ ਢੱਕ ਜਾਂਦੇ ਹਨ ਤਾਂ ਕਿ ਉਨ੍ਹਾਂ ਨੂੰ ਕੋਈ ਤੱਤੀ ਜਾਂ ਠੰਡੀ ਹਵਾ ਨਾ ਲਗ ਜਾਵੇ। ਉਨ੍ਹਾਂ ਨੇ ਜਿਥੇ 1947 ਵਿਚ ਹਿੰਦੋਸਤਾਨ ਦੀ ਖ਼ੂਨੀ ਵੰਡ ਵੇਲੇ ਹੋਏ ਆਪਣੇ ਪਿਤਾ ਅਤੇ ਸਹੁਰੇ ਦੇ ਕਤਲਾਂ ਦਾ ਦੁੱਖ ਹੰਢਾਇਆ, ਉੱਥੇ ਹੀ ਧਰਮ ਦੇ ਨਾਂ ਹੇਠ ਹੋਈ ਫਿਰਕੂ ਕਤਲੋਗਾਰਤ ਦੇ ਅੱਖੀਂ ਵੇਖੇ ਖ਼ੌਫ਼ਨਾਕ ਦ੍ਰਿਸ਼ਾਂ ਨੂੰ ਯਾਦ ਕਰ ਕੇ ਉਨ੍ਹਾਂ ਦਾ ਮਨ ਅੱਜ ਵੀ ਭਰ ਆਉਂਦਾ ਹੈ। ਬਿਮਾਰੀ ਅਤੇ ਬੁਢਾਪੇ ਦੇ ਬਾਵਜੂਦ ਉਨ੍ਹਾਂ ਦੀ ਇੱਛਾ ਸ਼ਕਤੀ ਪੂਰੀ ਤਰ੍ਹਾਂ ਮਜ਼ਬੂਤ ਹੈ। ਇਸ ਦਾ ਸਬੂਤ ਇਹ ਹੈ ਕਿ ਪਿਛਲੇ 37 ਸਾਲਾਂ ਤੋਂ ਪੰਜਾਬੀ ਅਖ਼ਬਾਰ ਤੋਂ ਇਲਾਵਾ ਘਰ ਵਿਚ ਆਉਂਦੇ ਹੋਰ ਵੱਖ-ਵੱਖ ਵਿਗਿਆਨਕ ਰਸਾਲਿਆਂ ਨੂੰ ਉਹ ਪੂਰੀ ਦਿਲਚਸਪੀ ਨਾਲ ਪੜ੍ਹਦੇ ਹਨ ਅਤੇ ਮੌਜੂਦਾ ਸਮਿਆਂ ਵਿਚ ਵਾਪਰ ਰਹੇ ਗ਼ੈਰ ਮਨੁੱਖੀ ਅਤੇ ਅਨੈਤਿਕ ਵਰਤਾਰਿਆਂ ਸਬੰਧੀ ਉਹ ਅਕਸਰ ਵਿਚਾਰ ਵਟਾਂਦਰਾ ਵੀ ਕਰਦੇ ਹਨ। ਵਧੀਆ ਪ੍ਰਾਹੁਣਾਚਾਰੀ ਕਰਨੀ ਅਤੇ ਪੁਰਾਣੇ ਰਿਸ਼ਤੇਦਾਰਾਂ, ਜਾਣਕਾਰਾਂ ਨਾਲ ਮੇਲ ਮਿਲਾਪ ਰੱਖਣਾ ਉਨ੍ਹਾਂ ਦੇ ਸੁਭਾਅ ਦਾ ਇਕ ਅਨਿੱਖੜਵਾਂ ਅੰਗ ਹੈ।

## ਠੰਢੀ ਅਤੇ ਸੰਘਣੀ ਛਾਂ

ਮੈਨੂੰ ਇਸ ਗੱਲ ਦੀ ਬੇਹੱਦ ਖ਼ੁਸ਼ੀ, ਸੰਤੁਸ਼ਟੀ ਅਤੇ ਫ਼ਖ਼ਰ ਵੀ ਹੈ ਕਿ ਮੇਰੇ ਮਾਤਾ ਜੀ ਦਾ ਪਿਆਰ ਅਤੇ ਸਾਇਆ ਮੇਰੇ ਸਿਰ ਉੱਤੇ ਮੌਜੂਦ ਹੈ ਅਤੇ ਮੇਰੀ ਇਹ ਦਿਲੀ ਖਾਹਿਸ਼ ਹੈ ਕਿ ਮਾਂ ਵਰਗਾ ਘਣਛਾਵਾਂ ਬੂਟਾ ਹਰੇਕ ਦੇ ਵਿਹੜੇ ਵਿਚ ਇੰਜ ਹੀ ਫਲਦਾ ਫੁਲਦਾ ਰਹੇ ਅਤੇ ਅਸੀਂ ਇਸ ਦੀ ਠੰਢੀ ਅਤੇ ਸੰਘਣੀ ਛਾਂ ਦਾ ਨਿੱਘ ਅਤੇ ਮੋਹ ਲੰਬੇ ਸਮੇਂ ਤਕ ਮਾਣਦੇ ਰਹੀਏ। ਇਸ ਲਈ ਸਾਡਾ ਨੈਤਿਕ ਫ਼ਰਜ਼ ਹੈ ਕਿ ਕਿਸੇ ਧਾਰਮਿਕ ਸਥਾਨ ਜਾਂ ਡੇਰੇ ਉੱਤੇ ਜਾ ਕੇ ਨੱਕ ਮੱਥੇ ਰਗੜਣ ਅਤੇ ਬੇਲੋੜੀ ਸੇਵਾ ਕਰਨ ਦੀ ਬਜਾਏ ਆਪਣੇ ਮਾਂ ਬਾਪ, ਬਜ਼ੁਰਗਾਂ, ਬਿਮਾਰਾਂ ਅਤੇ ਲੋੜਵੰਦਾਂ ਦੀ ਸੇਵਾ ਅਤੇ ਮਦਦ ਕਰੀਏ ਅਤੇ ਸਮਾਜ ਵਿੱਚੋਂ ਭਰੂਣ ਹੱਤਿਆ, ਜਬਰ-ਜਨਾਹ, ਤਸ਼ੱਦਦ ਖ਼ਤਮ ਕਰਨ ਲਈ ਸਰਕਾਰੀ ਅਤੇ ਗ਼ੈਰ ਸਰਕਾਰੀ ਪੱਧਰ 'ਤੇ ਲੜਕੀਆਂ ਮਾਵਾਂ ਅਤੇ ਸਮੂਹ ਔਰਤ ਵਰਗ ਦੀ ਸੁਰੱਖਿਆ ਅਤੇ ਸਨਮਾਨ ਨੂੰ ਯਕੀਨੀ ਬਣਾਉਣ ਦੇ ਠੋਸ ਉਪਰਾਲੇ ਕਰੀਏ। •

9779230173

---

ਯਾਦਾਂ ਦੀ ਪਟਾਰੀ



# ਮਾਨਵੀ ਵਿਤਕਰੇ ਦਾ ਸ਼ਿਕਾਰ ਪਾਤਰ

ਬੇਸ਼ੱਕ ਅਜੋਕੇ ਸਮੇਂ ਕੁੜੀਆਂ ਨੇ ਹਰ ਖੇਤਰ ਵਿਚ ਕਾਮਯਾਬੀ ਦੇ ਸਿਰਕੱਢ ਕੀਰਤੀਮਾਨ ਸਥਾਪਤ ਕੀਤੇ ਹਨ ਪਰ ਅਜਿਹਾ ਹੋਣ ਦੇ ਬਾਵਜੂਦ ਵੀ ਸਾਡਾ ਸਮਾਜ ਧੀਆਂ ਨੂੰ ਪੁੱਤਰਾ ਦੇ ਬਰਾਬਰ ਦਾ ਦਰਜਾ ਦੇਣ ਵਿਚ ਬਹੁਤਾ ਸਫ਼ਲ ਨਹੀਂ ਹੋ ਸਕਿਆ। ਮੈਂ ਇਕ ਅਧਿਆਪਕ ਹਾਂ ਅਤੇ ਅਧਿਆਪਕ ਦਾ ਕਾਰਜ ਸਮਾਜ ਵਿਚ ਫੈਲੀਆਂ ਸਮਾਜਿਕ ਕੁਰੀਤੀਆਂ ਦੇ ਹਨੇਰੇ ਨੂੰ ਦੂਰ ਕਰ ਚਾਨਣ ਕਰਨਾ ਹੁੰਦਾ ਹੈ। ਪਰੰਤੂ ਮੈਂ ਖ਼ੁਦ ਕਦੀ-ਕਦੀ ਇਹ ਸੋਚਣ ਤੇ ਮਜਬੂਰ ਹੋ ਜਾਂਦਾ ਹਾਂ ਕਿ ਸਾਡਾ ਸਮਾਜ ਕਦੇ ਇੰਨਾ ਤੰਗ-ਦਿਲੀ ਵਾਲੀਆ ਸੌੜੀਆਂ ਸੋਚਾਂ ਵਿੱਚੋਂ ਬਾਹਰ ਨਿਕਲ ਵੀ ਸਕੇਗਾ ਕੀ ਨਹੀਂ ? ਇਹੋ ਜਿਹੀ ਨਿਘਾਰ ਵਾਲੀ ਸੋਚ ਨਾਲ ਮੇਰਾ ਨੇੜਿਉਂ ਵਾਹ ਆਪਣੀ ਛੋਟੀ ਧੀ ਜਪੁਜੀ ਕੌਰ ਦੇ ਜਨਮ ਸਮੇਂ ਪਿਆ। ਹੋਇਆਂ ਇੰਝ ਕਿ ਮੇਰੇ ਘਰ 9 ਸਤੰਬਰ 2014 ਨੂੰ ਮੇਰੀ ਵੱਡੀ ਲੜਕੀ ਸਹਿਜਪ੍ਰੀਤ ਕੌਰ ਦਾ ਜਨਮ ਹੋਇਆ ਅਤੇ ਇਸ ਸੁਭਾਗੇ ਮੌਕੇ ਮੈਂ ਅਤੇ ਮੇਰੇ ਪਰਿਵਾਰ ਨੇ ਇਸ ਅਹਿਮ ਖ਼ੁਸ਼ੀ ਵਾਲੇ ਪਲ ਦਾ ਬਾਖ਼ੂਬੀ ਅਨੰਦ ਉਠਾਇਆ, ਬੱਸ ਇੱਥੇ ਹੀ ਇਸ ਸੌੜੀ ਸੋਚ ਨੇ ਸਾਡੇ ਘਰ ਦਸਤਕ ਦਿੱਤੀ, ਜਦੋਂ ਕਈ ਵਧਾਈ ਦੇਣ ਆਏ ਸੱਜਣਾਂ-ਮਿੱਤਰਾ ਅਤੇ ਰਿਸ਼ਤੇਦਾਰਾਂ ਨੇ ਵਧਾਈ ਦਿੰਦੇ ਹੋਇਆ ਕਿਹਾ, 'ਫੇਰ ਕੀ ਹੋਇਆ ਜੇ ਅੱਜ ਰੱਬ ਨੇ ਕੁੜੀ ਦਿੱਤੀ ਹੈ, ਉਹ ਅਗਲੀ ਵਾਰ ਮੁੰਡਾ ਵੀ ਦੇਊ।' ਚਲੋ ਉਸ ਸਮੇਂ ਇਸ ਦੱਬੀ ਹੋਈ ਪਿਛਾਂਹ-ਖਿੱਚੂ ਸੋਚ ਵੱਲ ਮੇਰਾ ਕੋਈ ਖ਼ਾਸ ਧਿਆਨ ਨਹੀਂ ਗਿਆ। ਮੁੰਡਾ ਦਾ ਜਨਮ ਲੈਣਾ ਕੋਈ ਮਾੜੀ ਗੱਲ ਨਹੀਂ ਕਿਉਂਕਿ ਮੁੰਡਾ ਜਾਂ ਕੁੜੀ ਦੋਵੇਂ ਉਸ ਰੱਬ ਦੀਆਂ ਦਾਤਾਂ ਹਨ ਅਤੇ ਪਰਮਾਤਮਾ ਦੀ ਨਜ਼ਰ ਵਿਚ ਸਭ ਇਕ ਸਮਾਨ ਹਨ। ਫਿਰ ਪਤਾ ਨਹੀਂ ਕਿਉਂਕਿ ਮੁੰਡੇ ਦੇ ਜਨਮ ਹੋਣਾ ਬੜੇ ਵੱਡੇ ਭਾਗ ਸਮਝੇ ਜਾਂਦੇ ਹਨ ਅਤੇ ਕੁੜੀ ਹੋਣ ਸਮੇਂ ਹਮਦਰਦੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਜਦੋਂ 14 ਮਈ, 2019 ਨੂੰ ਮੇਰੇ ਘਰ ਇਕ ਵਾਰ ਫਿਰ ਉਸ ਅਕਾਲ ਪੁਰਖ ਵਾਹਿਗੁਰੂ ਨੇ 'ਜਪੁਜੀ' ਵਜੋਂ ਮੈਨੂੰ ਧੀ ਦੀ ਦਾਤ ਬਖ਼ਸ਼ੀ ਤਾਂ ਮੇਰੇ ਆਲੇ-ਦੁਆਲੇ ਸਾਕ-ਸਬੰਧੀਆ, ਸਾਰੇ ਨਹੀਂ ਤਾਂ ਬਹੁਤਿਆਂ ਨੇ ਇਹ ਮੈਨੂੰ ਇਹ ਅਹਿਸਾਸ ਦਵਾ ਦਿੱਤੀ ਕਿ ਅੱਜ ਦੇ ਸਮੇਂ ਸਾਡਾ ਸਮਾਜ ਧੀਆਂ ਨੂੰ ਪੁੱਤਰਾ ਨਾਲੋਂ ਉਣਾ ਹੀ ਸਮਝਦਾ ਹੈ। ਉਸ ਦਿਨ ਸਾਰੇ ਵਧਾਈਆ ਤਾਂ ਦੇ ਰਹੇ ਸਨ ਪਰੰਤੂ ਇਕ-ਦੋ ਟਿੱਪਣੀਆਂ ਜਿਹੜੀਆਂ ਮੈਨੂੰ ਵਧਾਈਆਂ ਘੱਟ ਤੇ ਹਮਦਰਦੀ ਭਾਵ ਜ਼ਿਆਦਾ ਪ੍ਰਗਟ ਕਰਦੀਆਂ ਪ੍ਰਤੀਤ ਹੁੰਦੀਆਂ ਸਨ ਜਿਵੇਂ 'ਚਲੋ ਜੀ, ਰੱਬ ਦੀ ਮਰਜ਼ੀ ਆ' ਜਾਂ 'ਕੋਈ ਨ੍ਹੀਂ ਇਨ੍ਹਾਂ ਦੇ ਭਾਗ ਇਨ੍ਹਾਂ ਨਾਲ।' ਮੈਂ ਇਕ-ਦੋ ਆਪਣੇ ਖ਼ਾਸ ਮਿੱਤਰਾਂ ਨੂੰ ਸਵਾਲ ਪੁੱਛਿਆ ਕਿ ਤੁਸੀਂ ਸੱਚ ਦੱਸੋ ਕਿ ਤੁਸੀਂ ਮੈਨੂੰ ਵਧਾਈ ਦੇ ਰਹੇ ਹੋ ਕਿ ਜਾਂ ਮੈਨੂੰ ਹੌਸਲਾ ਦੇ ਰਹੇ ਹੋ ਜਿਵੇਂ ਮੇਰੇ ਨਾਲ ਕੋਈ ਬਹੁਤ ਹੀ ਵੱਡੀ ਅਣਹੋਣੀ ਵਰਤ ਗਈ ਹੋਵੇ ਤਾਂ ਉਹ ਹੱਸ ਕੇ ਟਾਲ੍ਹਾਂ ਵੱਟ ਗਏ ਪਰ ਇਹ ਸਾਰੇ ਵਰਤਾਰੇ ਵਿਚ ਮੈਨੂੰ ਆਪਣੀ ਨਵਜੰਮੀ ਧੀ ਜਪੁਜੀ ਇਵੇਂ ਪ੍ਰਤੀਤ ਹੋ ਰਹੀ ਸੀ ਜਿਵੇਂ ਉਹ ਕਿਸੇ ਕਹਾਣੀ ਦੀ ਮਾਨਵੀ ਵਿਤਕਰੇ ਦਾ ਸ਼ਿਕਾਰ ਪਾਤਰ ਹੋਵੇ। ਮੈਂ ਅਤੇ ਮੇਰੀ ਧਰਮ ਪਤਨੀ ਬੱਸ ਇੰਨਾ ਹੀ ਕਰ ਸਕਦੇ ਹਾਂ ਕਿ ਅਸੀਂ ਆਪਣੀਆਂ ਦੋਹਾਂ ਧੀਆਂ ਨੂੰ ਉਹ ਸਭ ਮੌਕੇ ਦੇ ਸਕੀਏ ਜਿਸ ਨਾਲ ਉਹ ਆਪਣੀ ਜ਼ਿੰਦਗੀ ਵਿਚ ਤਰੱਕੀ ਦੀਆਂ ਨਵੀਆਂ ਮੰਜ਼ਿਲਾਂ ਸਰ ਕਰ ਸਕਣ।' ਜਦੋਂ ਕਲਪਨਾ ਚਾਵਲਾ, ਸੁਨੀਤਾ ਵਿਲੀਅਮਜ਼, ਯੁਸਫ਼ਜ਼ਈ ਮਲਾਲਾ, ਸਾਨੀਆ ਨੇਹਵਾਲ, ਹਰਮਨਪ੍ਰੀਤ ਕੌਰ ਆਦਿ ਅਜਿਹੇ ਨਾਂ ਹਨ ਜਿਨ੍ਹਾਂ ਨੇ ਉਹ ਸਾਰੇ ਭਰਮ ਤੋੜ ਦਿੱਤੇ ਜਿਹੜੇ ਕੁੜੀਆਂ ਨੂੰ ਬੱਸ ਘਰ ਦੀ ਦਹਿਲੀਜ਼ ਤਕ ਰੱਖਣ ਦੀ ਤਾਕੀਦ ਕਰਦੇ ਸਨ। ਕੁੜੀਆਂ ਨਿੱਤ ਨਵੇਂ ਕਾਮਯਾਬੀ ਦੇ ਝੰਡੇ ਗੱਡ ਰਹੀਆਂ ਹਨ ਪਰੰਤੂ ਇਹ ਕੁੜੀਆਂ ਨੂੰ ਕੁੱਖ ਵਿਚ ਮਾਰਨ ਵਾਲੇ, ਦਾਜ ਦੇ ਲੋਭੀ, ਕੁੜੀਆਂ ਦੇ ਉੱਤੇ ਤੇਜ਼ਾਬ ਸੁੱਟਣ ਵਾਲੇ ਗ਼ੈਰ ਇਖ਼ਲਾਕੀ ਲੋਕ ਉਨ੍ਹਾਂ ਦੇ ਖੰਭ ਕੁਤਰਨ ਨੂੰ ਹਮੇਸ਼ਾ ਉਤਾਵਲੇ ਰਹਿੰਦੇ ਹਨ। ਅਜਿਹਾ ਵੀ ਨਹੀਂ ਕਿ ਸਾਰੇ ਸਮਾਜ ਦੀ ਅਜਿਹੀ ਸੋਚ ਹੈ ਕੁਝ ਮਾਰੂਥਲਾਂ ਵਿਚ ਕਮਲ ਦੇ ਫੁੱਲ ਖਿੜਾਉਣ ਵਾਲੇ ਚਾਨਣ ਦੇ ਵਣਜਾਰੇ ਵੀ ਸਮਾਜ ਵਿਚ ਤੁਹਾਨੂੰ ਇਕ ਆਸ ਦੀ ਕਿਰਨ ਵਜੋਂ ਨਜ਼ਰ ਆਉਂਦੇ ਹਨ।

• ਜਗਜੀਤ ਸਿੰਘ 'ਗਣੇਸ਼ਪੁਰ'
94655-76022

---

# ਸਮੇਂ ਦੇ ਹਾਣ ਦੀ ਹੈ ਔਰਤ ਦੀ ਮਾਨਸਿਕਤਾ

ਅਤੀਤ ਤੋਂ ਅੱਜ ਤਕ ਔਰਤ ਦਾ ਪਾਤਰ ਚਿਤਰਨ ਕਰੀਏ ਜਾਂ ਸਮਾਜਿਕ ਵਰਕੇ ਫਰੋਲੀਏ ਤਾਂ ਔਰਤ ਪ੍ਰਤੀ ਮਰਦ ਮਾਨਸਿਕਤਾ ਉੱਤੇ ਹੀ ਖੜ੍ਹੀ ਹੈ। ਹੈਰਾਨੀ ਉਦੋਂ ਵੱਧ ਜਾਂਦੀ ਹੈ ਜਦੋਂ ਪੜ੍ਹਨ ਸੁਣਨ ਵਾਲੇ ਵੀ ਇਰਾਦਾ ਦ੍ਰਿੜ ਨਹੀਂ ਕਰ ਸਕੇ। ਸਰਕਾਰੀ ਅਤੇ ਕਾਨੂੰਨੀ ਪਰਖ ਪੜਚੋਲਾਂ ਹਰ ਸਾਲ ਇਸਤਰੀ ਦਿਵਸ ਮਨਾ ਕੇ ਗੱਲ ਤੋਂ ਅਹਿਸਾਨ ਲਾਹ ਦਿੰਦੇ ਹਨ। ਹਾਲੇ ਘੁੰਡ ਤੋਂ ਆਜ਼ਾਦ ਤਾਂ ਹੋਈ ਪਰ ਖੁੱਲ੍ਹ ਕੇ ਦਿਲ ਦੀ ਗੱਲ ਕਰਨਾ ਔਰਤ ਲਈ ਬਹੁਤ ਦੂਰ ਹੈ। ਦਾਗ਼, ਦਾਜ ਅਤੇ ਦਰਿੰਦਗੀ ਨੇ ਨੇੜੇ ਦੇ ਰਿਸ਼ਤੇ ਵੀ ਘਸਮੰਡ ਕੇ ਰੱਖਣ ਦੇ ਨਾਲ ਭਰੂਣ ਹੱਤਿਆ ਉਤਸ਼ਾਹਿਤ ਕੀਤੀ ਹੈ। ਦਾਰਸ਼ਨਿਕ ਸੈਕਸ਼ਪੀਆਰ ਦਾ ਕਥਨ, 'ਔਰਤ ਤੇਰਾ ਨਾਂ ਹੀ ਕਮਜ਼ੋਰੀ ਹੈ', ਸੁਣ ਕੇ ਅਚੰਭਾ ਜਿਹਾ ਲੱਗਦਾ ਹੈ। ਪਰ ਜਦੋਂ ਘੋਖ ਕੇ ਤਹਿ ਤਕ ਜਾਇਆ ਜਾਵੇ ਤਾਂ ਸਿਰੇ 'ਤੇ ਗੰਢ ਲੱਗਦੀ ਹੈ। ਵੱਖ-ਵੱਖ ਰੂਪਾਂ ਵਿਚ ਵੱਖ-ਵੱਖ ਰਿਸ਼ਤਿਆਂ ਵਿਚ ਔਰਤ ਦਾ ਕਮਜ਼ੋਰ ਹੋਣਾ ਸੁਭਾਅ ਹੀ ਬਣ ਗਿਆ ਹੈ। ਔਰਤ ਬੇਸ਼ੱਕ ਮਨੁੱਖਤਾ ਅਤੇ ਸੱਭਿਅਤਾ ਦੀ ਬੁਨਿਆਦ ਹੈ ਪਰ ਹੰਢਾਉਣਾ ਅਤੇ ਵਿਚਰਨਾ ਮਰਦ ਮਾਨਸਿਕਤਾ ਦੇ ਪੱਲੇ ਹੈ। ਹਾਲਾਤ ਇਹ ਹਨ ਕਿ ਸਵੇਰੇ ਉੱਠਦੀ ਸਾਰ ਆਥਣ ਤਕ ਝੂਠ ਮਾਂਜਣਾ, ਸੁਣਨਾ ਅਤੇ ਸਹਿਣਾ ਸੁਭਾਅ ਹੀ ਬਣ ਗਿਆ ਹੈ। ਆਰਥਿਕ ਗ਼ੁਲਾਮੀ ਔਰਤ ਨੂੰ ਅੱਜ ਵੀ ਦਾਸ ਬਣਾਉਂਦੀ ਹੈ। ਅੰਮ੍ਰਿਤਾ ਪ੍ਰੀਤਮ ਦੀ ਮਾਅਰਕੇ ਵਾਲੀ ਆਵਾਜ਼ ਅਜੇ ਵੀ ਤਰੋ ਤਾਜ਼ਾ ਲੱਗਦੀ ਹੈ। ਬੀਹ ਹਜ਼ਾਰ ਸਾਲ ਹੋ ਗਏ ਸੱਭਿਅਤਾ ਨੂੰ ਬਣਿਆ ਪਰ ਅਜੇ ਵੀ 'ਕੱਲੀ ਔਰਤ ਤੱਕ ਕੇ ਖਾਣ ਨੂੰ ਪੈਂਦਾ ਹੈ। ਆਦਮੀ ਭੁੱਖੇ ਦਾ ਭੁੱਖਾ ਸਾਹਿਤਕ ਉਪਰਾਲਿਆ ਨੇ ਨਫ਼ੇ ਦੇ ਨਾਲ ਨੁਕਸਾਨ ਵੀ ਕੀਤੇ, ਮਿਸਾਲ ਦੇ ਤੌਰ 'ਤੇ ਅਜੋਕੀ ਗਾਇਕੀ ਘੋਖ ਲਈ ਜਾਵੇ ਤਾਂ ਔਰਤ ਨੂੰ ਕਿੱਥੇ ਖੜ੍ਹਾ ਕੀਤਾ ਹੈ ਇਸ ਨੇ। ਇਹ ਮਰਦ ਦੀ ਬੇਵਫ਼ਾਈ ਦਾ ਸ਼ਿਕਾਰ ਸ਼ੁਰੂ ਤੋਂ ਹੀ ਔਰਤ ਹੁੰਦੀ ਆਈ ਹੈ। ਅੰਦਰ ਝਾਤ ਮਾਰ ਕੇ ਦੇਖੋ ਆਪਣੀ ਅਤੇ ਪਰਾਈ ਔਰਤ ਵਿਚ ਕੀ ਫ਼ਰਕ ਲੱਗਦਾ ਹੈ। ਇਹ ਤੱਥ ਸਭ ਉਪਰਾਲਿਆਂ ਤੇ ਪਾਣੀ ਫੇਰ ਦਿੰਦਾ ਹੈ। ਔਰਤ ਪ੍ਰਤੀ ਸਮਾਜਿਕ ਤਾਣਾ ਰੂੜ੍ਹੀਵਾਦੀ ਰਹਿਣਾ ਚਾਹੁੰਦਾ ਹੈ। ਸਮੇਂ ਦਾ ਹਾਣੀ ਬਣਨ ਲਈ ਔਰਤ ਪ੍ਰਤੀ ਤੰਗ ਨਜ਼ਰੀਆ ਜਾਰੀ ਹੈ। ਕਾਰਨ ਇਹ ਹੈ ਕਿ ਮਾਨਸਿਕਤਾ ਅਜੇ ਸੁੱਤੀ ਹੀ ਪਈ ਹੈ। ਅਫ਼ਸੋਸ ਔਰਤ ਦੀ ਸ਼ਾਦੀ ਨੂੰ ਅੱਜ ਵਪਾਰਕ ਵੀ ਬਣਾਇਆ ਜਾਂਦਾ ਹੈ। ਅੱਜ ਵੀ ਜੇ ਝਨਾਂ ਵਿਚ ਕਿਸੇ ਸੋਹਣੀ ਦੀ ਆਵਾਜ਼ ਆ ਜਾਵੇ ਤਾਂ ਸਮਾਜਿਕ ਉੱਥਲ-ਪੁੱਥਲ ਅਤੇ ਘੁਸਰ-ਮੁਸਰ ਹੀ



ਮਾਰ ਮਕਾਉਂਦੀ ਹੈ। ਸਮਾਜਿਕ ਅਤੇ ਆਰਥਿਕ ਫ਼ੈਸਲੇ ਔਰਤ ਤੋਂ ਬਿਨ੍ਹਾਂ ਨੇਪਰੇ ਚੜ੍ਹ ਜਾਂਦੇ ਹਨ। ਸਮਾਜਿਕ ਸੱਧਰਾਂ ਔਰਤ ਤੋਂ ਬਿਨ੍ਹਾਂ ਅਧੂਰੀਆਂ ਹਨ ਪਰ ਔਰਤ ਸਿੱਕੇ ਦਾ ਦੂਜਾ ਪਾਸਾ ਨਹੀਂ ਬਣ ਸਕੀ। ਰਚਨਾਵਾਂ ਅਤੇ ਕਾਇਦੇ ਕਿਤਾਬਾਂ ਵਿਚ ਹੀ ਛਪ ਕੇ ਰਹਿ ਜਾਂਦੇ ਹਨ। ਮਰਦ ਦੀ ਹੈਂਕੜ ਹਉਮੈ ਨੂੰ ਔਰਤ ਸ਼ੁਰੂ ਤੋਂ ਅੱਜ ਤਕ ਹੰਢਾ ਰਹੀ ਹੈ। ਔਰਤ ਦੀ ਦਸ਼ਾ ਪ੍ਰਤੀ ਸਮੇਂ-ਸਮੇਂ 'ਤੇ ਆਵਾਜ਼ਾ ਉੱਠਦੀਆਂ ਰਹੀਆਂ ਪਰ ਪਹੁੰਚ ਨਾਂਹ-ਪੱਖੀ ਹੀ ਰਹੀ। ਸਮਾਜ ਵਿਚ ਅਤੀਤ ਤੋਂ ਵਰਤਮਾਨ ਤਕ ਔਰਤ ਨੂੰ ਸਹਿਣਾ ਪੈਂਦਾ ਹੈ, ਸੁਣਨਾ ਪੈਂਦਾ ਹੈ। ਹਾਂ ਇਕ ਗੱਲ ਹੋਰ ਵੀ ਹੈ ਕਿ ਔਰਤ ਨੂੰ ਗਵਾ ਕੇ ਮਰਦ ਨੂੰ ਸੁਝ ਆਉਂਦੀ ਹੈ। ਜਿਉਂਦੇ ਜੀਅ ਸ਼ਾਇਦ ਮਰਦ ਦੀ ਕਿਸਮਤ ਹੀ ਹਾਰ ਜਾਂਦੀ ਹੈ। ਸਿੱਖਿਆ ਦੇ ਕਈ ਪਹਿਲੂਆਂ ਨੇ ਔਰਤ ਨੂੰ ਦਾਸ ਬਣਾ ਕੇ ਪੇਸ਼ ਕੀਤਾ। ਜਿਸ ਦਾ ਗਲਬਾ ਅਜੇ ਵੀ ਲਹਿ ਨਹੀਂ ਸਕਿਆ। ਔਰਤ ਇਮਾਨ ਹੈ ਪੰਕਤੀ ਲਿਖੀ, ਪੜ੍ਹੀ ਅਤੇ ਸੁਣੀ ਜਾਂਦੀ ਹੈ ਪਰ ਆਪਣੇ ਤਕ ਸੀਮਤ ਹੈ। ਦੂਜੇ ਪ੍ਰਤੀ ਇਹ ਮਾਨਸਿਕਤਾ ਮਰ ਜਾਂਦੀ ਹੈ। ਔਰਤ ਮਾਨਸਿਕਤਾ ਸਮੇਂ ਦੀ ਹਾਣੀ ਬਣ ਕੇ ਜ਼ਮਾਨੇ ਦੀ ਆਵਾਜ਼ ਬਣਨਾ ਚਾਹੁੰਦੀ ਹੈ ਪਰ ਮਰਦ ਮਾਨਸਿਕਤਾ ਇਸ ਨੂੰ ਸਮਾਜਿਕ ਸਲੀਕੇ ਵਿਚ ਘਸਮੰਡਣ ਲਈ ਮਜਬੂਰ ਕਰ ਦਿੰਦੀ ਹੈ। ਔਰਤ ਦੀ ਦੁਸ਼ਮਣ ਔਰਤ ਹੀ ਹੈ, ਇਸ ਪ੍ਰਸੰਗ ਦਾ ਇਕ ਕਾਰਨ ਇਹ ਵੀ ਹੈ। ਵਰਤਮਾਨ ਤੱਕ ਲੱਖ ਹੀਲੇ ਉਪਰਾਲੇ ਹੋਏ ਪਰ ਔਰਤ ਸਮਾਜਿਕ ਸਿੱਕੇ ਦੇ ਦੂਜੇ ਪਾਸੇ ਦਾ ਮਾਣ ਹੰਢਾਉਣ ਤੋਂ ਅਜੇ ਦੂਰ ਹੈ। ਮਰਦ ਦੀ ਸੋਚ ਅਤੇ ਮਾਨਸਿਕ ਗ਼ੁਲਾਮੀਆਂ ਅਜੇ ਵੀ ਔਰਤ ਨੂੰ ਸਹਿਣ ਅਤੇ ਸੁਣਨ ਦਾ ਸੰਦੇਸ਼ ਦੇ ਚੁੱਪ ਕਰਾਉਂਦੀ ਹੈ।

• ਸੁਖਪਾਲ ਸਿੰਘ ਗਿੱਲ
98781-11445

---

# ਵੇ ਮੈਂ ਨੱਚਾਂ ਹਾਣੀਆ...

ਬਹਾਦਰ ਸਿੰਘ ਗੋਸਲ

ਇਤਿਹਾਸ ਅਨੁਸਾਰ ਜਦੋਂ ਤੋਂ ਮਨੁੱਖ ਨੇ ਅੰਨ ਖਾਣਾ ਸ਼ੁਰੂ ਕੀਤਾ ਹੈ ਉਦੋਂ ਤੋਂ ਹੀ ਕਣਕ ਨਾਲ ਉਸ ਦਾ ਅਟੁੱਟ ਰਿਸ਼ਤਾ ਬਣ ਗਿਆ ਹੈ। ਮਨੁੱਖ ਲਈ ਵਰਤੇ ਜਾਂਦੇ ਅੰਨ ਵਿਚ ਕਣਕ ਦਾ ਇਕ ਅਹਿਮ ਹਿੱਸਾ ਹੈ। ਅੰਨ ਪੈਦਾ ਕਰਨ ਲਈ ਮਨੁੱਖ ਸ਼ੁਰੂ ਤੋਂ ਹੀ ਕਣਕ ਬੀਜਦਾ, ਗੁੱਡਦਾ, ਪਾਣੀ ਦਿੰਦਾ, ਰਾਖੀ ਕਰਦਾ ਅਤੇ ਫਿਰ ਪੱਕਣ ਤੇ ਉਸ ਦੇ ਸੋਨੇ ਰੰਗੇ, ਰੰਗ ਨੂੰ ਦੇਖ ਆਪਣੀ ਮਿਹਨਤ 'ਤੇ ਮਾਣ ਕਰਦਾ। ਫਿਰ ਬੜੇ ਚਾਵਾਂ ਨਾਲ ਉਸ ਨੂੰ ਕੱਟ ਕੇ, ਕੱਢ ਕੇ ਖਾਣ ਲਈ ਤਿਆਰ ਕਰਦਾ ਆਇਆ ਹੈ। ਭਾਵੇਂ ਮਨੁੱਖ ਆਪਣੇ ਅੰਨ ਵਿਚ ਹੋਰ ਅਨਾਜ ਜਿਵੇਂ ਚਾਵਲ, ਮੱਕੀ, ਜਵਾਰ, ਬਾਜਰਾ, ਛੋਲੇ ਆਦਿ ਸ਼ਾਮਲ ਕਰ ਚੁੱਕਿਆ ਹੈ ਪਰ ਕਣਕ ਪੰਜਾਬੀਆਂ ਦੀ ਮਨਭਾਉਂਦੀ ਖ਼ੁਰਾਕ ਹੈ। ਵਿਆਹਾਂ-ਸ਼ਾਦੀਆਂ, ਮਹਿਮਾਨਾਂ ਦੇ ਆਉਣ 'ਤੇ ਕਣਕ ਦੀਆਂ ਰੋਟੀਆਂ ਹੀ ਖ਼ਾਸ ਮਹੱਤਤਾ ਰੱਖਦੀਆਂ ਹਨ। ਇਹੀ ਕਾਰਨ ਸੀ ਕਿ ਪੰਜਾਬ ਵਿਚ ਮੁੱਖ ਖੇਤੀ ਕਣਕ ਦੀ ਹੁੰਦੀ ਆਈ ਹੈ ਅਤੇ ਪੰਜਾਬੀਆਂ ਲਈ ਤਾਂ ਇਹ ਮਸ਼ਹੂਰ ਹੈ ਕਿ ਜੋ ਚੀਜ਼ ਉਨ੍ਹਾਂ ਨੂੰ ਪਸੰਦ ਆ ਜਾਵੇ, ਉਨ੍ਹਾਂ ਦੇ ਪੇਂਡੂ ਜੀਵਨ ਦਾ ਸੱਭਿਆਚਾਰਕ ਰੰਗ ਬਣ ਜਾਂਦੀ ਹੈ। ਕਣਕ ਤਾਂ ਉਨ੍ਹਾਂ ਦੀ ਮੁੱਢਲੀ ਜ਼ਰੂਰਤ ਸੀ ਤਾਂ ਹੀ ਕਿਹਾ ਜਾਂਦਾ ਸੀ 'ਢਿੱਡ ਨਾ ਪਈਆਂ ਰੋਟੀਆਂ, ਸਭੇ ਗੱਲਾਂ ਖੋਟੀਆਂ।' ਸੱਭਿਆਚਾਰਿਕ ਖੇਤਰ ਵਿਚ ਇਨ੍ਹਾਂ ਕਣਕਾਂ ਦੇ ਬੀਜਣ ਤੋਂ ਲੈ ਕੇ ਦਾਣੇ ਕੱਢਣ ਤਕ ਸਾਨੂੰ ਹਰ ਤਰ੍ਹਾਂ ਦੇ ਪੰਜਾਬੀ ਗੀਤ, ਬੋਲੀਆਂ, ਕਵਿਤਾਵਾਂ, ਮੁਹਾਵਰੇ ਅਤੇ ਲੋਕ ਗੀਤ ਮਿਲਦੇ ਹਨ। ਕਈ-ਕਈ ਗੀਤ ਤਾਂ ਇੰਨੇ ਪਿਆਰੇ, ਮਿੱਠੇ ਅਤੇ ਤੱਥ ਭਰਪੂਰ ਮਿਲਦੇ ਹਨ ਕਿ ਸੁਣਨ ਵਾਲੇ ਦਾ ਮਨ ਨਿਹਾਲੋ-ਨਿਹਾਲ ਹੋ ਜਾਂਦਾ ਹੈ ਅਤੇ ਅੰਗ-ਅੰਗ ਨੱਚਣ ਨੂੰ ਕਰਦਾ ਏ, ਜਿਵੇ :

ਤੇਰੀ ਕਣਕ ਦੀ ਰਾਖੀ ਮੁੰਡਿਆਂ,<br>
ਹੁਣ ਮੈਂ ਨਹੀਓਂ ਬਹਿੰਦੀ।<br>
ਵੇ ਕਦੀ ਉਡਾਵਾਂ ਤਿੱਤਰ ਬਟੇਰੇ,<br>
ਤੇ ਕਦੇ ਉਡਾਵਾਂ ਕਾਂ।<br>
ਜਿੰਦ ਮਾਲੂਕ ਜਿਹੀ ਏ ਮੇਰੀ,<br>
ਵੇ ਮੈਂ ਕਿੱਧਰ-ਕਿੱਧਰ ਜਾਅ<br>
ਮਾਰ ਕੇ ਛਾਲਾਂ ਜਾਵਾਂ ਵੇ<br>
ਮੇਰੀ ਝਾਂਜਰ ਲਹਿੰਦੀ<br>
ਤੇਰੀ ਕਣਕ ਦੀ ਰਾਖੀ ਮੁੰਡਿਆ,<br>
ਹੁਣ ਮੈਂ ਨਹੀਓਂ ਬਹਿੰਦੀ...

ਜਦੋਂ ਕਣਕਾਂ ਨੂੰ ਬੂਰ ਪੈਣ ਲੱਗਦਾ ਹੈ ਤਾਂ ਕੁਝ ਮੌਸਮ ਦੀ ਤਬਦੀਲੀ ਹੋ ਰਹੀ ਹੁੰਦੀ ਹੈ ਅਤੇ ਪੂਰਾ ਵਾਤਾਵਰਣ ਸੁਗੰਧੀਆਂ ਨਾਲ ਭਰ ਜਾਂਦਾ ਹੈ। ਅਜਿਹੀ ਹਾਲਤ ਵਿਚ ਜੇ ਕੋਈ ਮੁਟਿਆਰ ਰਸਤੇ-ਰਸਤੇ ਕਣਕਾਂ ਦੇ ਨਾਲ-ਨਾਲ ਚੱਲਦੀ ਹੈ ਤਾਂ ਇਹ ਸੱਭਿਆਚਾਰਿਕ ਗੀਤ ਸਾਹਮਣੇ ਆ ਜਾਂਦਾ ਹੈ :

ਏਧਰ ਕਣਕਾਂ ਓਧਰ ਕਣਕਾਂ,<br>
ਵਿਚ ਕਣਕਾਂ ਦੇ ਬੂਰ ਪਿਆ,<br>
ਮੁਟਿਆਰੇ ਜਾਣਾ ਦੂਰ ਪਿਆ...

ਇਸੇ ਤਰ੍ਹਾਂ ਜਦੋਂ ਇਨ੍ਹਾਂ ਦਿਨਾਂ ਵਿਚ ਕੋਈ ਮੁਟਿਆਰ ਆਪਣੇ ਘਰ ਵਾਲੇ ਨੂੰ ਰੋਟੀ ਲੈ ਕੇ ਖੇਤਾਂ ਵੱਲ ਜਾਂਦੀ ਹੈ ਤਾਂ ਉਨ੍ਹਾਂ ਦੇ ਖੇਤ ਥੋੜ੍ਹੀ ਦੂਰ ਹੋਣ ਕਾਰਣ, ਉਸ ਦੇ ਮੂੰਹੋਂ ਆਪਣੇ ਆਪ ਹੀ ਨਿਕਲ ਆਉਂਦਾ ਹੈ :

ਏਧਰ ਕਣਕਾਂ, ਉਧਰ ਕਣਕਾਂ,<br>
ਵਿਚ ਕਣਕਾਂ ਦੇ ਬੂਰ<br>
ਰੋਟੀ ਲੈ ਕੇ ਮੈਂ ਨਿਕਲੀ,<br>
ਖੇਤ ਸੁਣੀਂਦਾ ਦੂਰ...

ਜਦੋਂ ਹਰੀਆਂ-ਹਰੀਆਂ ਕਣਕਾਂ ਠੰਢੀ ਚਲਦੀ ਹਵਾ ਵਿਚ ਹੁਲਾਰੇ ਲੈਂਦੀਆਂ ਹਨ ਤਾਂ ਇਹ ਦ੍ਰਿਸ਼, ਹਰ ਇਕ ਦੇਖਣ ਵਾਲੇ ਨੂੰ ਮਨ ਵਿਚ ਨੱਚਣ ਲਈ ਮਜ਼ਬੂਰ ਕਰ ਦਿੰਦਾ ਹੈ, ਜਿਸ ਤਰ੍ਹਾਂ ਕਿਹਾ ਜਾਂਦਾ ਹੈ :



ਇੱਧਰ ਕਣਕਾਂ ਲੈਣ ਹੁਲਾਰੇ,<br>
ਓਧਰ ਝੂੰਮਣ ਗੰਨੇ,<br>
ਵੇ ਮੈਂ ਨੱਚਾਂ ਹਾਣੀਆ,<br>
ਖੇਤਾਂ ਦੇ ਬੰਨੇ-ਬੰਨੇ...

ਨਣਦ, ਭਰਜਾਈ ਦਾ ਰਿਸ਼ਤਾ ਵੀ ਬੜਾ ਬਚਿੱਤਰ ਰਿਸ਼ਤਾ ਹੈ ਜੇ ਉਨ੍ਹਾਂ ਵਿਚ ਪਿਆਰ ਬਣ ਜਾਵੇ ਤਾਂ ਉਹ ਘਰ ਨੂੰ ਸਵਰਗ ਬਣਾ ਦਿੰਦੀਆਂ ਹਨ ਅਤੇ ਇਕ ਦੂਜੀ ਦੇ ਦੁੱਖਾਂ-ਸੁੱਖਾਂ ਵਿਚ ਖ਼ੂਬ ਸਹਾਈ ਹੁੰਦੀਆਂ ਹਨ। ਨਣਦ ਦੇ ਸਹੁਰੇ ਜਾਣ ਤੇ ਜੇ ਕਦੇ ਨਣਦ ਨੂੰ ਆਇਆ ਥੋੜ੍ਹਾ ਸਮਾਂ ਹੋ ਜਾਵੇ ਤਾਂ ਭਰਜਾਈ ਦੀ ਰੂਹ ਵੀ ਉਸ ਨੂੰ ਮਿਲਣ ਲਈ ਵਿਆਕੁਲ ਹੋ ਜਾਂਦੀ ਹੈ ਅਤੇ ਉਹ ਮਨ ਹੀ ਮਨ ਵਿਚ ਉਸ ਨੂੰ ਯਾਦ ਕਰਦੀ ਹੋਈ ਕਹਿੰਦੀ ਹੈ :

ਇੱਧਰ ਕਣਕਾਂ ਓਧਰ ਕਣਕਾਂ<br>
ਵਿਚ ਕਣਕਾਂ ਦੇ ਰਾਹ<br>
ਨੀ ਸਹੁਰੇ ਦੀ ਜਾਈਏ<br>
ਕਦੇ ਤਾਂ ਪ੍ਰਾਹੁਣੀ ਆ...

ਪੰਜਾਬੀ ਦੇ ਪ੍ਰਸਿੱਧ ਕਵੀ ਧਨੀਰਾਮ ਚਾਤ੍ਰਿਕ ਨੇ ਆਪਣੀ ਕਵਿਤਾ 'ਵਿਸਾਖੀ ਦਾ ਮੇਲਾ' ਵਿਚ ਕਣਕਾਂ ਦੇ ਪੱਕਣ ਦੇ ਮੌਸਮ ਦਾ ਬਹੁਤ ਖ਼ੂਬ ਵਰਨਣ ਕੀਤਾ ਹੈ, ਉਨ੍ਹਾਂ ਲਿਖਿਆ ਹੈ :

ਪੱਕ ਪਈਆਂ ਕਣਕਾਂ ਲੁਕਾਠ ਰਸਿਆ,<br>
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।<br>
ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ,<br>
ਬੇਰੀਆਂ ਲਿਫ਼ਾਈਆਂ ਟਾਹਣੀਆਂ ਦੇ ਭਾਰ ਨੇ

ਇਸੇ ਤਰ੍ਹਾਂ ਪ੍ਰਸਿੱਧ ਕਵਿਤਰੀ ਅੰਮ੍ਰਿਤਾ ਪ੍ਰੀਤਮ ਨੇ ਵੀ ਆਪਣੀ ਕਵਿਤਾ 'ਕਣਕਾਂ ਦੇ ਗੀਤ' ਵਿਚ ਕਣਕਾਂ ਦਾ ਖ਼ੂਬ ਗੁਣ-ਗਾਣ ਕੀਤਾ ਹੈ ਅਤੇ ਉਹ ਕਣਕਾਂ ਬਾਰੇ ਲਿਖਦੇ ਹਨ :

ਹੇ ਕਣਕਾਂ ਜੰਮੀਆਂ,<br>
ਰਾਹੇ-ਰਾਹੇ ਜਾਂਦਿਆਂ<br>
ਓ ਸੁਣਦਿਆਂ! ਸੁਣਾਦਿਆਂ!<br>
ਦੁੱਖਾਂ ਦੀਆਂ ਕਹਾਣੀਆਂ ਨੇ<br>
ਦੁੱਖਾਂ ਤੋਂ ਵੀ ਲੰਮੀਆਂ।<br>
ਹੇ ਕਣਕਾਂ ਜੰਮੀਆਂ...

ਜਦੋਂ ਕੋਈ ਮੁਟਿਆਰ ਆਪਣੇ ਗੱਭਰੂ ਨਾਲ ਹਾਂਸੀ ਠੱਠਾ ਕਰਦੀ ਹੈ ਤਾਂ ਉਨ੍ਹਾਂ ਦਾ ਇਹ ਪਿਆਰ, ਕਣਕਾਂ ਦੇ ਰੰਗ ਨਾਲ ਜਾ ਮੇਲ ਖਾਂਦਾ ਹੈ ਅਤੇ ਉਹ ਮੁਟਿਆਰ ਗਾਉਂਦੀ ਹੋਈ ਕਹਿੰਦੀ ਹੈ :

ਮੁੰਦਰੀ ਮੇਰੀ ਓਲੇ ਘੋਲੇ<br>
ਬੀਜੀ ਕਣਕ ਤੇ ਉੱਗ ਪਏ ਛੋਲੇ<br>
ਰੁੱਤ ਹੋਲ਼ਾ ਦੀ ਆਈ ਆ<br>
ਮੁੰਦਰੀ ਦੇ-ਦੇ, ਮਾਹੀਆਂ...

ਇਸ ਤਰ੍ਹਾਂ ਇਨ੍ਹਾਂ ਕਣਕਾਂ ਦੇ ਨਾਲ-ਨਾਲ ਸਾਨੂੰ ਪੰਜਾਬੀ ਗੀਤ ਦੀਆਂ ਸਤਰਾਂ ਹੋਲ਼ਾਂ ਦੀ ਰੁੱਤ ਦਾ ਵੀ ਚੇਤੇ ਕਰਵਾਉਂਦੀਆਂ ਹਨ। ਭਾਵੇਂ ਅੱਜ ਕੱਲ੍ਹ ਹੋਲ਼ਾਂ ਲਈ ਛੋਲੇ ਨਹੀਂ ਮਿਲਦੇ ਪਰ ਇਸ ਰੁੱਤ ਵਿਚ ਹੋਲ਼ਾਂ ਖਾਣ ਦਾ ਆਪਣਾ ਹੀ ਸੁਆਦ ਹੁੰਦਾ ਸੀ। ਕਣਕਾਂ ਅਤੇ ਛੋਲਿਆਂ ਦੇ ਮਿਲੇ ਅਨਾਜ ਤੋਂ ਜੋ ਮਿਸੀ ਰੋਟੀ ਬਣਦੀ ਸੀ ਉਸ ਨੂੰ ਸਵੇਰੇ ਲੱਸੀ ਨਾਲ ਖਾਣਾ, ਪੰਜਾਬੀਆਂ ਦਾ ਮਨਭਾਉਂਦਾ 'ਬਰੇਕ ਫਾਸਟ' ਹੁੰਦਾ ਸੀ ਜੋ ਅੱਜ ਕੱਲ੍ਹ ਵਿਸਰ ਚੁੱਕਿਆ ਹੈ। ਸ਼ਹਿਰਾਂ ਦੇ ਬੱਚਿਆਂ ਨੂੰ ਤਾਂ ਇਹ ਮਿਸੀ ਰੋਟੀ ਖਾਣੀ ਜਾਂ ਦੇਖਣੀ ਸ਼ਾਇਦ ਹੀ ਕਦੇ ਨਸੀਬ ਹੋਈ ਹੋਵੇ ਪਰ ਇਹ ਪੇਂਡੂ ਲੋਕਾਂ ਦੀ ਤੰਦਰੁਸਤੀ ਅਤੇ ਸਿਹਤ ਦਾ ਰਾਜ਼ ਹੁੰਦੀ ਸੀ।

ਇਸੇ ਤਰ੍ਹਾਂ ਪ੍ਰਸਿੱਧ ਲੇਖਿਕਾ ਦਲਜੀਤ ਕੌਰ ਦਾਊਂ ਨੇ ਆਪਣੀ ਪੁਸਤਕ 'ਪੰਜਾਬੀ ਸੱਭਿਆਚਾਰ-ਲੋਕਧਾਰਾਈ ਵਿਰਸਾ' ਵਿਚ ਵੀ ਕਣਕਾਂ ਨੂੰ ਧਰਮੀ ਬਾਬਲ ਨਾਲ ਖ਼ੂਬ ਜੋੜਿਆ ਹੈ ਅਤੇ ਉਨ੍ਹਾਂ ਨੇ ਇਕ ਧੀ ਦੇ ਵਲਵੱਲਿਆ ਨੂੰ ਆਪਣੇ ਪਿਤਾ ਦੇ ਸਨਮੁੱਖ ਰੱਖਣ ਲਈ ਇਸ ਗੀਤ ਦੀਆਂ ਸਤਰਾਂ ਲਿਖੀਆਂ ਹਨ :

ਜਦੋਂ ਕਣਕਾਂ ਨਿਸਰਣ ਲੱਗਣ,<br>
ਵੇ ਧਰਮੀ ਬਾਬਲਾ<br>
ਮੈਨੂੰ ਹਰੀਆਂ ਵੰਗਾਂ ਫੱਬਣ,<br>
ਵੇ ਧਰਮੀ ਬਾਬਲਾ...

ਸਮਾਜ ਵਿਚ ਮਾਵਾਂ-ਧੀਆਂ ਦਾ ਮੋਹ ਭਰਿਆ ਅਹਿਮ ਰਿਸ਼ਤਾ ਹੈ, ਕਣਕਾਂ ਵੀ ਇਸ ਰਿਸ਼ਤੇ ਨੂੰ ਸਨੇਹ ਦਿੰਦੀਆਂ ਹੈ ਅਤੇ ਸੱਭਿਆਚਾਰ ਦੀ ਕੜੀ ਬਣਦੀ ਹਨ, ਜਿਵੇ :

ਕਣਕਾਂ ਲੰਬੀਆਂ ਨੀ ਮਾਏ,<br>
ਧੀਆਂ ਕਿਉਂ ਜੰਮੀਆਂ ਨੀ ਮਾਏ?

ਅਸੀਂ ਦੇਖਦੇ ਹਾਂ ਕਿ ਜਦੋਂ ਕਿਸੇ ਮੁੰਡੇ ਜਾਂ ਕੁੜੀ ਦੇ ਰਿਸ਼ਤੇ ਦੀ ਗੱਲ ਚੱਲਦੀ ਹੈ ਤਾਂ ਵੀ ਕਣਕ ਆਪਣਾ ਰੰਗ ਦਿਖਾ ਹੀ ਦਿੰਦੀ ਹੈ ਕਿਉਂਕਿ ਜਦੋਂ ਉਸ ਮੁੰਡੇ ਜਾਂ ਕੁੜੀ ਵਾਰੇ ਆਮ ਲੋਕ ਪੁੱਛਦੇ ਹਨ ਕਿ ਉਸ ਦਾ ਰੰਗ ਕਿਹੋ ਜਿਹਾ ਹੈ ਤਾਂ ਲੜਕਾ ਹੋਵੇ ਜਾਂ ਲੜਕੀ ਜੇ ਬਹੁਤ ਸੁਨੱਖੇ ਨਹੀਂ ਹੁੰਦੇ ਤਾਂ ਅਸੀਂ ਆਮ ਸੁਣੀਂਦਾ ਹੈ ਕਿ ਉਸ ਦਾ ਰੰਗ-ਕਣਕ ਬੰਨਾ ਹੈ। ਇਸ ਤਰ੍ਹਾਂ ਮੁੰਡੇ-ਕੁੜੀਆਂ ਦੇ ਰਿਸ਼ਤਿਆਂ ਤੋਂ ਪਹਿਲਾਂ ਕਣਕ ਬੰਨੇ ਰੰਗ ਦੀਆਂ ਗੱਲਾਂ ਤਾਂ ਹੁੰਦੀਆਂ ਹੀ ਰਹਿੰਦੀਆਂ ਹਨ। ਇਸੇ ਤਰ੍ਹਾਂ ਹੀ ਕਣਕ ਦੇ ਆਟੇ ਤੋਂ ਬਣੀਆਂ ਰੋਟੀਆਂ ਦੇ ਵੀ ਕਈ ਅਲੱਗ-ਅਲੱਗ ਨਾ ਰੱਖੇ ਗਏ ਹਨ ਜਿਵੇਂ ਫੁਲਕਾ, ਪ੍ਰਸ਼ਾਦਾ, ਪਲੀ ਜਾਂ ਰੁਮਾਲੀ ਰੋਟੀ। ਅਲੱਗ-ਅਲੱਗ ਸਮਾਜਿਕ ਸਮਾਗਮਾਂ ਤੇ ਇਨ੍ਹਾਂ ਰੋਟੀਆਂ ਨੂੰ ਅਲੱਗ-ਅਲੱਗ ਮਹੱਤਤਾ ਦਿੱਤੀ ਜਾਂਦੀ ਹੈ।ਕਣਕਾਂ ਨੂੰ ਖੇਤਾਂ ਵਿਚ ਬੀਜਣ ਅਤੇ ਕੱਟਣ ਸਮੇਂ ਕਿਸਾਨਾਂ ਨੂੰ ਖ਼ਾਸ ਮਿਹਨਤਾਂ ਕਰਨੀਆਂ ਪੈਂਦੀਆਂ ਹਨ। ਕੱਤਕ ਦੇ ਮਹੀਨੇ ਜਦੋਂ ਕਣਕਾਂ ਬੀਜਣ ਦਾ ਸਮਾਂ ਹੁੰਦਾ ਹੈ ਤਾਂ ਕਿਸਾਨਾਂ ਨੂੰ ਦਿਨ ਰਾਤ ਮਿਹਨਤ ਕਰਨੀ ਪੈਂਦੀ ਹੈ ਅਤੇ ਉਹ ਆਪਣੇ ਘਰ ਦੇ ਸਮਾਜਿਕ ਪ੍ਰੋਗਰਾਮ ਵੀ ਅੱਗੇ-ਪਿੱਛੇ ਕਰ ਦਿੰਦੇ ਹਨ। ਇਸੇ ਤਰ੍ਹਾਂ ਜਦੋਂ ਹਾੜ ਦੇ ਮਹੀਨੇ ਵਿਚ ਕਣਕਾਂ ਨੂੰ ਕੱਟਣ ਦਾ ਸਮਾਂ ਹੁੰਦਾ ਹੈ ਤਾਂ ਕਿਸਾਨ ਦੀ ਇਕ ਅੱਖ ਖੇਤਾਂ ਵੱਲ ਹੀ ਰਹਿੰਦੀ ਹੈ। ਉਸ ਨੂੰ ਡਰ ਲੱਗਿਆ ਰਹਿੰਦਾ ਹੈ ਕਿ ਕੋਈ ਮੀਂਹ, ਗੜਿਆਂ, ਹਨੇਰੀ ਵਰਗੀ ਕੁਦਰਤੀ ਆਫ਼ਤ ਉਸ ਦੀ ਪੱਕੀ ਖੇਤੀ ਦਾ ਨੁਕਸਾਨ ਨਾ ਕਰ ਦੇਵੇ ਤਾਂ ਹੀ ਕਿਹਾ ਜਾਂਦਾ ਹੈ :

ਪੱਕੀ ਖੇਤੀ ਦੇਖ ਕੇ, ਗਰਵ ਕਰੇ ਕਿਸਾਨ,<br>
ਝੱਖੜ, ਬਾ-ਵਰੋਲਿਓ, ਘਰ ਆਈ ਤਾਂ ਜਾਣ...

ਹਾੜ੍ਹ ਦੇ ਮਹੀਨੇ, ਕਣਕਾਂ ਦੀ ਕਟਾਈ ਕਰਨ ਨੂੰ ਪੰਜਾਬੀ ਲੋਕ, ਹਾੜੀ ਵੱਡਣਾ ਆਖਦੇ ਹਨ। ਪੂਰੇ ਦੇ ਪੂਰੇ ਪਰਿਵਾਰ ਹਾੜੀ ਵੱਢਣ ਦੇ ਕੰਮ ਵਿਚ ਜੁਟ ਜਾਂਦੇ ਹਨ ਤਾਂ ਕਿ ਜਲਦੀ ਤੋਂ ਜਲਦੀ, ਦਾਣਾ ਅਤੇ ਤੂੜੀ ਆਦਿ ਦੀ ਸਮੇਂ ਸਿਰ ਸੰਭਾਲ ਹੋ ਜਾਵੇ। ਕਿਸਾਨ ਔਰਤਾਂ ਵੀ ਖੇਤਾਂ ਵਿਚ ਕੰਮ ਕਰਨ ਨੂੰ ਤਿਆਰ ਹੋ ਜਾਂਦੀਆਂ ਹਨ ਤਾਂ ਹੀ ਤਾਂ ਇਕ ਮੁਟਿਆਰ ਆਪਣੇ ਘਰਵਾਲੇ ਨੂੰ ਕਹਿੰਦੀ ਹੈ :

ਹਾੜੀ ਵੱਡਾਂਗੀ ਤੇਰੇ ਨਾਲ,<br>
ਦਾਤੀ ਨੂੰ ਲੁਵਾ ਦੇ ਘੁੰਗਰੂ...

1965 ਦੀ ਭਾਰਤ-ਪਾਕਿ ਲੜਾਈ ਸਮੇਂ ਜਦੋਂ ਅਮਰੀਕਾ ਨੇ ਭਾਰਤ ਦੀ ਅੰਨ ਸਮੱਸਿਆ ਨੂੰ ਦੇਖਦੇ ਹੋਏ, ਜੰਗ ਦੌਰਾਨ ਹੀ ਭਾਰਤ ਨੂੰ ਕਣਕ ਭੇਜਣ ਤੋਂ ਮਨ੍ਹਾਂ ਕਰ ਦਿੱਤਾ ਤਾਂ ਤਤਕਾਲ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਨੇ ਕਿਸਾਨਾਂ ਨੂੰ ਹੱਲਾਸ਼ੇਰੀ ਦਿੰਦੇ ਹੋਏ 'ਜੈ ਜਵਾਨ-ਜੈ ਕਿਸਾਨ' ਦਾ ਨਾਹਰਾ ਦਿੱਤਾ ਤਾਂ ਭਾਰਤ ਨੇ ਅਮਰੀਕਾ ਤੋਂ ਕਣਕ ਲੈਣੀ ਬੰਦ ਕਰ ਕੇ ਆਪਣੇ ਪੰਜਾਬ ਵਿਚ 'ਹਰੀ ਕ੍ਰਾਂਤੀ' ਜਿਹੇ ਪ੍ਰੋਗਰਾਮਾਂ ਨੂੰ ਜਨਮ ਦਿੱਤਾ। ਪੰਜਾਬ ਦੇ ਮਿਹਨਤੀ ਕਿਸਾਨਾਂ ਨੇ ਸਮੇਂ ਦੀ ਵੰਗਾਰ ਨੂੰ ਦੇਖਦੇ ਹੋਏ ਇੰਨੀ ਕਣਕ ਪੈਦਾ ਕੀਤੀ ਕਿ ਦੇਸ਼ ਆਤਮ ਨਿਰਭਰ ਬਣ ਗਿਆ। ਅੱਜ ਤਾਂ ਦੇਸ਼ ਵਿਚ ਕਣਕ ਨੂੰ ਸੰਭਾਲਣ ਦੀ ਸਮੱਸਿਆ ਬਣੀ ਹੋਈ ਹੈ ਪਰ ਮਸ਼ੀਨੀ ਯੁੱਗ ਹੋਣ ਕਰਕੇ ਕਣਕ ਸਾਡੇ ਸੱਭਿਆਚਾਰਕ ਵਿਰਸੇ ਤੋਂ ਥੋੜ੍ਹੀ ਦੂਰ-ਦੂਰ ਜਾ ਰਹੀ ਹੈ। •

98764-52223

# ਡੈਡੀਕੇਟਿਡ ਬ੍ਰਦਰਜ਼ ਗਰੁੱਪ ਨੇ ਕੰਪਿਊਟਰ ਕੋਰਸ ਦੇ ਸਰਟੀਫਿਕੇਟ ਦੇ ਕੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ



**ਪਟਿਆਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡੈਡੀਕੇਟਿਡ ਬ੍ਰਦਰਜ਼ ਗਰੁੱਪ ਰਜਿ: ਪੰਜਾਬ ਦੇ ਸੰਸਥਾਪਕ ਡਾ ਰਾਕੇਸ਼ ਵਰਮੀ ਦੀ ਸਰਪ੍ਰਸਤੀ ਹੇਠ ਰਜਿੰਦਰਾ ਜਿੰਮਖਾਨਾ ਮਹਿੰਦਰਾ ਕਲੱਬ ਬਾਰਾਂਦਰੀ ਪਟਿਆਲਾ ਵਿਖੇ ਡੀ ਬੀ ਜੀ ਕੰਪਿਊਟਰ ਸੈਂਟਰ ਰਤਨ ਨਗਰ ਦੇ ਵਿਦਿਆਰਥੀਆਂ ਨੂੰ ਛੇ ਮਹੀਨੇ ਦਾ ਬੇਸਿਕ ਕੰਪਿਓਟਰ ਕੋਰਸ, ਐਮ .ਐਸ. ਐਕਸਲ, ਪਾਵਰ ਪੁਆਇੰਟ, ਐਮ.ਐਸ.ਵਰਡ, ਡਾਟਾ ਐਂਟਰੀ, ਕੰਪਿਊਟਰ ਟਾਈਪਿੰਗ ਅੰਗਰੇਜ਼ੀ ਤੇ ਪੰਜਾਬੀ, ਇੰਟਰਨੈਟ ਟ੍ਰੇਨਿੰਗ 6 ਮਹਿਨੇ ਦਾ ਕੋਰਸ ਕਰਵਾਇਆ ਗਿਆ ਅਤੇ ਵਿਦਿਆਰਥੀਆਂ ਨੂੰ ਆਈ.ਐਸ. ਓ 9001:2008 ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਕੰਪਿਊਟਰ ਟੀਚਰ ਸਪਨਾ ਨੇ ਕਿਹਾ ਵਿਦਿਆਰਥੀਆਂ ਨੇ ਲਗਨ ਨਾਲ ਕੰਪਿਊਟਰ ਕੋਰਸ ਦੀ ਟ੍ਰੇਨਿੰਗ ਪ੍ਰਾਪਤ ਕੀਤੀ। ਪਲਵਿੰਦਰ ਕੌਰ ਵਾਲੀਆ ਪ੍ਰਾਜੈਕਟ ਇੰਚਾਰਜ ਡੀ.ਬੀ.ਜੀ ਕੰਪਿਊਟਰ ਸੈਂਟਰ ਨੇ ਕਿਹਾ ਵਿਦਿਆਰਥੀਆਂ ਨੇ ਮਿਹਨਤ ਨਾਲ ਕੰਪਿਊਟਰ ਕੋਰਸ ਦੀ ਪ੍ਰੈਕਟਿਸ ਅਤੇ ਵਧੀਆ ਗਰੇਡ ਪ੍ਰਾਪਤ ਕੀਤੇ। ਪਵਿੱਤਰ ਸਿੰਘ ਵਾਲੀਆ ਮੈਨੇਜਰ ਡੀ.ਬੀ.ਜੀ ਕੰਪਿਊਟਰ ਸੈਂਟਰ ਨੇ ਦੱਸਿਆ ਵਿਦਿਆਰਥੀਆਂ ਨੇ ਅਨੁਸਾਸ਼ਨਤਾ ਦੀ ਪਾਲਣਾ ਕੀਤੀ, ਸਮੇਂ ਦੇ ਪਾਬੰਦ ਰਹੇ ਰਜਿੰਦਰਾ ਜਿੰਮਖਾਨਾ ਮਹਿੰਦਰਾ ਕਲੱਬ ਬਾਰਾਂਦਰੀ ਪਟਿਆਲਾ ਵਿਖੇ ਇਕ ਪ੍ਰਭਾਵਸਾਲੀ ਪ੍ਰੰਤੂ ਸਾਦੇ ਸਮਾਰੋਹ ਵਿੱਚ ਡਾ ਰਾਕੇਸ਼ ਵਰਮੀ, ਹਰਪ੍ਰੀਤ ਸਿੰਘ ਸੰਧੂ ਸੈਕਟਰੀ ਮਹਾਰਾਣੀ ਕਲੱਬ, ਅਵਿਨਾਸ਼ ਗੁਪਤਾ, ਬੀ ਐਸ ਬੇਦੀ ਮੀਤ ਪ੍ਰਧਾਨ, ਫਕੀਰ ਚੰਦ ਮਿਤਲ, ਪਬਲਿਕ ਰਿਲੇਸ਼ਨ ਅਫ਼ਸਰ, ਵਿਕਾਸ ਗੋਇਲ ਵਿੱਤ ਸਕੱਤਰ , ਮਨਜੀਤ ਕੌਰ ਆਜਾਦ ਪ੍ਰਾਜੈਕਟ ਇੰਚਾਰਜ, ਅਮਨਇੰਦਰ ਸਿੰਘ ਸੈਣੀ, ਐਡਵੋਕੇਟ ਸੁਧੀਰ ਸ਼ਰਮਾ,ਕ, ਸਾਬਕਾ ਜਿਲ੍ਹਾ ਸੁਪਰਡੈਂਟ ਫਸਟ ਏਡ ਟ੍ਰੇਨਿੰਗ ਰੈਡ ਕਰਾਸ ਚੀਫ ਟ੍ਰੇਨਰ ਫਸਟ ਏਡ ਸਿਹਤ ਸੇਫਟੀ ਜਾਗਰੁਕਤਾ ਮਿਸ਼ਨ ਪਟਿਆਲਾ ਨੇ ਵਿਦਿਆਰਥੀਆ ਨੂੰ ਆਸ਼ੀਰਵਾਦ ਦਿੱਤਾ ਫਕੀਰਚੰਦ ਮਿਤਲ ਪਬਲਿਕ ਰਿਲੇਸਨ ਅਫਸਰ ਨੇ ਜਾਣਕਾਰੀ ਦਿੱਤੀ।

# ਡੀ.ਆਈ.ਜੀ ਪਟਿਆਲਾ ਰੇਂਜ ਨੇ ਮਲੇਰਕੋਟਲਾ ਵਿੱਚ ਸਮਾਰਟ ਪੁਲਿਸਿੰਗ ਪਹਿਲਕਦਮੀ ਦਾ ਕੀਤਾ ਉਦਘਾਟਨ

**ਮਲੇਰਕੋਟਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲੇਰਕੋਟਲਾ ਨੂੰ ਇੱਕ ਸਮਾਰਟ ਅਤੇ ਸੁਰੱਖਿਅਤ ਸ਼ਹਿਰ ਵਿੱਚ ਬਦਲਣ ਦੀ ਦਿਸ਼ਾ ਵਿੱਚ ਇੱਕ ਕਦਮ ਵਜੋਂ, ਜ਼ਿਲ੍ਹਾ ਪੁਲਿਸ ਨੇ ਸ਼ੁੱਕਰਵਾਰ ਨੂੰ ਇੱਕ ਉੱਨਤ ਵਾਇਰਲੈੱਸ ਨਿਗਰਾਨੀ ਪ੍ਰਣਾਲੀ ਅਤੇ ਕਰਮਚਾਰੀਆਂ ਲਈ ਇੱਕ ਨਵੇਂ ਜਿਮਨੇਜ਼ੀਅਮ ਦਾ ਉਦਘਾਟਨ ਕੀਤਾ।



ਹਰਚਰਨ ਸਿੰਘ ਭੁੱਲਰ, ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ, ਪਟਿਆਲਾ ਰੇਂਜ ਦੁਆਰਾ ਹਾਈ-ਡੈਫੀਨੇਸ਼ਨ ਕੈਮਰੇ, ਚਿਹਰੇ ਦੀ ਪਛਾਣ ਅਤੇ ਆਟੋਮੈਟਿਕ ਨੰਬਰ ਪਲੇਟ ਰੀਡਿੰਗ ਸਮਰੱਥਾ ਵਾਲੇ ਵਾਇਰਲੈੱਸ ਕਲੋਜ਼-ਸਰਕਟ ਟੈਲੀਵਿਜ਼ਨ (ਸੀਸੀਟੀਵੀ) ਨੈਟਵਰਕ ਦਾ ਉਦਘਾਟਨ ਕੀਤਾ ਗਿਆ। ਇਸਦਾ ਉਦੇਸ਼ ਅਸਲ-ਸਮੇਂ ਦੀ ਨਿਗਰਾਨੀ ਅਤੇ ਤੇਜ਼ੀ ਨਾਲ ਜਵਾਬ ਦੇ ਜ਼ਰੀਏ ਕਾਨੂੰਨ ਅਤੇ ਵਿਵਸਥਾ ਨੂੰ ਮਜ਼ਬੂਤ ਕਰਨਾ ਹੈ।

ਸਮਾਗਮ ਵਿੱਚ ਬੋਲਦਿਆਂ ਡੀ.ਆਈ.ਜੀ. ਭੁੱਲਰ ਨੇ ਪ੍ਰਭਾਵਸ਼ਾਲੀ ਪੁਲਿਸਿੰਗ ਲਈ ਤਕਨਾਲੋਜੀ ਦਾ ਲਾਭ ਉਠਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਹ ਸਿਸਟਮ ਇੱਕ ਬਲ ਗੁਣਕ ਵਜੋਂ ਕੰਮ ਕਰੇਗਾ, ਅਪਰਾਧ ਦੀ ਰੋਕਥਾਮ ਵਿੱਚ ਸਹਾਇਤਾ ਕਰੇਗਾ ਅਤੇ ਘਟਨਾਵਾਂ ਦੇ ਤੁਰੰਤ ਜਵਾਬ ਨੂੰ ਸਮਰੱਥ ਕਰੇਗਾ।

ਸੀਨੀਅਰ ਪੁਲਿਸ ਕਪਤਾਨ, ਮਾਲੇਰਕੋਟਲਾ ਹਰਕਮਲ ਪ੍ਰੀਤ ਸਿੰਘ ਖੱਖ, ਨੇ ਕਿਹਾ ਕਿ ਨਿਗਰਾਨੀ ਬੁਨਿਆਦੀ ਢਾਂਚਾ ਨਾਗਰਿਕਾਂ ਵਿੱਚ ਸੁਰੱਖਿਆ ਦੀ ਭਾਵਨਾ ਨੂੰ ਵਧਾਏਗਾ ਅਤੇ ਵੱਖ-ਵੱਖ ਸਰੋਤਾਂ ਤੋਂ ਡੇਟਾ ਨੂੰ ਏਕੀਕ੍ਰਿਤ ਕਰਕੇ ਜਾਂਚ ਨੂੰ ਸੁਚਾਰੂ ਬਣਾਏਗਾ।

ਇਸ ਦੇ ਨਾਲ ਹੀ, ਪੁਲਿਸ ਲਾਈਨ ਦੇ ਅੰਦਰ ਇੱਕ ਆਧੁਨਿਕ ਜਿਮਨੇਜ਼ੀਅਮ ਦਾ ਉਦਘਾਟਨ ਕੀਤਾ ਗਿਆ ਤਾਂ ਜੋ ਕਰਮਚਾਰੀਆਂ ਵਿੱਚ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਜਨਤਕ ਸੇਵਾ ਪ੍ਰਦਾਨ ਕੀਤੀ ਜਾ ਸਕੇ।

ਉਨ੍ਹਾਂ ਕਿਹਾ ਕਿ ਸਾਡੇ ਕਰਮਚਾਰੀਆਂ ਲਈ ਅਤਿ ਆਧੁਨਿਕ ਨਿਗਰਾਨੀ ਅਤੇ ਬਿਹਤਰ ਸਹੂਲਤਾਂ ਦੇ ਨਾਲ, ਅਸੀਂ ਉੱਭਰ ਰਹੀਆਂ ਚੁਣੌਤੀਆਂ ਨਾਲ ਨਜਿੱਠਣ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬਿਹਤਰ ਸਥਿਤੀ ਵਿੱਚ ਹਾਂ। ਉਨ੍ਹਾਂ ਹੋਰ ਦੱਸਿਆ ਕਿ ਇਹ ਸੀਸੀਟੀਵੀ ਕਮਾਂਡ ਸੈਂਟਰ ਅਪਰਾਧ ਦੇ ਪੈਟਰਨਾਂ ਨੂੰ ਮੈਪ ਕਰਨ, ਸ਼ੱਕੀਆਂ ਦੀ ਪਛਾਣ ਕਰਨ ਅਤੇ ਫੀਲਡ ਓਪਰੇਸ਼ਨਾਂ ਦਾ ਤਾਲਮੇਲ ਕਰਨ ਲਈ ਵੀਡੀਓ ਵਿਸ਼ਲੇਸ਼ਣ ਅਤੇ ਡੇਟਾ ਪ੍ਰੋਸੈਸਿੰਗ ਟੂਲਸ ਦੀ ਵਰਤੋਂ ਕਰੇਗਾ। ਅਧਿਕਾਰੀਆਂ ਦਾ ਮੰਨਣਾ ਹੈ ਕਿ ਵਿਆਪਕ ਕਵਰੇਜ ਚੋਰੀ, ਛੇੜਛਾੜ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਰਗੇ ਸਟ੍ਰੀਟ ਅਪਰਾਧਾਂ ਨੂੰ ਰੋਕ ਦੇਵੇਗੀ।

ਉਨ੍ਹਾਂ ਕਿਹਾ ਮਾਲੇਰਕੋਟਲਾ ਪੁਲਿਸਿੰਗ ਆਧੁਨਿਕ ਤਕਨੀਕਾਂ ਨੂੰ ਅਪਣਾ ਕੇ ਸਮੇਂ ਬਣ ਰਹੀ ਹੈ ਤਾਂ ਜੋ ਪ੍ਰਸ਼ਾਸਨ ਪੁਲਿਸ ਭਲਾਈ ਨੂੰ ਵਧਾਉਣ ਦੇ ਨਾਲ-ਨਾਲ ਕਾਨੂੰਨ ਅਤੇ ਵਿਵਸਥਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਰਕਰਾਰ ਰੱਖਿਆ ਜਾ ਸਕੇ।

# ਨਾਭਾ ਰੋਹਟੀ ਪੁੱਲ ਚੌਕੀ ਦੀ ਪੁਲਿਸ ਟੀਮ ਨੂੰ ਨਾਕਾ ਬੰਦੀ ਦੋਰਾਨ ਮਿਲੀ ਕਾਮਯਾਬੀ

**ਨਾਭਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਰੋਹਟੀ ਪੁੱਲ ਚੌਕੀ ਦੇ ਇੰਚਾਰਜ ਏ ਐਸ ਆਈ ਜੈਦੀਪ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ F.I.R. NO. D0 14/3/24 ਰੋਹਟੀ ਪੁੱਲ ਚੌਕੀ ਦੇ ਨੇੜੇ ਨਾਕਾਬੰਦੀ ਦੌਰਾਨ ਇੱਕ ਵਿਅਕਤੀ ਨੂੰ ਮੋਟਰਸਾਈਕਲ ਤੋਂ ਰੋਕ ਕੇ ਪੁੱਛ ਗਿੱਛ ਕੀਤੀ ਗਈ ਜਿਸ ਕੋਲ 36 ਬੋਤਲਾਂ ਸ਼ਰਾਬ ਦੇਸੀ ਪੰਜਾਬ ਗ਼ਦਰ ਸੰਤਰਾ ਇੱਕ ਬੋਰੇ ਵਿੱਚ ਲੈਕੇ ਜਾ ਰਿਹਾ ਸੀ ਉਸਨੂੰ ਗ੍ਰਿਫ਼ਤਾਰ ਕੀਤਾ ਜਿਸ ਦਾ ਨਾਮ



(ਅਮਰੀਕ ਸਿੰਘ) ਪੁੱਤਰ ਸ਼੍ਰੀ (ਗੁਰਮੁਖ ਸਿੰਘ) *ਪਿੰਡ ਸ਼ੇਖੂਪੁਰ ਪਸ਼ੀਆਨਾ ਦਾ ਰਹਿਣ ਵਾਲਾ ਹੈ।

ਮੋਟਰਸਾਈਕਲ ਦਾ NO. PBDHCCCBH City ਡਿਲੈਕਸ ਇਸ ਪਰ ਪਹਿਲਾਂ ਵੀ 2 ਚੋਰੀ ਦੇ ਪਰਚੇ ਦਰਜ਼ ਹਨ। ਤੇ ਪੁਲਿਸ ਟੀਮ ਏ ਐਸ ਆਈ ਜੈਦੀਪ ਸ਼ਰਮਾ, ਹੈਡ ਕਾਸਟਰੇਬਲ ਅਮਰਿੰਦਰ ਸਿੰਘ, ਹੈਡ ਕਾਸਟਰੇਬਲ ਸੁਖਵਿੰਦਰ ਸਿੰਘ,ਪੰਜਾਬ ਹੋਮ ਗਾਰਡਜ਼ ਵਿਜੇ ਕੁਮਾਰ ਆਦਿ ਹਾਜ਼ਰ ਸਨ।

# ਡੀਐਸਪੀ ਦਫ਼ਤਰ ਪੱਟੀ ਵਿਖੇ ਕਿਸਾਨ ਸੰਘਰਸ਼ ਕਮੇਟੀ ਦੇ ਆਗੂਆਂ ਨੇ 18 ਨੂੰ ਧਰਨਾ ਦੇਣ ਦਾ ਕੀਤਾ ਐਲਾਨ



**ਦਿਆਲਪੁਰਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਮਹੀਨੇ ਤੋਂ ਵੱਧ ਦਰਖਾਸਤ ਦਿੱਤੀ ਨੂੰ ਹੁਣ ਜੇ ਬਾਵਜੂਦ ਵੀ ਡੀਐਸਪੀ ਪੱਟੀ ਵੱਲੋਂ ਕੋਈ ਨਾ ਕਾਰਵਾਈ ਕੀਤੇ ਜਾਣ ਦੇ ਰੋਸ ਵਿੱਚ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਆਗੂਆਂ ਵੱਲੋਂ 18 ਮਾਰਚ ਨੂੰ ਪੱਟੀ ਡੀਐਸਪੀ ਦਫਤਰ ਦੇ ਸਾਹਮਣੇ ਧਰਨਾ ਦੇਣ ਦਾ ਐਲਾਨ ਕੀਤਾ ਹੈ ਇਸ ਉਪਰੰਤ ਗੱਲਬਾਤ ਕਰਦੇ ਹੋਏ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਜ਼ਿਲਾ ਵਿੱਤ ਸਕੱਤਰ ਸਾਹਿਬ ਸਿੰਘ ਸਭਰਾ ਨੇ ਕੀਤੀ ਪ੍ਰੈਸ ਕਾਨਫਰੰਸ ਜਰੀਏ ਦੱਸਿਆ ਕਿ ਕਿਸਾਨ ਆਗੂ ਨਵਦੀਪ ਸਿੰਘ ਵੱਲੋਂ ਝੋਨੇ ਦੇ ਸੀਜ਼ਨ ਵਿੱਚ ਪਿੰਡ ਦੁਬਲੀ ਦੇ ਇੱਕ ਆੜਤੀਏ ਨੂੰ ਝੋਨੇ ਦੀ ਫਸਲ ਦਿੱਤੀ ਸੀ ਜਿਸ ਤੋਂ ਬਾਅਦ ਉਸ ਆੜਤੀਏ ਵੱਲੋਂ ਝੋਨੇ ਦੀ ਬਕਾਇਆ ਰਾਸ਼ੀ ਉਹਨਾਂ ਨੂੰ ਨਹੀਂ ਦਿੱਤੀ ਗਈ ਜਦ ਇਸ ਸਬੰਧੀ ਕਿਸਾਨ ਆਗੂਆਂ ਦੇ ਧਿਆਨ ਵਿੱਚ ਇਹ ਮਸਲਾ ਆਇਆ ਤਾਂ ਉਸ ਤੋਂ ਬਾਅਦ ਉਸ ਆੜਤੀਏ ਵੱਲੋਂ 1 ਲੱਖ ਰੁਪਆ ਜੋ ਕਿ ਵਾਪਸ ਕਰ ਦਿੱਤਾ ਗਿਆ ਸੀ ਪਰ ਜੋ 1 ਲੱਖ ਰੁਪਆ ਰਹਿੰਦਾ ਸੀ ਜਿਸ ਤੋਂ ਉਹ ਆੜਤੀਆ ਸਾਫ ਮੁੱਕਰ ਗਿਆ ਅਤੇ ਇਸ ਤੋਂ ਬਾਅਦ ਇਸ ਦੀ ਲਿਖਤੀ ਸ਼ਿਕਾਇਤ ਉਹਨਾਂ ਵੱਲੋਂ ਜ਼ਿਲ੍ਹਾ ਤਰਨ ਤਰਨ ਦੇ ਐਸਐਸਪੀ ਨੂੰ ਦਿੱਤੀ ਅਤੇ ਉਹ ਦਰਖਾਸਤ ਮਾਰਗ ਹੋ ਕੇ ਡੀਐਸਪੀ ਪੱਟੀ ਦੇ ਦਫਤਰ ਵਿਖੇ ਤਕਰੀਬਨ ਇੱਕ ਮਹੀਨੇ ਤੋਂ ਆਈ ਹੋਈ ਹੈ ਅਤੇ ਇਸ ਦੌਰਾਨ ਜਥੇਬੰਦੀ ਵੱਲੋਂ ਅੱਠ ਤੋਂ 10 ਗੇੜੇ ਡੀਐਸਪੀ ਦਫਤਰ ਵਿਖੇ ਮਾਰ ਕੇ ਇਨਸਾਫ ਦੀ ਮੰਗ ਕੀਤੀ ਗਈ ਕਿ ਉਕਤ ਆੜਤੀਏ ਨੂੰ ਸਾਡੇ ਸਾਹਮਣੇ ਸੱਦ ਕੇ ਸਾਨੂੰ ਇਨਸਾਫ ਦਵਾਇਆ ਜਾਵੇ ਪਰ ਡੀਐਸਪੀ ਦੇ ਦੇ ਰੀਡਰ ਹਰਪ੍ਰੀਤ ਸਿੰਘ ਵੱਲੋਂ ਜਥੇਬੰਦੀ ਦੇ ਆਗੂਆਂ ਨੂੰ ਲਾਰਾ ਲੱਪਾ ਲਾ ਕੇ ਇਹ ਕਹਿੰਦਾ ਰਿਹਾ ਕਿ ਉਕਤ ਆੜਤੀਆ ਅੱਜ ਕਿਤੇ ਮੰਤਰੀ ਸਾਹਿਬ ਦੇ ਕਹਿਣ ਤੇ ਕਣਕ ਵੰਡਣ ਗਏ ਅਤੇ ਕਿਤੇ ਮੰਤਰੀ ਸਾਹਿਬ ਦੇ ਕਹਿਣ ਤੇ ਕੁਝ ਕਰਨ ਗਏ ਹਨ ਜਿਸ ਕਰਕੇ ਕਿਸਾਨ ਆਗੂਆਂ ਨੂੰ ਉਹ ਮੰਤਰੀ ਦਾ ਦਬਾਵ ਵੀ ਵਿਖਾਉਂਦਾ ਰਿਹਾ ਜਿਸ ਤੋਂ ਸਾਫ ਪਤਾ ਚਲਦਾ ਹੈ ਕਿ ਡੀਐਸਪੀ ਪੱਟੀ ਦਾ ਰੀਡਰ ਸਿੱਧੇ ਤੇ ਸਿੱਧੇ ਤੌਰ ਤੇ ਸਿਆਸਤ ਨਾਲ ਪ੍ਰੇਰਿਤ ਹੈ ਅਤੇ ਕਿਸੇ ਨੂੰ ਵੀ ਇਨਸਾਫ ਦਵਾਉਣ ਵਿੱਚ ਅਸਫਲ ਹੈ। ਉਹਨਾਂ ਕਿਹਾ ਕਿ ਜਥੇਬੰਦੀ ਕਦੇ ਵੀ ਨਹੀਂ ਸੀ ਚਾਹੁੰਦੀ ਕਿ ਉਹਨਾਂ ਨੂੰ ਇਸ ਮਸਲੇ ਸਬੰਧੀ ਕੋਈ ਸੰਘਰਸ਼ ਕਰਨਾ ਪਵੇ ਪਰ ਡੀਐਸਪੀ ਦੇ ਰੀਡਰ ਦੇ ਰਵਈਏ ਨੂੰ ਵੇਖ ਕੇ ਮਜਬੂਰ ਉਹਨਾਂ ਨੂੰ ਇਹ ਪ੍ਰੈਸ ਕਾਨਫਰੰਸ ਕੀਤੀ ਗਈ ਹੈ।

ਇਸ ਉਪਰੰਤ ਗੱਲਬਾਤ ਕਰਦੇ ਹੋਏ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਸੂਬਾ ਜਨਰਲ ਸਕੱਤਰ ਸੁੱਚਾ ਸਿੰਘ ਲੱਧੂ ਨੇ ਕਿਹਾ ਕਿ 18 ਮਾਰਚ ਨੂੰ ਵੱਡੇ ਪੱਧਰ ਤੇ ਡੀਐਸਪੀ ਦਫ਼ਤਰ ਦਾ ਘਰਾਓ ਕੀਤਾ ਜਾਵੇਗਾ ਅਤੇ ਅਣਮਿਥੇ ਸਮੇਂ ਲਈ ਧਰਨਾ ਦਿੱਤਾ ਜਾਵੇਗਾ ਜਦ ਤੱਕ ਕਿਸਾਨਾਂ ਦਾ ਪੈਸਾ ਮਾਰਨ ਵਾਲੇ ਆੜਤੀਏ ਤੇ ਕਾਰਵਾਈ ਨਹੀਂ ਹੋ ਜਾਂਦੀ ਇਸ ਮੌਕੇ ਉਹਨਾਂ ਦੇ ਨਾਲ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ।ਉਧਰ ਜਦ ਇਸ ਸਬੰਧੀ ਡੀਐਸਪੀ ਕਵਲਪ੍ਰੀਤ ਸਿੰਘ ਪੱਟੀ ਨਾਲ ਫੋਨ ਤੇ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਇਸ ਮਾਮਲੇ ਸਬੰਧੀ ਪਹਿਲਾਂ ਵੀ ਆੜਤੀਏ ਨੂੰ ਸੱਦਿਆ ਗਿਆ ਸੀ ਅਤੇ ਇਹਨਾਂ ਦਾ ਫੈਸਲਾ ਕਰਵਾਇਆ ਗਿਆ ਸੀ ਪਰ ਆੜਤੀਆ ਇਸ ਤੋਂ ਮੁੱਕਰ ਗਿਆ ਹੈ ਹੁਣ ਫਿਰ ਉਸ ਨੂੰ ਲਿਖਤੀ ਸੱਦਿਆ ਜਾ ਰਿਹਾ ਹੈ ਅਤੇ ਜੋ ਵੀ ਬਣਦੀ ਕਾਰਵਾਈ ਹੋਵੇਗੀ ਕੀਤੀ ਜਾਵੇਗੀ ਪਰ ਧਰਨੇ ਤਾਂ ਜਥੇਬੰਦੀਆਂ ਲਾਉਂਦੀਆਂ ਹੀ ਰਹਿੰਦੀਆਂ ਹਨ।

# ਸੀਆਈਏ ਵੱਲੋਂ 5 ਅਰੋਪੀ ਕਾਬੂ ਕਰਕੇ 343 ਗ੍ਰਾਮ ਹੈਰੋਇਨ ਤੇ 1.16 ਲੱਖ ਰੁ. ਡਰੱਗ ਮਨੀ ਫੜਨ ਦਾ ਦਾਅਵਾ



**ਮਲੇਰਕੋਟਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਕੱਲ੍ਹ ਦੇ ਸਫਲ ਆਪ੍ਰੇਸ਼ਨਾਂ ਨੂੰ ਅੱਗੇ ਵਧਾਉਂਦੇ ਹੋਏ ਮਾਲੇਰਕੋਟਲਾ ਪੁਲਿਸ ਦੀ ਸੀ.ਆਈ.ਏ ਟੀਮ ਨੇ ਹੋਰ ਛਾਪੇਮਾਰੀ ਕਰਕੇ ਹੈਰੋਇਨ ਦੀ ਵਪਾਰਕ ਮਾਤਰਾ ਬਰਾਮਦ ਕਰਦਿਆਂ ਤਿੰਨ ਹੋਰ ਆਰੋਪੀਆਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ।ਪੁਲਿਸ ਵੱਲੋਂ ਪਿਛਲੇ ਦੋ ਦਿਨਾਂ ਦੌਰਾਨ ਨਸ਼ਾ ਤਸਕਰਾਂ 'ਤੇ ਵੱਡੀ ਕਾਰਵਾਈ ਕਰਦਿਆਂ ਕੁੱਲ ਗਿਣਤੀ ਹੁਣ 5 ਅਰੋਪੀਆਂ ਤੱਕ ਪਹੁੰਚਣ ਅਤੇ ਉਨ੍ਹਾਂ ਕੋਲੋਂ ਲਗਭਗ 343 ਗ੍ਰਾਮ ਹੈਰੋਇਨ ਅਤੇ 1.16 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕਰਨ ਦਾ ਦਾਅਵਾ ਵੀ ਕੀਤਾ ਗਿਆ ਹੈ।ਇਸ ਸਬੰਧੀ ਨੂੰ ਮੀਡੀਆ ਦਿੱਤੀ ਜਾਣਕਾਰੀ ਵਿੱਚ ਮਾਲੇਰਕੋਟਲਾ ਦੇ ਜਿਲ੍ਹਾ ਪੁਲਿਸ ਮੁੱਖੀ ਨੇ ਦਾਅਵਾ ਕੀਤਾ ਹੈ ਕਿ ਪਹਿਲੀ ਕਾਰਵਾਈ ਦੌਰਾਨ ਦੋ ਆਰੋਪੀ ਗ੍ਰਿਫਤਾਰ ਕੀਤੇ ਗਏ ਹਨ। ਹੁਣ ਫਿਰ ਤਿੰਨ ਅਰੋਪੀ ਗ੍ਰਿਫਤਾਰ ਕੀਤੇ ਗਏ ਹਨ।

ਉਨ੍ਹਾਂ ਦਾਅਵਾ ਕੀਤਾ ਕਿ ਗ੍ਰਿਫ਼ਤਾਰ ਕੀਤੇ ਗਏ ਅਰੋਪੀਆਂ ਤੋਂ ਪੁੱਛਗਿੱਛ ਦੌਰਾਨ ਮਿਲੇ ਸੁਰਾਗਾਂ ਦੇ ਆਧਾਰ ਤੇ ਡੀਐਸਪੀ ਡੀ ਸਤੀਸ਼ ਕੁਮਾਰ ਦੀ ਨਿਗਰਾਨੀ ਹੇਠ ਇੰਸਪੈਕਟਰ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਸੀਆਈਏ ਟੀਮ ਨੇ ਕਾਬੂ ਕੀਤਾ ਹੈ।

ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਮਾਲੇਰਕੋਟਲਾ ਦੇ ਮਾਨਾ ਫਾਟਕ ਵਾਲੀ ਗਲੀ ਨੇੜੇ ਕੱਟੀ ਰੋਡ ਰੇਲਵੇ ਪੁਲ ਅਤੇ ਮਸਜਿਦ ਦੇ ਪਿੱਛੇ ਇਲਾਕੇ 'ਚ ਛਾਪੇਮਾਰੀ ਦੌਰਾਨ ਅਰੋਪੀਆਂ ਦੇ ਕਬਜ਼ੇ 'ਚੋਂ 270 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ।

# ਪਟਿਆਲਾ ਤੋਂ ਡਾ. ਬਲਵੀਰ ਸਿੰਘ ਭਾਰੀ ਜਿੱਤ ਹਾਸਲ ਕਰਨਗੇ- ਜੱਸੀ ਸੋਹੀਆਂ ਵਾਲਾ

**ਨਾਭਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਪਟਿਆਲਾ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾਕਟਰ ਬਲਵੀਰ ਸਿੰਘ ਸਿਹਤ ਮੰਤਰੀ ਪੰਜਾਬ ਭਾਰੀ ਵੋਟਾਂ ਦੇ ਨਾਲ ਜਿੱਤ ਹਾਸਲ ਕਰਨਗੇ। ਉਨਾਂ ਨੇ ਅੱਜ ਡਾਕਟਰ ਬਲਵੀਰ ਸਿੰਘ ਦੇ ਗ੍ਰਹਿ ਵਿਖੇ ਮਿਲ ਕੇ ਉਹਨਾਂ ਨੂੰ ਟਿਕਟ ਮਿਲਣ ਦੀ ਵਧਾਈ ਦਿੱਤੀ ਅਤੇ ਸਨਮਾਨ ਕੀਤਾ।

ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜੀ ਨੇ ਇੱਕ ਸੁਲਝੇ ਹੋਏ ਇਨਸਾਨ ਨੂੰ ਚੋਣ ਮੈਦਾਨ ਵਿੱਚ ਉਤਾਰ ਕੇ ਪਟਿਆਲਾ ਲੋਕ ਸਭਾ ਹਲਕੇ ਦੇ ਲੋਕਾਂ ਦਾ ਦਿਲ ਜਿੱਤਿਆ ਹੈ ਕਿਉਂਕਿ ਡਾਕਟਰ ਬਲਵੀਰ ਸਿੰਘ ਜੋ ਲੋਕਾਂ ਦੇ ਹਰਮਨ ਪਿਆਰੇ ਆਗੂ ਹਨ ਅਤੇ ਉਹਨਾਂ ਦਾ ਲੋਕ ਸਭਾ ਹਲਕੇ ਦੇ ਅੰਦਰ ਪੈਂਦੇ ਸਾਰੇ ਹੀ ਵਿਧਾਨ ਸਭਾ ਹਲਕਿਆਂ ਵਿੱਚ ਲੋਕਾਂ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਵਿੱਚ ਪੂਰਾ ਪਿਆਰ ਹੈ ਜੋ ਗਰਾਊਂਡ ਪੱਧਰ ਤੋਂ ਹਰ ਵਰਕਰ ਨੂੰ ਚੰਗੀ ਤਰ੍ਹਾਂ ਜਾਣਦੇ ਤੇ ਪਹਿਚਾਣਦੇ ਹਨ।

# ਅਗਰਵਾਲ ਗਊਸਾਲਾ ਵਿਖੇ ਕੈਂਸਰ ਦੇ ਮਰੀਜ਼ਾਂ ਲਈ ਚੈੱਕਅਪ ਕੈਂਪ ਅੱਜ

**ਸਮਾਣਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਰਵਾਲ ਗਊਸ਼ਾਲਾ ਸਮਾਣਾ ਵਿਖੇ ਅੱਜ 21 ਮਾਰਚ ਨੂੰ ਸ੍ਰੀ ਸੀ , ਪੀ , ਮਿੱਤਲ ਸ੍ਰੀ ਰਜੇਸ਼ ਮਿੱਤਰ ਰਾਜੂ 'ਧੀਮਾਨ ਸਟੀਲ ਰੋਲਿੰਗ ਮਿੱਲ ਮੰਡੀ ਗੋਬਿੰਦਗੜ੍ਹ ਵਾਲਿਆਂ ਵੱਲੋਂ ਸਮਾਣਾ ਵਿਖੇ ਕੈਂਸਰ ਦਾ ਫਰੀ ਚੈੱਕ ਅੱਪ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਕੈਬਨਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਅਤੇ ਵਿਸ਼ੇਸ਼ ਮਹਿਮਾਨਾ ਵਜੋਂ ਉਦਯੋਗਪਤੀ ਰਮੇਸ਼ ਕੁਮਾਰ ਗਰਗ ਅਤੇ ਸੀ ਏ ਅਮਿਤ ਸਿੰਗਲਾ ਸਿਰਕਤ ਕਰਨਗੇ ।

ਇਸ ਮੌਕੇ ਕੈਂਸਰ ਸਪੈਸ਼ਲਿਸਟ ਮੋਹਾਲੀ ਦੇ ਡਾਕਟਰ ਸਚਿਨ ਗੁਪਤਾ ਅਤੇ ਸਵੇਤਾ ਗੁਪਤਾ ਮਰੀਜ਼ਾਂ ਦਾ ਚੈੱਕ ਅੱਪ ਕਰਨਗੇ।

ਅਗਰਵਾਲ ਗਊਸ਼ਾਲਾ ਦੇ ਵਾਇਸ ਪ੍ਰਧਾਨ ਰਾਮ ਬਾਂਸਲ, ਸੁਦਰਸ਼ਨ ਮਿੱਤਲ ,ਰਜਿੰਦਰ ਕੁਮਾਰ,ਸ਼ਿਵ ਨਰਾਇਣ ਗਰਗ, ਨਰੇਸ਼ ਕੁਮਾਰ ਨੂਰੀ ਬਾਂਸਲ ਅਤੇ ਸਮੂਹ ਅਗਰਵਾਲ ਗਊਸ਼ਾਲਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕੈਂਸਰ ਤੋਂ ਪੀੜਤ ਮਰੀਜ਼ ਵੱਧ ਚੜ ਕੇ ਇਸ ਕੈਂਪ ਵਿੱਚ ਸ਼ਾਮਿਲ ਹੋ ਕੇ ਡਾਕਟਰਾਂ ਦੀਆਂ ਸੇਵਾਵਾਂ ਦਾ ਲਾਭ ਪ੍ਰਾਪਤ ਕਰਨ।

# ਐੱਨਆਈਟੀ ਜਲੰਧਰ ਵਿਖੇ ਹੋਇਆ 19ਵਾਂ ਸਲਾਨਾ ਕਨਵੋਕੇਸ਼ਨ ਸਮਾਰੋਹ

## 1504 ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀਆਂ ਗਈਆਂ ਡਿਗਰੀਆਂ

**ਜਲੰਧਰ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਬੀ ਆਰ ਅੰਬੇਡਕਰ ਨੈਸ਼ਨਲ ਇੰਸਟੀਟਿਊਟ ਆਫ਼ ਟੈਕਨਾਲੋਜੀ ਜਲੰਧਰ ਵੱਲੋਂ 19ਵੀਂ ਸਲਾਨਾ ਕਨਵੋਕੇਸ਼ਨ ਦਾ ਆਯੋਜਨ ਕੀਤਾ ਗਿਆ। ਡਾ. ਸਮੀਰ ਵੀ ਕਾਮਤ, ਸਕੱਤਰ, ਰੱਖਿਆ ਖੋਜ ਅਤੇ ਵਿਕਾਸ ਵਿਭਾਗ ਅਤੇ ਚੇਅਰਮੈਨ, ਡੀਆਰਡੀਓ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਫੈਸਰ ਬਿਨੋਦ ਕੁਮਾਰ ਕਨੌਜੀਆ, ਚੇਅਰਮੈਨ, ਕੌਂਸਲ ਆਫ਼ ਗਵਰਨਰਜ਼ ਅਤੇ ਡਾਇਰੈਕਟਰ, ਐੱਨਆਈਟੀ ਜਲੰਧਰ; ਡਾ. ਅਜੈ ਬਾਂਸਲ, ਰਜਿਸਟਰਾਰ, ਐੱਨਆਈਟੀ ਜਲੰਧਰ; ਬੋਰਡ ਆਫ਼ ਗਵਰਨਰਜ਼ ਦੇ ਮੈਂਬਰ; ਸੈਨੇਟ ਦੇ ਮੈਂਬਰ; ਐੱਨਆਈਟੀ ਜਲੰਧਰ ਦੇ ਫੈਕਲਟੀ ਅਤੇ ਸਟਾਫ਼ ਮੈਂਬਰ ਵੀ ਕਨਵੋਕੇਸ਼ਨ ਸਮਾਰੋਹ ਦੌਰਾਨ ਹਾਜ਼ਰ ਸਨ।




ਕਨਵੋਕੇਸ਼ਨ ਸਮਾਗਮ ਵਿੱਚ 1504 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਸ ਮੌਕੇ ਪੀਜੀ ਡਿਪਲੋਮਾ-03, ਬੀ.ਟੈਕ-1064, ਐੱਮ.ਟੈਕ-253, ਐੱਮਐੱਸਸੀ-92, ਐਮਬੀਏ-32 ਅਤੇ ਪੀਐੱਚਡੀ-60 ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ।

ਇਸ ਮੌਕੇ ਮਾਣਯੋਗ ਚੇਅਰਮੈਨ ਗਵਰਨਿੰਗ ਕੌਂਸਲ ਅਤੇ ਡਾਇਰੈਕਟਰ ਪ੍ਰੋਫੈਸਰ ਬਿਨੋਦ ਕੁਮਾਰ ਕਨੌਜੀਆ ਨੇ ਡਿਗਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਨੂੰ ਦਿਨ ਰਾਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਪ੍ਰੋਫੈਸਰ ਕਨੌਜੀਆ ਨੇ ਇੰਜੀਨੀਅਰਾਂ ਦੁਆਰਾ ਨਿਭਾਈ ਗਈ ਭੂਮਿਕਾ ਅਤੇ ਸੰਸਥਾ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਇਹ ਸੰਸਥਾਨ ਦੇਸ਼ ਦੀਆਂ ਚੋਟੀ ਦੀਆਂ 50 ਇੰਜਨੀਅਰਿੰਗ ਸੰਸਥਾਵਾਂ ਦੇ ਸਮੂਹ ਵਿੱਚ ਸ਼ਾਮਲ ਹੋ ਗਿਆ ਹੈ ਅਤੇ ਵੱਕਾਰੀ ਐੱਨਆਈਆਰਐੱਫ ਰੈਂਕਿੰਗ ਵਿੱਚ 46ਵੇਂ ਸਥਾਨ 'ਤੇ ਹੈ, ਜਦੋਂ ਕਿ ਸਮੁੱਚੀ ਚੋਟੀ ਦੀਆਂ 100 ਸੰਸਥਾਵਾਂ/ਯੂਨੀਵਰਸਿਟੀਆਂ ਵਿੱਚੋਂ 72ਵੇਂ ਸਥਾਨ 'ਤੇ ਹੈ। ਇੰਸਟੀਟਿਊਟ ਨੇ ਗਲੋਬਲ ਰੈਂਕਿੰਗ (ਟਾਈਮਜ਼ ਹਾਇਰ ਐਜੂਕੇਸ਼ਨ ਏਸ਼ੀਆ ਵਿੱਚ 351-400, ਕਿਊਐੱਸ ਏਸ਼ੀਆ ਯੂਨੀਵਰਸਿਟੀ ਰੈਂਕਿੰਗਜ਼ ਵਿੱਚ 651-700, ਇੰਜੀਨੀਅਰਿੰਗ ਸ਼੍ਰੇਣੀ ਦੇ ਤਹਿਤ ਦ ਗਲੋਬਲ ਯੂਨੀਵਰਸਿਟੀ ਰੈਂਕਿੰਗਜ਼ ਵਿੱਚ 601-800) ਵਿੱਚ ਮਹੱਤਵਪੂਰਨ ਵਾਧਾ ਦੇਖਿਆ ਹੈ।

ਪ੍ਰੋਫੈਸਰ ਕਨੌਜੀਆ ਨੇ ਮਾਣਯੋਗ ਮੁੱਖ ਮਹਿਮਾਨ ਡਾ. ਸਮੀਰ ਵੀ. ਕਾਮਤ ਦਾ ਆਪਣਾ ਕੀਮਤੀ ਸਮਾਂ ਦੇਣ ਅਤੇ ਇਸ ਸੰਸਥਾ ਦੇ ਨੌਜਵਾਨ ਗ੍ਰੈਜੂਏਟ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ਼ ਨੂੰ ਉਤਸ਼ਾਹਿਤ ਕਰਨ ਲਈ ਧੰਨਵਾਦ ਕੀਤਾ।

ਉਨ੍ਹਾਂ ਨੇ ਇੰਸਟੀਟਿਊਟ ਦੀ ਸਫ਼ਲਤਾ ਵਿੱਚ ਮਹੱਤਵਪੂਰਨ ਸਹਿਯੋਗ ਲਈ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ, ਪ੍ਰੋਗਰਾਮ ਦੇ ਮਹੱਤਵਪੂਰਨ ਪਲਾਂ ਨੂੰ ਕੈਪਚਰ ਕਰਨ ਲਈ ਮੀਡੀਆ ਕਰਮੀਆਂ, ਫੈਕਲਟੀ ਮੈਂਬਰਾਂ, ਸਟਾਫ਼, ਵਿਦਿਆਰਥੀਆਂ ਅਤੇ ਸਾਬਕਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਵਚਨਬੱਧਤਾ ਅਤੇ ਸਮਾਰੋਹ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਉਨ੍ਹਾਂ ਦੀ ਦਿਲੋਂ ਸ਼ਲਾਘਾ ਕੀਤੀ।

ਇਸ ਮੌਕੇ ਦੇ ਮੁੱਖ ਮਹਿਮਾਨ ਡਾ. ਸਮੀਰ ਵੀ. ਕਾਮਤ ਨੇ ਨੌਜਵਾਨ ਗ੍ਰੈਜੂਏਟ ਵਿਦਿਆਰਥੀਆਂ ਨੂੰ ਰਾਸ਼ਟਰੀ ਪ੍ਰਸਿੱਧੀ ਵਾਲੇ ਸੰਸਥਾਨ ਤੋਂ ਡਿਗਰੀਆਂ ਪ੍ਰਾਪਤ ਕਰਨ ਲਈ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਰਾਸ਼ਟਰ ਦੇ ਭਵਿੱਖ ਨੂੰ ਸੰਵਾਰਨ ਵਿੱਚ ਟੈਕਨਾਲੋਜੀ ਦੀ ਭੂਮਿਕਾ ਦੇ ਨਾਲ-ਨਾਲ ਵਿਦਿਆਰਥੀਆਂ ਦੀ ਮਿਹਨਤ ਅਤੇ ਲਗਨ ਨਾਲ ਇਸ ਨੂੰ ਅੱਗੇ ਲਿਜਾਣ ਦੀ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਅੱਗੇ ਵਧਾਉਣ ਵਿੱਚ ਸਹਿਯੋਗ ਕਰਨ ਲਈ ਮਾਪਿਆਂ ਨੂੰ ਵੀ ਵਧਾਈ ਦਿੱਤੀ। ਉਨ੍ਹਾਂ ਨੇ ਗਵਰਨਿੰਗ ਕੌਂਸਲ ਦੇ ਚੇਅਰਮੈਨ ਅਤੇ ਡਾਇਰੈਕਟਰ, ਪ੍ਰੋਫੈਸਰ ਬਿਨੋਦ ਕੁਮਾਰ ਕਨੌਜੀਆ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਲਈ ਵਧਾਈ ਦਿੱਤੀ ਜਿਸ ਕਾਰਨ ਇਹ ਪ੍ਰਾਪਤੀਆਂ ਹੋਈਆਂ ਹਨ।

# ਸੀਨੀਅਰ ਕਾਂਗਰਸੀ ਆਗੂ ਜੋਗਿੰਦਰ ਸਿੰਘ ਬਿੱਲੂ ਨੂੰ ਜ਼ਿਲ੍ਹਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ



**ਕਪੂਰਥਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇਂ ਦਿਨੀਂ ਸਥਾਨਕ ਏਕਤਾ ਭਵਨ ਵਿਖੇ ਜਿਲਾ ਕਾਂਗਰਸ ਕਮੇਟੀ ਦੀ ਅਹਿਮ ਮੀਟਿੰਗ ਹੋਈ ਜਿਸ ਵਿੱਚ ਹਲਕਾ ਕਪੂਰਥਲਾ ਵਿਧਾਇਕ ਰਾਣਾ ਗੁਰਜੀਤ ਸਿੰਘ ,ਜਿਲਾ ਕਾਂਗਰਸ ਕਮੇਟੀ ਕਪੂਰਥਲਾ ਦੇ ਪ੍ਰਧਾਨ ਹਲਕਾ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ , ਕਪੂਰਥਲਾ ਸ਼ਹਿਰੀ ਪ੍ਰਧਾਨ ਦੀਪਕ ਸਲਵਾਨ ਸਹਿਤ ਵੱਡੀ ਗਿਣਤੀ ਚ ਕਾਂਗਰਸ ਪਾਰਟੀ ਦੇ ਅਹੁਦੇਦਾਰ ਅਤੇ ਵਰਕਰ ਸਾਹਿਬਾਨ ਹਾਜ਼ਿਰ ਹੋਏ ਇਸ ਮੌਕੇ ਜਿਲਾ ਕਾਂਗਰਸ ਕਮੇਟੀ ਕਪੂਰਥਲਾ ਦੇ ਪ੍ਰਧਾਨ ਹਲਕਾ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਕੌਂਸਲਰ ਜੋਗਿੰਦਰ ਸਿੰਘ ਬਿੱਲੂ ਨੂੰ ਜਿਲਾ ਮੀਤ ਪ੍ਰਧਾਨ ਦਾ ਅਹੁਦਾ ਦੇਕੇ ਨਵਾਜਿਆ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਕੌਂਸਲਰ ਜੋਗਿੰਦਰ ਸਿੰਘ ਬਿੱਲੂ ਨੂੰ ਵਿਧਾਇਕ ਰਾਣਾ ਗੁਰਜੀਤ ਸਿੰਘ ,ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਨਿਯੁਕਤੀ ਪੱਤਰ ਦੇਕੇ ਸਨਮਾਨਿਤ ਕੀਤਾ।

ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਕੌਂਸਲਰ ਜੋਗਿੰਦਰ ਸਿੰਘ ਬਿੱਲੂ ਨੇ ਹਲਕਾ ਕਪੂਰਥਲਾ ਵਿਧਾਇਕ ਰਾਣਾ ਗੁਰਜੀਤ ਸਿੰਘ ,ਜਿਲਾ ਕਾਂਗਰਸ ਕਮੇਟੀ ਕਪੂਰਥਲਾ ਦੇ ਪ੍ਰਧਾਨ ਹਲਕਾ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦਾ ਧੰਨਵਾਦ ਕਰਦਿਆਂ ਹਾਜ਼ਰੀਨ ਨੂੰ ਭਰੋਸਾ ਦਿਵਾਇਆ ਕਿ ਕਾਂਗਰਸ ਪਾਰਟੀ ਦੀ ਸੋਚ ਨੂੰ ਘਰ ਘਰ ਪਹੁੰਚਾਉਣਗੇ ਅਤੇ ਤਨ ਮਨ ਧਨ ਨਾਲ ਪਾਰਟੀ ਦੀ ਇਮਾਨਦਾਰੀ ਅਤੇ ਵਫ਼ਾਦਾਰੀ ਨਾਲ ਸੇਵਾ ਕਰਾਂਗੇ। ਜਿਕਰਯੋਗ ਹੈ ਕਿ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਕੌਂਸਲਰ ਜੋਗਿੰਦਰ ਸਿੰਘ ਬਿੱਲੂ ਕਰੀਬ ਪੰਜ ਦਹਾਕਿਆਂ ਤੋਂ ਕਾਂਗਰਸ ਪਾਰਟੀ ਦੀ ਸੇਵਾ ਕਰ ਰਹੇ ਹਨ ਅਤੇ ਇਸ ਦੌਰਾਨ ਜਿਲਾ ਕਾਂਗਰਸ ਕਮੇਟੀ ਚ ਸਮੇਂ ਸਮੇਂ ਤੇ ਵੱਖ ਵੱਖ ਅਹੁਦਿਆਂ ਤੇ ਰਹਿਕੇ ਪਾਰਟੀ ਦੀ ਸੇਵਾ ਕਰਦੇ ਰਹੇ ਹਨ ਅਤੇ ਇਸ ਦੌਰਾਨ ਕਈ ਵਾਰ ਕੌਂਸਲਰ ਵੀ ਬਣੇ ਹਨ।

# ਕਮਿਸ਼ਨਰੇਟ ਪੁਲਿਸ ਜਲੰਧਰ ਨੇ ਸੰਚਾਲਨ ਸਮਰੱਥਾਵਾਂ ਨੂੰ ਵਧਾਇਆ; 28 ਨਵੇਂ ਵਾਹਨਾਂ ਨੂੰ ਜਲੰਧਰ ਪੁਲਿਸ ਦੇ ਬੇੜੇ ਵਿੱਚ ਜੋੜਿਆ



**ਜਲੰਧਰ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਸਵਪਨ ਸ਼ਰਮਾ IPS ਕਮਿਸ਼ਨਰ ਪੁਲਿਸ ਜਲੰਧਰ ਦੀ ਗਤੀਸ਼ੀਲ ਅਗਵਾਈ ਹੇਠ, ਹਾਲ ਹੀ ਵਿੱਚ 13 Isuzu Highlander, A@ Mahindra Bolero Neo, ਅਤੇ 5 Kia Carens ਨੂੰ ਕਮਿਸ਼ਨਰੇਟ ਪੁਲਿਸ ਜਲੰਧਰ ਦੇ ਬੇੜੇ ਵਿੱਚ ਸ਼ਾਮਲ ਕੀਤਾ।

ਵੇਰਵੇ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਸੰਚਾਲਨ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਲਈ ਇੱਕ ਰਣਨੀਤਕ ਕਦਮ ਵਜੋਂ, ਜਲੰਧਰ ਦੇ ਹਰੇਕ ਪੁਲਿਸ ਸਟੇਸ਼ਨ ਨੂੰ 13 Isuzu Highlander ਦਿੱਤੇ ਗਏ ਹਨ ਜਿਸ ਨਾਲ ਵੱਧਦੀ ਗਸ਼ਤ ਅਤੇ ਤੇਜ਼ ਜਵਾਬੀ ਕਾਰਵਾਈ ਨੂੰ ਯਕੀਨੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ, ਸਥਾਨਕ ਕਾਨੂੰਨ ਲਾਗੂ ਕਰਨ ਦੇ ਯਤਨਾਂ ਨੂੰ ਹੋਰ ਮਜ਼ਬੂਤ ਕਰਦੇ ਹੋਏ, 8 ਬਿਲਕੁਲ ਨਵੇਂ Mahindra Bolero Neo ਵਾਹਨ ਪੂਰੇ ਸ਼ਹਿਰ ਦੀਆਂ ਵੱਖ-ਵੱਖ ਪੁਲਿਸ ਚੌਕੀਆਂ ਨੂੰ ਅਲਾਟ ਕੀਤੇ ਗਏ ਹਨ।

ਸ੍ਰੀ ਸਵਪਨ ਸ਼ਰਮਾ ਨੇ ਕਿਹਾ ਕਿ ਜਨਤਕ ਸੁਰੱਖਿਆ ਪ੍ਰਤੀ ਵਚਨਬੱਧਤਾ ਵਜੋਂ, 5 Kia Carens ਅਤੇ B Mahindra Bolero Neo ਵਾਹਨ ਐਮਰਜੈਂਸੀ ਰਿਸਪਾਂਸ ਸਿਸਟਮ ਨੂੰ ਸਮਰਪਿਤ ਕੀਤੇ ਗਏ ਹਨ, ਜੋ ਜਲੰਧਰ ਦੇ ਨਾਗਰਿਕਾਂ ਲਈ ਤੇਜ਼ ਅਤੇ ਕੁਸ਼ਲ ਐਮਰਜੈਂਸੀ ਸੇਵਾਵਾਂ ਦੀ ਗਰੰਟੀ ਦਿੰਦੇ ਹਨ।

ਕਮਿਸ਼ਨਰੇਟ ਪੁਲਿਸ ਜਲੰਧਰ ਨੇ ਕਾਨੂੰਨ ਅਤੇ ਵਿਵਸਥਾ ਨੂੰ ਬਰਕਰਾਰ ਰੱਖਣ ਅਤੇ ਕਮਿਊਨਿਟੀ ਦੀ ਭਲਾਈ ਨੂੰ ਸੁਰੱਖਿਅਤ ਰੱਖਣ ਦੇ ਉਦੇਸ਼ ਨਾਲ ਸਰੋਤਾਂ ਦੇ ਇਸ ਵਿਆਪਕ ਵਾਧੇ ਦੇ ਨਾਲ ਸਰਗਰਮ ਪੁਲਿਸਿੰਗ ਅਤੇ ਕਮਿਊਨਿਟੀ ਸੇਵਾ ਲਈ ਆਪਣੇ ਸਮਰਪਣ ਦੀ ਪੁਸ਼ਟੀ ਕੀਤੀ ਹੈ।

# ਜਨਰਲ ਬਿਪਿਨ ਰਾਵਤ ਅਤੇ ਮਹਾਨ ਦੇਸ਼ ਭਗਤਾਂ ਨੂੰ ਹਮੇਸ਼ਾ ਯਾਦ ਰੱਖਣਾ ਜ਼ਰੂਰੀ: ਸਰਲਾ ਭਟਨਾਗਰ

**ਪਟਿਆਲਾ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਚਾਰ ਸਟਾਰ ਚੀਫ਼ ਆਫ਼ ਡਿਫੈਂਸ ਸਰਵਿਸਿਜ਼ ਦੇ ਪਹਿਲੇ ਦੇਸ਼ ਭਗਤ ਜਨਰਲ ਵੀਪਿਨ ਰਾਬਤ ਨੂੰ ਉਨ੍ਹਾਂ ਦੇ ਜਨਮ ਦਿਹਾੜੇ ਮੌਕੇ ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਐਨ ਸੀ ਸੀ ਕੈਡਿਟਸ, ਐਨ ਐਸ ਐਸ ਵੰਲਟੀਅਰਾਂ ਅਤੇ ਸਕਾਊਟ ਗਾਈਡਜ਼ ਨੇ ਯਾਦ ਕਰਕੇ ਸ਼ਰਧਾਂਜਲੀ ਦਿੱਤੀ। ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਨੇ ਜਨਰਲ ਵਿਪਿਨ ਰਾਬਤ ਜੀ ਬਾਰੇ ਦਸਿਆ ਕਿ ਉਨ੍ਹਾਂ ਦਾ ਜਨਮ 20 ਮਾਰਚ 1958 ਨੂੰ ਉਤਰਾਖੰਡ ਗੜ੍ਹਵਾਲ ਪੌੜੀ ਵਿਖੇ ਹੋਇਆ ਜਿਨ੍ਹਾਂ ਨੇ ਦੇਹਰਾਦੂਨ ਅਤੇ ਸ਼ਿਮਲਾ ਦੇ ਸਕੂਲਾਂ ਅਤੇ ਫੇਰ ਮਦਰਾਸ ਤੋਂ ਡਿਫੈਂਸ ਦੀ ਡਿਗਰੀ ਅਤੇ ਟਰੇਨਿੰਗ ਪ੍ਰਾਪਤ ਕੀਤੀ। ਆਰਮੀ ਵਿਚ ਭਰਤੀ ਹੋਕੇ ਦੇਸ਼ ਦੀ ਸੇਵਾ ਕਰਨ, ਨੌਜਵਾਨਾਂ ਵਿੱਚ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨ ਲਈ ਆਪਣੇ ਸੁਪਨਿਆਂ ਨੂੰ ਸਾਕਾਰ ਕੀਤਾ। 1962 ਦੇ ਭਾਰਤ ਚੀਨ ਯੁੱਧ ਸਮੇਂ ਪ੍ਰਸ਼ੰਸਾਯੋਗ ਕਾਰਜ ਕਰਕੇ ਆਪਣੇ ਦੇਸ਼ ਮਾਤ੍ਰ ਭੂਮੀ ਅਤੇ ਜਵਾਨਾਂ ਦੀ ਸੁਰੱਖਿਆ ਬਚਾਉ ਸਨਮਾਨ ਕੀਤਾ।




ਐਨ ਸੀ ਸੀ ਅਫ਼ਸਰ ਸੱਚਨਾ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੇ ਐਨ ਸੀ ਸੀ ਕੈਡਿਟਸ ਨੇ ਭਾਰਤ ਸਰਕਾਰ ਦੇ ਡੀਫੈਸ ਮੰਤਰਾਲੇ ਵਲੋ ਅਨੇਕਾਂ ਸਨਮਾਨ ਮੈਡਲ ਅਤੇ ਸਰਟੀਫਿਕੇਟ ਪ੍ਰਾਪਤ ਕੀਤੇ ਹਨ। ਐਨ ਐਸ ਐਸ ਅਫਸਰ ਸ਼੍ਰੀਮਤੀ ਰਾਵਿੰਦਰ ਕੋਰ ਨੇ ਦੱਸਿਆ ਕਿ ਵੀਰ ਹਕੀਕਤ ਰਾਏ ਸਕੂਲ ਦੇ ਐਨ ਐਸ ਐਸ ਵੰਲਟੀਅਰਾਂ ਨੂੰ ਪ੍ਰਸ਼ੰਸਾਯੋਗ ਸਨਮਾਨ ਮਿਲੇ ਹਨ। ਅਤੇ ਰਾਸ਼ਟਰੀ ਪੱਧਰ ਦੇ ਕੈਂਪਾਂ ਵਿਖੇ ਜਾਣ ਦੇ ਅਵਸਰ ਪ੍ਰਾਪਤ ਹੋਏ । ਸਕਾਊਟ ਗਾਈਡਜ਼ ਟਰੇਨਿੰਗ ਸਪੋਰਟਸ ਕੌਚ ਦੀਪਕ ਸੋਨੀ ਨੇ ਦੱਸਿਆ ਕਿ ਸਕੂਲ ਵਿਖੇ ਹਰ ਸਾਲ ਕੈਂਪ ਲਗਾਕੇ 250 ਤੋਂ ਵੱਧ ਵਿਦਿਆਰਥੀਆਂ ਨੂੰ ਹਿੰਦੁਸਤਾਨ ਸਕਾਉਟ ਗਾਈਡਜ਼ ਵਲੋਂ ਕੈਂਪ ਲਗਾਕੇ ਟਰੇਨਿੰਗ ਸਰਟੀਫਿਕੇਟ ਅਤੇ ਇਨਾਮ ਮਿਲ ਰਹੇ ਹਨ। ਸ਼੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਜਿਲਾ ਟ੍ਰੇਨਿੰਗ ਅਫ਼ਸਰ ਰੈਡ ਕਰਾਸ ਅਤੇ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਟ੍ਰੇਨਰ ਨੇ ਵੀਰ ਹਕੀਕਤ ਰਾਏ ਸਕੂਲ ਦੇ ਪ੍ਰਧਾਨ , ਮੈਨੈਜਮੈਂਟ ਕਮੇਟੀ ਪ੍ਰਿੰਸੀਪਲ ਸਟਾਫ਼ ਮੈਂਬਰਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਵਧੀਆ ਸ਼ਾਨਦਾਰ ਸਿਖਿਆ ਦੇ ਨਾਲ ਸਕੂਲ ਵਿਖੇ ਦੂਸਰੀ ਚੰਗੀਆਂ ਗਤੀਵਿਧੀਆਂ ਚਲਾਕੇ ਬੱਚਿਆਂ ਨੂੰ ਦੇਸ਼ ਸਮਾਜ ਘਰ ਪਰਿਵਾਰਾਂ ਮਾਨਵਤਾ ਵਾਤਾਵਰਨ ਦਾ ਵਫ਼ਾਦਾਰ ਜੁਮੇਵਾਰ ਇਮਾਨਦਾਰ ਨਾਗਰਿਕ ਬਣਾਉਣ ਲਈ ਚੰਗੇ ਉਪਰਾਲੇ ਕੀਤੇ ਜਾ ਰਹੇ ਹਨ।

# ਕਾਂਗਰਸ ਤੇ ਖੱਬੀਆਂ ਪਾਰਟੀਆਂ ਹਨ ਠੱਗ, ਦੋਵਾਂ ਨੇ ਦਿੱਤਾ ਕੇਰਲ ਨੂੰ ਧੋਖਾ : ਮੋਦੀ

**ਪਠਾਨਮਥਿੱਟਾ (ਕੇਰਲ), 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਰਲ ਦੇ ਸੱਤਾਧਾਰੀ ਖੱਬੇ ਜਮਹੂਰੀ ਮੋਰਚੇ (ਐੱਲ. ਡੀ. ਐੱਫ.) ਅਤੇ ਵਿਰੋਧੀ ਧਿਰ ਯੂਨਾਈਟਿਡ ਡੈਮੋਕ੍ਰੇਟਿਕ ਫਰੰਟ (ਯੂ. ਡੀ. ਐੱਫ.) ਨੂੰ 'ਠੱਗ' ਕਰਾਰ ਦਿੰਦੇ ਹੋਏ ਸ਼ੁੱਕਰਵਾਰ ਨੂੰ ਕਿਹਾ ਕਿ ਰਾਜ ਵਿਚ ਦੋਵੇਂ ਇਕ-ਦੂਜੇ ਦੇ ਵਿਰੋਧੀ ਹੋਣ ਦਾ ਦਿਖਾਵਾ ਕਰਦੇ ਹਨ ਜਦਕਿ ਦਿੱਲੀ ਵਿਚ ਗਲੇ ਮਿਲਦੇ ਹਨ।



ਇਥੇ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਕੇਰਲ ਦੇ ਲੋਕ ਉਨ੍ਹਾਂ ਦੀ ਸੱਚਾਈ ਨੂੰ ਸਮਝ ਚੁੱਕੇ ਹਨ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਪਿਛਲੀਆਂ ਚੋਣਾਂ ਵਿਚ ਦੋ ਅੰਕਾਂ ਦੀ ਵੋਟ ਫੀਸਦੀ ਦੇ ਮੁਕਾਬਲੇ ਆਉਣ ਵਾਲੀਆਂ ਚੋਣਾਂ ਵਿਚ ਦੋ ਅੰਕਾਂ ਵਾਲੀਆਂ ਸੀਟਾਂ ਤੱਕ ਪਹੁੰਚਣ ਤੋਂ ਬਹੁਤ ਦੂਰ ਨਹੀਂ ਹੈ।

ਉਨ੍ਹਾਂ ਕਿਹਾ ਕਿ ਐੱਲ. ਡੀ. ਐੱਫ. ਅਤੇ ਯੂ. ਡੀ. ਐੱਫ. ਵਿਰੋਧੀ ਹੋਣ ਦਾ ਦਿਖਾਵਾ ਕਰਦੇ ਹਨ, ਪਰ ਦਿੱਲੀ ਵਿਚ ਉਹ ਇਕ-ਦੂਜੇ ਨੂੰ 'ਗਲੇ' ਲਗਾਉਂਦੇ ਹਨ ! ਕਾਂਗਰਸ ਅਤੇ ਕਮਿਊਨਿਸਟ ਇਥੇ ਇਕ-ਦੂਜੇ ਨੂੰ ਕੋਸਦੇ ਹਨ ਪਰ ਰਾਸ਼ਟਰੀ ਰਾਜਧਾਨੀ ਵਿਚ ਗੱਠਜੋੜ ਬਣਾਉਂਦੇ ਹਨ ! ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਖੱਬੇਪੱਖੀ ਦੋਵੇਂ ਠੱਗ ਹਨ। ਉਨ੍ਹਾਂ ਨੇ ਕੇਰਲ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਪਰ ਹੁਣ ਕੇਰਲ ਦੇ ਲੋਕ, ਖਾਸ ਕਰ ਕੇ ਨੌਜਵਾਨ ਅਤੇ ਔਰਤਾਂ ਅਸਲੀਅਤ ਨੂੰ ਸਮਝ ਰਹੇ ਹਨ। ਜਨ ਸਭਾ 'ਚ ਮੌਜੂਦ ਲੋਕਾਂ ਦੀ ਭੀੜ ਵੱਲ ਇਸ਼ਾਰਾ ਕਰਦੇ ਹੋਏ ਮੋਦੀ ਨੇ ਕਿਹਾ ਕਿ ਪਠਾਨਮਥਿੱਟਾ ਦਾ ਜੋਸ਼ ਦਰਸਾਉਂਦਾ ਹੈ ਕਿ ਇਸ ਵਾਰ ਕੇਰਲ 'ਚ 'ਕਮਲ' ਖਿੜਨ ਵਾਲਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਚੋਣਾਂ ਵਿਚ ਕੇਰਲ ਦੇ ਲੋਕਾਂ ਨੇ ਸਾਨੂੰ ਦੋ ਅੰਕਾਂ ਦੀ ਵੋਟ ਫੀਸਦੀ ਵਾਲੀ ਪਾਰਟੀ ਬਣਾਇਆ ਸੀ। ਹੁਣ, ਇਥੇ ਦੋਹਰੇ ਅੰਕਾਂ ਦੀਆਂ ਸੀਟਾਂ ਤੋਂ ਸਾਡੀ ਕਿਸਮਤ ਦੂਰ ਨਹੀਂ ਹੈ !

**ਤਾਮਿਲਨਾਡੂ 'ਚ ਵੱਡਾ ਬਦਲਾਅ ਹੋਣ ਦੇ ਆਸਾਰ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਦਾਅਵਾ ਕੀਤਾ ਕਿ ਉਹ ਤਾਮਿਲਨਾਡੂ ਦੀ ਧਰਤੀ 'ਤੇ 'ਬਹੁਤ ਵੱਡੇ ਬਦਲਾਅ' ਦੇ ਆਸਾਰ ਮਹਿਸੂਸ ਹੋ ਰਹੇ ਹਨ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਪ੍ਰਦਰਸ਼ਨ ਵਿਰੋਧੀ ਗੱਠਜੋੜ ਦਾ 'ਸਾਰਾ ਹੰਕਾਰ' ਤੋੜ ਕੇ ਰੱਖ ਦੇਵੇਗਾ।

# ਅਕਾਲੀ-ਭਾਜਪਾ ਗਠਜੋੜ ਨੂੰ ਲੈ ਕੇ ਅਮਿਤ ਸ਼ਾਹ ਦਾ ਵੱਡਾ ਬਿਆਨ

**ਕ੍ਰਿਸ਼ਨਪਾਲ**

ਨੈਸ਼ਨਲ ਡੈਸਕ, 20 ਮਾਰਚ : ਲੋਕ ਸਭਾਂ ਚੋਣਾਂ 2024 ਦਾ ਬਿਗੁਲ ਵਜ ਚੁੱਕਾ ਹੈ, ਜਿਸ ਨੂੰ ਲੈ ਕੇ ਸਿਆਸੀ ਪਾਰਟੀਆਂ ਪੂਰੀ ਤਰ੍ਹਾਂ ਸਰਗਰਮ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਕਾਲੀ ਦਲ ਨਾਲ ਗਠਜੋੜ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਡੀ ਅਕਾਲੀ ਦਲ ਨਾਲ ਗੱਲਬਾਤ ਜਾਰੀ ਹੈ ਅਤੇ 2-3 ਦਿਨਾਂ 'ਚ ਇਸ ਬਾਬਤ ਸਥਿਤੀ ਸਪੱਸ਼ਟ ਹੋ ਜਾਵੇਗੀ। ਸੀਟਾਂ ਦੀ ਵੰਡ ਨੂੰ ਲੈ ਕੇ ਜੇਕਰ ਸਥਿਤੀ ਸਾਫ ਹੁੰਦੀ ਹੈ ਤਾਂ 2-3 ਦਿਨਾਂ ਵਿਚ ਗਠਜੋੜ ਸੰਭਵ ਹੈ। ਸ਼ਾਹ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਐੱਨ. ਡੀ. ਏ. ਦੇ ਸਾਰੇ ਸਹਿਯੋਗੀ ਇਕ ਮੰਚ 'ਤੇ ਇਕੱਠੇ ਹੋਣ। ਦੱਸ ਦੇਈਏ ਕਿ ਅਕਾਲੀ-ਭਾਜਪਾ ਦਾ ਗਠਜੋੜ ਕਿਸਾਨ ਅੰਦੋਲਨ ਅਤੇ ਤਿੰਨ ਕਾਲੇ ਖੇਤੀ ਕਾਨੂੰਨਾਂ ਕਾਰਨ ਟੁੱਟਿਆ ਸੀ, ਕਿਉਂਕਿ ਕਿਸਾਨ ਪਿੰਡ ਬਾਦਲ ਜਾ ਕੇ ਬੈਠ ਗਏ ਸਨ। ਹੁਣ ਇਹ ਗਠਜੋੜ ਫਿਰ ਤੋਂ ਜੁੜ ਸਕਦਾ ਹੈ। ਸ਼ਾਹ ਮੁਤਾਬਕ ਕੁਝ ਪ੍ਰਪੋਜਲ ਸਾਨੂੰ ਭੇਜੇ ਜਾ ਰਹੇ ਹਨ। ਹਾਲਾਂਕਿ ਅਕਾਲੀ ਦਲ ਵਲੋਂ ਇਸ ਬਾਬਤ ਖੁੱਲ੍ਹ ਕੇ ਗੱਲਬਾਤ ਨਹੀਂ ਕੀਤੀ ਗਈ। ਅਮਿਤ ਸ਼ਾਹ ਨੇ ਕਿਹਾ ਕਿ ਜੇਕਰ ਸਾਨੂੰ 370 ਪਾਰ ਦਾ ਸੁਫਨਾ ਪੂਰਾ ਕਰਨਾ ਹੈ ਤਾਂ ਸਾਨੂੰ ਪੰਜਾਬ ਦੇ ਸਹਿਯੋਗ ਦੀ ਲੋੜ ਹੈ।



ਦੱਸਣਯੋਗ ਹੈ ਕਿ ਭਾਜਪਾ ਲੋਕ ਸਭਾ ਚੋਣਾਂ ਨੂੰ ਲੈ ਕੇ ਹੁਣ ਤੱਕ 'ਅਬ ਕੀ ਬਾਰ 400 ਪਾਰ' ਦਾ ਨਾਅਰਾ ਦਿੰਦੀ ਰਹੀ ਹੈ। ਓਧਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਨੇ ਇਹ ਬਿਆਨ ਦਿੱਤਾ ਸੀ ਕਿ ਉਹ ਦਿੱਲੀ ਗਏ ਹੀ ਨਹੀਂ ਤਾਂ ਗਠਜੋੜ ਦਾ ਸਵਾਲ ਹੀ ਨਹੀਂ ਪਰ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਬਿਆਨ ਕਾਫੀ ਅਹਿਮ ਹੈ। ਦਰਅਸਲ ਸੁਖਬੀਰ ਦਾ ਇਹ ਬਿਆਨ ਦਿੱਲੀ ਦੀਆਂ ਬਰੂਹਾਂ 'ਤੇ ਡਟੇ ਕਿਸਾਨ ਅੰਦੋਲਨ2.0 ਕਾਰਨ ਹੈ, ਕਿਉਂਕਿ ਕਿਸਾਨਾਂ ਦੀ ਮੰਗਾਂ ਨੂੰ ਲੈ ਕੇ ਅਕਾਲੀ ਦਲ ਨੇ ਗਠਜੋੜ ਤੋੜਿਆ ਸੀ। ਹੁਣ ਮੌਜੂਦਾ ਸਿਆਸੀ ਮਾਹੌਲ ਨੂੰ ਵੇਖਿਆ ਜਾਵੇ ਤਾਂ ਅਕਾਲੀ ਤੇ ਭਾਜਪਾ ਨਾਲ ਗਠਜੋੜ ਹੋ ਸਕਦਾ ਹੈ। ਦੱਸਣਯੋਗ ਹੈ ਕਿ ਪੰਜਾਬ ਵਿਚ 1 ਜੂਨ ਨੂੰ ਲੋਕ ਸਭਾ ਲਈ ਚੋਣਾਂ ਪੈਣਗੀਆਂ ਅਤੇ 4 ਜੂਨ ਨੂੰ ਨਤੀਜੇ ਆਉਣਗੇ।

# ਪੰਜਾਬ 'ਚ 5195 ਵੋਟਰਾਂ ਦੀ ਉਮਰ 100 ਸਾਲ ਤੋਂ ਵੀ ਜ਼ਿਆਦਾ 85 ਸਾਲ ਤੋਂ ਵੱਧ ਉਮਰ ਦੇ 2.57 ਲੱਖ ਵੋਟਰ

ਚੰਡੀਗੜ੍ਹ, 20 ਮਾਰਚ : ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਇਸ ਵਾਰ ਵੋਟਰਾਂ ਦੀ ਗਿਣਤੀ ਵਧੀ ਹੈ। ਇਸ ਵਾਰ 2 ਲੱਖ ਤੋਂ ਵੱਧ ਬਜੁਰਗ ਵੋਟਰ ਘਰ ਬੈਠੇ ਵੋਟ ਪਾ ਸਕਣਗੇ। ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ, 18 ਸਾਲ ਤੋਂ ਵੱਧ ਉਮਰ ਦੇ 4 ਲੱਖ 89 ਹਜਾਰ 631 ਨੌਜਵਾਨਾਂ ਨੂੰ ਇਸ ਵਾਰ ਵੋਟਰ ਲਿਸਟ ਵਿਚ ਸ਼ਾਮਲ ਕੀਤਾ ਗਿਆ ਹੈ, ਜਦਕਿ 85 ਸਾਲ ਤੋਂ ਵੱਧ ਉਮਰ ਵਾਲੇ 2 ਲੱਖ 57 ਹਜਾਰ 211 ਵੋਟਰ ਆਪਣੀ ਵੋਟ ਦੀ ਵਰਤੋਂ ਕਰ ਸਰਕਾਰ ਚੁਣਨ ਵਿਚ ਆਪਣਾ ਯੋਗਦਾਨ ਪਾਉਣਗੇ। ਇਨ੍ਹਾਂ ਵਿਚ 100 ਸਾਲ ਤੋਂ ਵੱਧ ਉਮਰ ਦੇ 5 ਹਜਾਰ 195 ਬਜੁਰਗ, 90 ਤੋਂ ਵੱਧ ਉਮਰ ਦੇ 61 ਹਜਾਰ 491 ਬਜੁਰਗ ਤੇ 85 ਤੋਂ ਵੱਧ ਉਮਰ ਦੇ 1 ਲੱਖ 90 ਹਜਾਰ 525 ਬਜੁਰਗ ਸ਼ਾਮਲ ਹਨ, ਜੋ ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਸੰਸਦ ਮੈਂਬਰ ਚੁਣਨ ਵਿਚ ਆਪਣਾ ਯੋਗਦਾਨ ਪਾਉਣਗੇ। ਸਭ ਤੋਂ ਜ਼ਿਆਦਾ 100 ਸਾਲ ਤੋਂ ਵੱਧ ਉਮਰ ਦੇ ਵੋਟਰ ਖਡੂਰ ਸਾਹਿਬ ਵਿਚ ਹਨ। ਖਡੂਰ ਸਾਹਿਬ ਵਿਚ ਅਜਿਹਾ ਵੋਟਰਾਂ ਦੀ ਗਿਣਤੀ 731 ਹੈ, ਜਦਕਿ ਸਭ ਤੋਂ ਘੱਟ ਫਤਿਹਗੜ੍ਹ ਸਾਹਿਬ ਰਿਜਰਵ ਲੋਕ ਸਭਾ ਸੀਟ ਵਿਚ ਹਨ, ਇੱਥੇ ਅਜਿਹੇ ਵੋਟਰਾਂ ਦੀ ਗਿਣਤੀ 274 ਹੈ। ਪੰਜਾਬ ਵਿਚ 18 ਸਾਲ ਤੋਂ ਵੱਧ ਉਮਰ ਦੇ 4 ਲੱਖ 89 ਹਜਾਰ 631 ਨੌਜਵਾਨ ਪਹਿਲੀ ਵਾਰ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਨਗੇ। ਇਨ੍ਹਾਂ ਵਿਚ ਸਭ ਤੋਂ ਵੱਧ ਗੁਰਦਾਸਪੁਰ ਵਿਚ 48 ਹਜਾਰ 919 ਵੋਟਰ ਹਨ, ਜਦਕਿ ਸਭ ਤੋਂ ਘੱਟ ਲੁਧਿਆਣਾ ਵਿਚ 31 ਹਜਾਰ 68 ਵੋਟਰ ਹਨ। ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਵੋਟਰਾਂ ਨੂੰ ਪੋਲਿੰਗ ਬੂਥ 'ਤੇ ਵੱਲੋਂ ਸਨਮਾਨਿਤ ਵੀ ਕੀਤਾ ਜਾਵੇਗਾ। ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ ਸੂਬੇ ਵਿਚ ਇਸ ਵੇਲੇ 1597 ਵੋਟਰ ਹਨ। ਇਨ੍ਹਾਂ ਵਿਚ ਸਭ ਤੋਂ ਵੱਧ ਗੁਰਦਾਸਪੁਰ ਵਿਚ 442 ਐੱਨ.ਆਰ.ਆਈ. ਵੋਟਰ ਹਨ, ਜਦਕਿ ਬਠਿੰਡਾ ਵਿਚ ਸਭ ਤੋਂ ਘੱਟ 16 ਵੋਟਰ ਹਨ। ਹੁਣ ਵੇਖਣਾ ਇਹ ਹੋਵੇਗਾ ਕਿ ਇਨ੍ਹਾਂ ਵਿਚ ਕਿੰਨੇ ਵੋਟਰ ਚੋਣਾਂ ਵਿਚ ਹਿੱਸਾ ਲੈਣ ਲਈ ਇੱਥੇ ਆਉਂਦੇ ਹਨ। ਉੱਥੇ ਹੀ ਜੇਕਰ 2019 ਦੀ ਗੱਲ ਕੀਤੀ ਜਾਵੇ ਤਾਂ ਉਸ ਵੇਲੇ ਵੋਟਰਾਂ ਦੀ ਗਿਣਤੀ 1522 ਸੀ। ਇਸ ਵਾਰ ਇਨ੍ਹਾਂ ਵੋਟਰਾਂ ਦੀ ਗਿਣਤੀ ਵਿਚ 74 ਵੋਟਰ ਹੋਰ ਜੁੜੇ ਹਨ।



# ਖਾਟੂ ਸ਼ਿਆਮ ਦੇ ਦਰਸ਼ਨ ਲਈ ਲੱਗੀ ਲੋਕਾਂ ਦੀ ਭੀੜ, ਅੱਜ ਮੁੱਖ ਮੇਲੇ 'ਚ 5 ਲੱਖ ਸਰਧਾਲੂਆਂ ਦੇ ਪਹੁੰਚਣ ਦੀ ਉਮੀਦ

ਸੀਕਰ, 20 ਮਾਰਚ : ਜਿਲ੍ਹੇ ਦੇ ਪ੍ਰਸਿੱਧ ਧਾਰਮਿਕ ਸਥਾਨ ਖਾਟੂ ਸ਼ਿਆਮਜੀ ਮੰਦਰ 'ਚ ਸਾਲਾਨਾ ਫਾਲਗੁਨੀ ਲੱਖੀ ਮੇਲੇ 'ਚ ਵੱਡੀ ਗਿਣਤੀ 'ਚ ਲੋਕ ਪਹੁੰਚ ਰਹੇ ਹਨ ਅਤੇ ਬੁੱਧਵਾਰ ਨੂੰ ਇਕਾਦਸੀ ਦੇ ਮੌਕੇ 'ਤੇ ਮੁੱਖ ਮੇਲੇ 'ਚ ਪੰਜ ਲੱਖ ਸਰਧਾਲੂਆਂ ਦੇ ਪਹੁੰਚਣ ਦੀ ਉਮੀਦ ਹੈ। ਮੇਲੇ ਵਿੱਚ ਮੰਗਲਵਾਰ ਨੂੰ ਦਸਮੀ ਵਾਲੇ ਦਿਨ ਸ਼ਿਆਮ ਬਾਬਾ ਨੂੰ ਗੁਲਾਬ ਦੀ ਅਤਰ ਨਾਲ ਇਸਨਾਨ ਕਰਵਾਇਆ ਗਿਆ ਅਤੇ ਲਾਲ ਫੁੱਲਾਂ ਨਾਲ ਸਜਾਇਆ ਗਿਆ। ਦੇਸ ਦੇ ਵੱਖ-ਵੱਖ ਹਿੱਸਿਆਂ ਤੋਂ ਸਰਧਾਲੂਆਂ ਨੇ ਸ਼ਿਆਮ ਦਰਬਾਰ ਵਿੱਚ ਦਰਸਨ ਕੀਤੇ। ਸ਼ਿਆਮ ਮੰਦਰ ਕਮੇਟੀ ਦੇ ਇਕ ਅਧਿਕਾਰੀ ਮੁਤਾਬਕ ਬੁੱਧਵਾਰ ਨੂੰ ਬਾਬਾ ਸ਼ਿਆਮ ਦੇ ਮੁੱਖ ਮੇਲੇ 'ਚ ਵੱਡੀ ਗਿਣਤੀ 'ਚ ਲੋਕਾਂ ਦੇ ਆਉਣ ਦੀ ਉਮੀਦ ਹੈ। ਇਕਾਦਸੀ ਵਾਲੇ ਦਿਨ ਮੁੱਖ ਮੇਲੇ ਵਿਚ ਬਾਬਾ ਸ਼ਿਆਮ ਦਾ ਜਲੂਸ ਕੱਢਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਮੰਗਲਵਾਰ ਨੂੰ ਮੁੱਖ ਮੇਲੇ ਤੋਂ ਪਹਿਲਾਂ ਬਾਬਾ ਸ਼ਿਆਮ ਦੇ ਦਰਸਨਾਂ ਲਈ ਸਰਧਾਲੂਆਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਫੱਗਣ ਸੁਕਲਾ ਇਕਾਦਸੀ ਵਾਲੇ ਦਿਨ ਬਾਬਾ ਸ਼ਿਆਮ ਦੀ ਸਵਾਰੀ ਮੰਦਰ ਦੇ ਪਰਿਸਰ ਤੋਂ ਸਾਜਾਂ ਨਾਲ ਰਵਾਨਾ ਹੋਵੇਗੀ। ਸ਼ਿਆਮ ਮੰਦਰ ਕਮੇਟੀ ਦੇ ਮੰਤਰੀ ਪ੍ਰਤਾਪ ਸਿੰਘ ਚੌਹਾਨ ਨੇ ਦੱਸਿਆ ਕਿ ਮੰਦਰ ਤੋਂ ਇਹ ਸਵਾਰੀ ਮੇਨ ਬਾਜਾਰ, ਮਹਿਲਾ ਸ਼ਿਆਮ ਕੁੰਡ, ਸਨੀ ਮੰਦਰ ਅਤੇ ਹਸਪਤਾਲ ਚੌਰਾਹੇ ਤੋਂ ਹੁੰਦੀ ਹੋਈ ਕਬੂਤਰੀਆਂ ਚੌਂਕ ਪਹੁੰਚੇਗੀ। ਉਨ੍ਹਾਂ ਦੱਸਿਆ ਕਿ ਮੁੱਖ ਮੇਲੇ ਲਈ ਪੰਜ ਲੱਖ ਤੋਂ ਵੱਧ ਸਰਧਾਲੂਆਂ ਦੇ ਖਾਟੂ ਨਗਰੀ ਪੁੱਜਣ ਦੀ ਉਮੀਦ ਹੈ। ਚੌਹਾਨ ਨੇ ਦੱਸਿਆ ਕਿ ਇਕਾਦਸੀ ਵਾਲੇ ਦਿਨ ਬਾਬਾ ਸ਼ਿਆਮ ਦਾ ਵਿਸੇਸ ਮੇਲਾ ਕਰਵਾਇਆ ਜਾਵੇਗਾ, 56 ਭੋਗ ਪਾਏ ਜਾਣਗੇ, ਇਸ ਭੋਗ ਨੂੰ ਤਿਆਰ ਕਰਨ ਲਈ ਰਾਜਸਥਾਨ ਦੇ ਬਾਹਰੋਂ ਮਿਠਾਈਆਂ ਮੰਗਵਾਈਆਂ ਗਈਆਂ ਹਨ। ਮਠਿਆਈ ਵਾਲੇ ਪਿਛਲੇ ਤਿੰਨ ਦਿਨਾਂ ਤੋਂ ਛਪਣ ਭੋਗ ਦੀਆਂ ਤਿਆਰੀਆਂ ਵਿੱਚ ਰੁੱਝੇ ਹੋਏ ਹਨ। ਇੱਕ ਪੁਲਸ ਅਧਿਕਾਰੀ ਦੇ ਅਨੁਸਾਰ, ਸਰਧਾਲੂਆਂ ਦੀ ਭੀੜ ਨੂੰ ਕਾਬੂ ਕਰਨ ਲਈ ਮੰਦਰ ਪਰਿਸਰ ਅਤੇ ਇਸਦੇ ਆਸਪਾਸ ਦੇ ਖੇਤਰਾਂ ਵਿੱਚ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਅਤੇ ਸੀਸੀਟੀਵੀ ਦੁਆਰਾ ਨਿਗਰਾਨੀ ਕੀਤੀ ਜਾ ਰਹੀ ਹੈ।

# ਲਖਨਊ 'ਚ ਧਾਰਾ 144 ਲਾਗੂ, ਉਲੰਘਣਾ ਕਰਨ ਵਾਲਿਆਂ ਵਿਰੁੱਧ ਹੋਵੇਗੀ ਸਖਤ ਕਾਰਵਾਈ

ਨੈਸ਼ਨਲ ਡੈਸਕ, 20 ਮਾਰਚ : ਲਖਨਊ 'ਚ ਧਾਰਾ 144 ਲਾਗੂ ਕਰ ਦਿੱਤੀ ਗਈ ਹੈ। ਜੇਸੀਪੀ ਲਾਅ ਐਂਡ ਆਰਡਰ ਉਪੇਂਦਰ ਕੁਮਾਰ ਅਗਰਵਾਲ ਨੇ ਇਹ ਆਦੇਸ ਜਾਰੀ ਕੀਤੇ। ਉਨ੍ਹਾਂ ਕਿਹਾ ਕਿ ਚੋਣਾਂ, ਹੋਲੀ ਅਤੇ ਰਮਜਾਨ ਦੇ ਮੱਦੇਨਜਰ ਇਹ ਹੁਕਮ ਜਾਰੀ ਕੀਤੇ ਗਏ ਹਨ।

ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਇਹ ਹੁਕਮ 17 ਮਈ ਤੱਕ ਲਾਗੂ ਰਹੇਗਾ। ਲਖਨਊ ਪੁਲਸ ਦੇ ਹੁਕਮਾਂ ਅਨੁਸਾਰ, ਆਗਾਮੀ ਲੋਕ ਸਭਾ ਚੋਣਾਂ 2024 ਦੇ ਮੱਦੇਨਜਰ, ਸਾਰੀਆਂ ਰਾਜਨੀਤਿਕ ਪਾਰਟੀਆਂ ਅਤੇ ਚੋਣਾਂ ਨਾਲ ਜੁੜੇ ਸਾਰੇ ਵਿਅਕਤੀਆਂ ਦੁਆਰਾ ਆਦਰਸ ਚੋਣ ਜਾਬਤੇ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ 19.03.2024 ਤੋਂ ਧਾਰਾ 144 ਸੀਆਰਪੀਸੀ ਜਾਰੀ ਕੀਤੀ ਗਈ ਹੈ। ਚੋਣ ਜਾਬਤੇ ਦੀ ਉਲੰਘਣਾ ਕਰਨਾ ਭਾਰਤੀ ਦੰਡ ਵਿਧਾਨ ਦੀ ਧਾਰਾ 188 ਅਤੇ ਹੋਰ ਸਬੰਧਤ ਧਾਰਾਵਾਂ ਅਧੀਨ ਸਜਾਯੋਗ ਅਪਰਾਧ ਮੰਨਿਆ ਜਾਵੇਗਾ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਕਿ, "ਵੱਖ-ਵੱਖ ਮਹੱਤਵਪੂਰਨ ਤਿਉਹਾਰ/ਪ੍ਰੋਗਰਾਮ ਅਤੇ ਵੱਖ-ਵੱਖ ਪ੍ਰਵੇਸ ਪ੍ਰੀਖਿਆਵਾਂ ਮਾਰਚ ਅਤੇ ਅਪ੍ਰੈਲ ਦੇ ਮਹੀਨਿਆਂ ਵਿਚ ਲਖਨਊ ਵਿਚ ਆਯੋਜਿਤ ਕੀਤੀਆਂ ਜਾਣਗੀਆਂ।

## ਪੰਜਾਬ 'ਚ 6 ਮਹੀਨਿਆਂ ਦੌਰਾਨ 55 ਐਨਕਾਊਂਟਰ, ਪੁਲਸ ਦੀ ਗੋਲੀ ਨਾਲ 15 ਗੈਂਗਸਟਰਾਂ ਦੀ ਮੌਤ

ਚੰਡੀਗੜ੍ਹ, 20 ਮਾਰਚ : ਮੁਕੇਰੀਆਂ ਕੋਲ ਮੰਸੂਰਪੁਰ 'ਚ ਹੈੱਡ ਕਾਂਸਟੇਬਲ ਅੰਮ੍ਰਿਤਪਾਲ ਦਾ ਕਤਲ ਕਰਨ ਵਾਲੇ ਬਦਮਾਸ਼ ਸੁਖਵਿੰਦਰ ਸਿੰਘ ਉਰਫ ਰਾਣਾ ਮਨਸੂਰਪੁਰੀਆ ਦਾ ਐਨਕਾਊਂਟਰ ਕਰ ਦਿੱਤਾ ਗਿਆ। ਪੰਜਾਬ 'ਚ ਜੇਕਰ ਪਿਛਲੇ 6 ਮਹੀਨਿਆਂ ਦੀ ਗੱਲ ਕੀਤੀ ਜਾਵੇ ਤਾਂ ਇਸ ਦੌਰਾਨ ਇਕ ਅੰਗਰੇਜੀ ਅਖਬਾਰ ਦੀ ਖਬਰ ਮੁਤਾਬਕ ਇਹ 55ਵਾਂ ਐਨਕਾਊਂਟਰ ਹੈ, ਜਿਨ੍ਹਾਂ 'ਚ 15 ਗੈਂਗਸਟਰ ਮਾਰੇ ਗਏ ਹਨ। ਪੁਲਸ ਅਧਿਕਾਰੀਆਂ ਦੇ ਮੁਤਾਬਕ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਪਰਾਧੀਆਂ 'ਤੇ ਪੂਰੀ ਤਰ੍ਹਾਂ ਨਕੇਲ ਕੱਸਣ ਲਈ ਵਚਨਬੱਧ ਹੈ। ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ 2 ਸਾਲਾਂ ਦੇ ਕਾਰਜਕਾਲ ਦੌਰਾਨ ਵਾਪਰੀਆਂ ਗੋਲੀਬਾਰੀ ਦੀਆਂ 93 ਘਟਨਾਵਾਂ 'ਚੋਂ ਪਿਛਲੇ 6 ਮਹੀਨਿਆਂ ਦੌਰਾਨ ਪੰਜਾਬ 'ਚ 55 ਤੋਂ ਵੱਧ ਐਨਕਾਊਂਟਰ ਕੀਤੇ ਗਏ ਹਨ। ਸਿਰਫ ਮੋਹਾਲੀ ਜ਼ਿਲ੍ਹੇ 'ਚ ਹੀ ਪੁਲਸ ਅਤੇ ਗੈਂਗਸਟਰਾਂ ਵਿਚਾਲੇ ਹੋਏ 13 ਮੁਕਾਬਲਿਆਂ 'ਚ 19 ਗੈਂਗਸਟਰ ਜਖਮੀ ਹੋਏ, ਜਦੋਂ ਕਿ 21 ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸੇ ਤਰ੍ਹਾਂ ਹੀ ਦੂਜੇ ਜ਼ਿਲ੍ਹਿਆਂ 'ਚ ਵੀ ਪੁਲਸ ਅਤੇ ਗੈਂਗਸਟਰਾਂ ਵਿਚਾਲੇ ਐਨਕਾਊਂਟਰ ਦੌਰਾਨ ਜਾਂ ਤਾਂ ਗੈਂਗਸਟਰ ਮਾਰੇ ਗਏ ਜਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਦਿਲਚਸਪ ਗੱਲ ਇਹ ਹੈ ਕਿ ਕਰੀਬ 80 ਫੀਸਦੀ ਕੇਸਾਂ 'ਚ ਗੈਂਗਸਟਰਾਂ ਨੂੰ ਲੱਤਾਂ 'ਚ ਗੋਲੀਆਂ ਲੱਗੀਆਂ ਹਨ। ਬੀਤੀ 29 ਨਵੰਬਰ ਨੂੰ ਕਾਰੋਬਾਰੀ ਸੰਭਵ ਜੈਨ ਦੇ ਅਗਵਾ ਮਾਮਲੇ 'ਚ ਲੋੜੀਂਦੇ 2 ਗੈਂਗਸਟਰਾਂ ਸੰਜੀਵ ਕੁਮਾਰ ਅਤੇ ਸ਼ੁਭਮ ਗੋਪੀ ਲੁਧਿਆਣਾ ਪੁਲਸ ਨਾਲ ਮੁਕਾਬਲੇ 'ਚ ਮਾਰੇ ਗਏ ਸਨ। 15 ਦਸੰਬਰ ਨੂੰ ਵੀ ਮਾਨਸਾ ਪੁਲਸ ਵਲੋਂ ਐਨਕਾਊਂਟਰ ਦੌਰਾਨ ਇਕ ਗੈਂਗਸਟਰ ਦੀ ਲੱਤ 'ਚ ਗੋਲੀ ਮਾਰੀ ਗਈ ਸੀ। ਇਸ ਬਾਰੇ ਸੀਨੀਅਰ ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਗੈਂਗਸਟਰਾਂ 'ਤੇ ਸਖਤ ਕਾਰਵਾਈ ਪੁਲਸ 'ਤੇ ਭਾਰੀ ਦਬਾਅ ਦਾ ਨਤੀਜਾ ਹੈ ਅਤੇ ਸਰਕਾਰ ਨੂੰ ਪੰਜਾਬ 'ਚ ਕਾਨੂੰਨ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਜਨਤਾ ਦੇ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੈਂਗਸਟਰ ਕੇਸਾਂ ਨਾਲ ਨਜਿੱਠਣ ਵਾਲੇ ਐਂਟੀ ਗੈਂਗਸਟਰ ਟਾਸਕ ਫੋਰਸ ਦੇ ਇਕ ਅਧਿਕਾਰੀ ਨੇ ਕਿਹਾ ਕਿ ਪੁਲਸ ਕੋਲ ਜਵਾਬੀ ਫਾਇਰਿੰਗ ਤੋਂ ਇਲਾਵਾ ਕੋਈ ਬਦਲ ਨਹੀਂ ਬਚਿਆ ਹੈ। ਉਨ੍ਹਾਂ ਨੇ ਕਿਹਾ ਕਿ ਅਪਰਾਧੀਆਂ ਨੂੰ ਸਪੱਸ਼ਟ ਸੰਦੇਸ਼ ਦੇਣ ਲਈ ਗੋਲੀ ਦੀ ਵਰਤੋਂ ਜਰੂਰੀ ਹੈ।

# ਕਾਟੋ ਕਲੇਸ਼ ਨੇ ਕਾਂਗਰਸ ਦੇ ਰਾਹ 'ਚ ਬੀਜੇ ਕੰਡੇ ! ਕਈ ਵੱਡੇ ਆਗੂ ਲੀਡਰਸ਼ਿਪ ਤੋਂ ਚੱਲ ਰਹੇ ਨਾਰਾਜ

ਚੰਡੀਗੜ੍ਹ, 20 ਮਾਰਚ : ਪਾਰਟੀ 'ਚ ਚੱਲ ਰਹੇ ਕਾਟੋ ਕਲੇਸ਼ ਕਾਰਨ ਇਸ ਵਾਰ ਕਾਂਗਰਸ ਲਈ ਲੋਕ ਸਭਾ ਚੋਣਾਂ ਕਾਫੀ ਚੁਣੌਤੀਪੂਰਨ ਰਹਿਣਗੀਆਂ। ਬੇਸ਼ੱਕ ਹਾਲੇ ਤੱਕ ਪਾਰਟੀ ਨੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਪਰ ਇਸ ਦਰਮਿਆਨ ਕਈ ਆਗੂ ਦੂਜੀਆਂ ਪਾਰਟੀਆਂ 'ਚ ਚਲੇ ਗਏ ਹਨ। ਸਾਬਕਾ ਕਾਂਗਰਸੀ ਐੱਮ. ਪੀ. ਪਰਨੀਤ ਕੌਰ ਭਾਜਪਾ 'ਚ ਸਾਮਲ ਹੋ ਗਏ। ਇਸ ਤੋਂ ਇਲਾਵਾ ਬਸੀ ਪਠਾਨਾਂ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ.ਪੀ. ਅਤੇ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ.ਰਾਜ ਕੁਮਾਰ ਚੱਬੇਵਾਲ ਆਮ ਆਦਮੀ ਪਾਰਟੀ 'ਚ ਸਾਮਲ ਹੋ ਗਏ, ਜਿਸ ਕਾਰਨ ਪਾਰਟੀ ਨੂੰ ਬਹੁਤ ਵੱਡਾ ਝਟਕਾ ਲੱਗਿਆ ਹੈ। ਇਸ ਸਮੇਂ ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਸ਼ਮਸੇਰ ਸਿੰਘ ਦੂਲੋਂ ਵੀ ਕਾਂਗਰਸ ਦੇ ਕੁਝ ਲੀਡਰਾਂ ਤੋਂ ਖੁਸ਼ ਨਹੀਂ ਜਾਪਦੇ। ਇਨ੍ਹਾਂ ਦੋਵੇਂ ਆਗੂਆਂ ਨੇ ਸਮੇਂ-ਸਮੇਂ ਸਿਰ ਪਹਿਲਾਂ ਪੰਜਾਬ ਕਾਂਗਰਸ ਦੇ ਕੰਮ ਕਰਨ ਦੇ ਤਰੀਕਿਆਂ 'ਤੇ ਸਵਾਲ ਚੁੱਕੇ ਸਨ। ਪਿਛਲੇ ਦਿਨੀਂ ਨਿੱਜੀ ਰੈਲੀਆਂ ਕਰਨ ਲਈ ਇਕ ਸੀਨੀਅਰ ਆਗੂ ਵਿਰੁੱਧ ਅਨੁਸਾਸਨੀ ਕਾਰਵਾਈ ਦੀ ਮੰਗ ਦਰਮਿਆਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਸੀ ਕਿ ਜੋ ਵੀ ਗਲਤੀ ਕਰੇਗਾ, ਉਸ ਨੂੰ ਪਾਰਟੀ ਤੋਂ ਬਾਹਰ ਕੱਢ ਦਿੱਤਾ ਜਾਵੇਗਾ। ਕਿਸੇ ਦਾ ਨਾਂ ਲਏ ਬਿਨਾਂ ਵੜਿੰਗ ਨੇ ਕਿਹਾ ਕਿ ਕੋਈ ਵੀ ਪਾਰਟੀ ਤੋਂ ਉੱਪਰ ਨਹੀਂ ਹੈ। ਬੇਸ਼ੱਕ ਤਿੰਨ ਕਾਂਗਰਸੀ ਆਗੂਆਂ ਵਲੋਂ ਇਕ ਤੋਂ ਬਾਅਦ ਇਕ ਪਾਰਟੀ ਛੱਡ ਕੇ ਹੋਰਨਾਂ ਸਿਆਸੀ ਪਾਰਟੀਆਂ 'ਚ ਸਾਮਲ ਹੋਣ ਦੇ ਸਵਾਲ 'ਤੇ ਸਿੱਧੂ ਨੇ ਕਿਹਾ ਸੀ ਕਿ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਪਾਰਟੀ ਨਾਲ ਮਜਬੂਤੀ ਨਾਲ ਖੜ੍ਹੇ ਹਨ। ਔਖੇ ਸਮੇਂ 'ਚ ਕਿਰਦਾਰਾਂ ਦੀ ਪਛਾਣ ਹੁੰਦੀ ਹੈ ਪਰ ਉਨ੍ਹਾਂ ਨੇ ਇਹ ਵੀ ਸਾਫ ਕੀਤਾ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਨਹੀਂ ਲੜਨਗੇ। ਇਸ ਤੋਂ ਇਲਾਵਾ ਸਿੱਧੂ ਕਾਫੀ ਦੇਰ ਤੋਂ ਪਾਰਟੀ ਦੀਆਂ ਮੁੱਖ ਰੈਲੀਆਂ ਅਤੇ ਮੀਟਿੰਗਾਂ 'ਚ ਵੀ ਨਹੀਂ ਸ਼ਾਮਲ ਹੋ ਰਹੇ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸਮਸੇਰ ਸਿੰਘ ਦੂਲੋਂ ਨੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਕਾਂਗਰਸ ਦੇ ਦੋ ਵਾਰ ਰਹਿ ਚੁੱਕੇ ਸਾਬਕਾ ਮੁੱਖ ਮੰਤਰੀ ਜੋ ਅਕਾਲੀ ਦਲ 'ਚੋਂ ਆਏ ਸਨ, ਬਾਅਦ 'ਚ ਭਾਜਪਾ 'ਚ ਸਾਮਲ ਹੋ ਗਏ । ਕਾਂਗਰਸ ਨੇ ਇਸ ਪਰਿਵਾਰ ਨੂੰ ਥੋੜ੍ਹੇ ਸਮੇਂ 'ਚ ਹੀ ਅਹਿਮ ਅਹੁਦੇ ਦਿੱਤੇ, ਜਿਸ ਦਾ ਨਤੀਜਾ ਹੈ ਕਿ ਅੱਜ ਸੂਬੇ ਦੇ ਲੱਖਾਂ ਕਾਂਗਰਸੀ ਨਾਰਾਜ ਹੋ ਕੇ ਘਰ ਬੈਠੇ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਵੀ ਕਾਂਗਰਸੀ ਲੀਡਰਾਂ ਦੇ ਕਾਟੋ ਕਲੇਸ ਕਾਰਨ ਕਾਂਗਰਸ ਚੋਣਾਂ ਹਾਰ ਗਈ ਸੀ। ਉਸ ਸਮੇਂ ਵੀ ਕਾਂਗਰਸੀ ਆਗੂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖ਼ਿਲਾਫ ਹੋ ਗਏ ਸਨ। ਕੈਪਟਨ ਅਮਰਿੰਦਰ ਸਿੰਘ ਵਿਰੁੱਧ ਲੜਾਈ 'ਚ ਸਿੱਧੂ ਦੀ ਅਗਵਾਈ 'ਚ ਸਾਰੀ ਟੀਮ ਨੇ ਇਕਜੁੱਟ ਹੋ ਕੇ ਕੰਮ ਕੀਤਾ ਸੀ, ਜਿਨ੍ਹਾਂ 'ਚ ਸੁਖਜਿੰਦਰ ਸਿੰਘ ਰੰਧਾਵਾ, ਪਰਗਟ ਸਿੰਘ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਅਤੇ ਚਰਨਜੀਤ ਸਿੰਘ ਚੰਨੀ ਆਦਿ ਮੂਹਰਲੀ ਕਤਾਰ 'ਚ ਸ਼ਾਮਲ ਸਨ। ਪਾਰਟੀ ਹਾਈ ਕਮਾਂਡ ਦੇ ਦਖਲ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਹਾਈ ਕਮਾਂਡ ਵਲੋਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਦੇ ਫੈਸਲੇ ਤੋਂ ਬਾਅਦ ਵੀ ਕਈ ਕਾਂਗਰਸੀ ਆਗੂਆਂ 'ਚ ਫੁੱਟ ਪੈ ਗਈ ਅਤੇ ਕਈ ਸੀਨੀਅਰ ਆਗੂ ਚੰਨੀ ਤੇ ਪਾਰਟੀ ਖ਼ਿਲਾਫ ਹੋ ਗਏ। ਇਸ ਦਰਮਿਆਨ ਉਸ ਸਮੇਂ ਵੀ ਟਿਕਟਾਂ ਦੀ ਵੰਡ ਨੂੰ ਲੈ ਕੇ ਕਾਫੀ ਰੌਲਾ ਪਿਆ। ਪਿਛਲੇ ਦਿਨੀਂ 'ਆਪ' 'ਚ ਸਾਮਲ ਹੋਏ ਗੁਰਪ੍ਰੀਤ ਸਿੰਘ ਜੀ.ਪੀ. ਵਲੋਂ ਇਲਜਾਮ ਲਾਏ ਗਏ ਕਿ ਚਰਨਜੀਤ ਸਿੰਘ ਚੰਨੀ ਨੇ ਆਪਣੇ ਭਰਾ ਡਾ.ਮਨੋਹਰ ਸਿੰਘ ਨੂੰ ਜਾਣ-ਬੁੱਝ ਕੇ ਮੇਰੇ ਹਲਕੇ 'ਚ ਮੇਰੇ ਵਿਰੁੱਧ ਖੜ੍ਹਾਇਆ, ਜਿਸ ਦੀ ਸ਼ਿਕਾਇਤ ਉਨ੍ਹਾਂ ਨੇ ਰਾਹੁਲ ਗਾਂਧੀ ਨੂੰ ਵੀ ਕੀਤੀ ਪਰ ਫਿਰ ਵੀ ਆਜਾਦ ਉਮੀਦਵਾਰ ਦੇ ਰੂਪ 'ਚ ਚਰਨਜੀਤ ਸਿੰਘ ਚੰਨੀ ਦੇ ਭਰਾ ਉੱਥੋਂ ਚੋਣ ਲੜੇ। ਇਸ ਦਾ ਸਿੱਧਾ-ਸਿੱਧਾ ਫਾਇਦਾ ਆਮ ਆਦਮੀ ਪਾਰਟੀ ਨੂੰ ਹੋਇਆ ਅਤੇ ਉੱਥੋਂ 'ਆਪ' ਦੇ ਉਮੀਦਵਾਰ ਰੁਪਿੰਦਰ ਸਿੰਘ ਹੈਪੀ ਨੇ ਜੀ.ਪੀ. ਅਤੇ ਚੰਨੀ ਦੇ ਭਰਾ ਡਾ. ਮਨੋਹਰ ਸਿੰਘ ਨੂੰ ਹਰਾ ਦਿੱਤਾ। ਪਿਛਲੇ ਦਿਨੀਂ ਪੱਤਰਕਾਰਾਂ ਨੂੰ ਜੀ.ਪੀ. ਨੇ ਦੱਸਿਆ ਸੀ ਕਿ ਉਹ ਕਾਂਗਰਸ 'ਚ ਵਿਗੜ ਰਹੇ ਅਨੁਸਾਸਨ ਕਾਰਨ ਪਾਰਟੀ ਛੱਡ ਰਹੇ ਹਨ। ਇਸ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਨਾਲ ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਵਿਵਾਦ, ਚੰਨੀ-ਸਿੱਧੂ ਦਾ ਵਿਵਾਦ, ਤ੍ਰਿਪਤ ਬਾਜਵਾ-ਚੰਨੀ ਵਿਵਾਦ ਨੇ ਵੀ ਕਾਫ਼ੀ ਸੁਰਖੀਆਂ ਬਟੋਰੀਆਂ ਸਨ। ਪਿਛਲੀਆਂ ਚੋਣਾਂ 'ਚ ਦੇਸ ਭਰ 'ਚ ਭਾਜਪਾ ਦੇ ਸਾਨਦਾਰ ਪ੍ਰਦਰਸਨ ਦਰਮਿਆਨ ਕਾਂਗਰਸ ਨੇ ਪੰਜਾਬ 'ਚ 8 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ ਪਰ 2022 'ਚ ਪੰਜਾਬ 'ਚ ਸੱਤਾ ਤੋਂ ਲਾਂਭੇ ਹੁੰਦਿਆਂ ਹੀ ਕਈ ਕਾਂਗਰਸੀ ਆਗੂਆਂ ਨੇ ਪਾਰਟੀ ਤੋਂ ਦੂਰੀ ਬਣਾ ਲਈ।



# ਮੂਸੇਵਾਲਾ ਦਾ ਅਨੋਖਾ ਫੈਨ : ਨਿੱਕੇ ਸਿੱਧੂ ਦੇ ਆਉਣ 'ਤੇ ਚਿੰਤਪੁਰਨੀ ਤੋਂ ਮੋੜ ਲਿਆਇਆ ਗੱਡੀ, ਕੀਤੇ 51,000 ਰੁਪਏ ਦਾਨ

ਜਲੰਧਰ, 20 ਮਾਰਚ : ਮਰਹੂਮ ਗਾਇਕ ਸਿੱਧੂ ਮੂਸੇਵਾਲਾ ਨੂੰ ਪੰਜਾਬ ਹੀ ਨਹੀਂ, ਸਗੋਂ ਦੇਸ਼ਾਂ-ਵਿਦੇਸ਼ਾਂ 'ਚ ਬੈਠੇ ਪ੍ਰਸ਼ੰਸਕ ਵੀ ਦਿਲੋਂ ਪਿਆਰ ਕਰਦੇ ਹਨ। ਆਪਣੇ ਗੀਤਾਂ ਤੇ ਜਮੀਨ ਨਾਲ ਜੁੜੀ ਸੋਚ ਕਾਰਨ ਸਿੱਧੂ ਮੂਸੇਵਾਲਾ ਨੇ ਹਰ ਚਾਹੁਣ ਵਾਲੇ ਦੇ ਦਿਲ 'ਚ ਵੱਖਰੀ ਥਾਂ ਬਣਾਈ ਹੋਈ ਹੈ। ਗੈਂਗਸਟਰਾਂ ਵੱਲੋਂ ਉਸ ਦਾ ਕਤਲ ਕੀਤੇ ਜਾਣ ਦੇ ਕਰੀਬ 2 ਸਾਲ ਬਾਅਦ ਮੂਸੇਵਾਲਾ ਦੀ ਮਾਂ ਚਰਨ ਕੌਰ ਨੇ ਬੀਤੇ ਦਿਨੀਂ 17 ਮਾਰਚ ਨੂੰ ਇਕ ਹੋਰ ਪੁੱਤਰ ਨੂੰ ਜਨਮ ਦਿੱਤਾ ਹੈ। ਇਹ ਜਾਣਕਾਰੀ ਸਿੱਧੂ ਦੇ ਪਿਤਾ ਬਲਕੌਰ ਸਿੰਘ ਨੇ ਚਾਹੁਣ ਵਾਲਿਆਂ ਨਾਲ ਸਾਂਝੀ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਇਹ ਉਨ੍ਹਾਂ ਦਾ ਸਿੱਧੂ ਹੀ ਹੈ ਜੋ ਵਾਪਸ ਆ ਗਿਆ ਹੈ। ਉਨ੍ਹਾਂ ਇਸ ਨਵਜੰਮੇ ਬੱਚੇ ਦਾ ਨਾਂ ਵੀ ਸ਼ੁੱਭਦੀਪ ਸਿੰਘ ਸਿੱਧੂ ਹੀ ਰੱਖਿਆ ਹੈ। ਜਦੋਂ ਤੋਂ ਬਲਕੌਰ ਸਿੰਘ ਨੇ ਇਹ ਖਬਰ ਸਾਂਝੀ ਕੀਤੀ ਹੈ, ਸਿੱਧੂ ਦੇ ਪ੍ਰਸ਼ੰਸਕਾਂ ਕੋਲੋਂ ਖੁਸ਼ੀ ਵੀ ਸਾਂਭੀ ਨਹੀਂ ਜਾ ਰਹੀ। ਹਰ ਕਿਸੇ ਦੀਆਂ ਅੱਖਾਂ 'ਚ ਖੁਸ਼ੀ ਦੇ ਹੰਝੂ ਹਨ, ਕਈ ਖੁਸ਼ੀਆਂ 'ਚ ਸਿੱਧੂ ਦੇ ਗੀਤਾਂ 'ਤੇ ਭੰਗੜੇ ਪਾ ਰਹੇ ਹਨ ਤੇ ਕਈ ਮਠਿਆਈਆਂ ਵੰਡ ਕੇ ਆਪਣੀ ਖੁਸ਼ੀ ਦਾ ਇਜਹਾਰ ਕਰ ਰਹੇ ਹਨ। ਇਸ ਦੌਰਾਨ ਸਿੱਧੂ ਦਾ ਇਕ ਅਜਿਹਾ ਫੈਨ ਵੀ ਹੈ, ਜਿਸ ਨੇ ਸਿੱਧੂ ਦੇ ਭਰਾ ਦੇ ਪੈਦਾ ਹੋਣ ਦੀ ਮੰਨਤ ਮੰਗੀ ਸੀ, ਤੇ ਜਦੋਂ ਉਸ ਦੀ ਇਹ ਮੰਨਤ ਪੂਰੀ ਹੋ ਗਈ ਤਾਂ ਉਸ ਨੇ ਮੰਦਰ ਨੂੰ 51 ਹਜਾਰ ਰੁਪਏ ਭੇਂਟ ਕੀਤੇ ਹਨ। ਇਸ ਫੈਨ ਦਾ ਨਾਂ ਹੈ ਮਨੀ ਨਾਗਪਾਲ, ਜੋ ਕਿ ਫਾਜ਼ਿਲਕਾ ਦਾ ਰਹਿਣ ਵਾਲਾ ਹੈ। ਉਸ ਨੇ ਦੱਸਿਆ ਕਿ ਜਦੋਂ ਸਿੱਧੂ ਮੂਸੇਵਾਲਾ ਦਾ ਕਤਲ ਕੀਤਾ ਗਿਆ ਸੀ ਤਾਂ ਉਹ ਬਹੁਤ ਜ਼ਿਆਦਾ ਦੁਖੀ ਹੋਇਆ ਸੀ। ਉਸ ਨੂੰ ਇਸ ਗੱਲ ਦੀ ਬਹੁਤ ਤਕਲੀਫ ਹੋਈ ਸੀ ਕਿ ਬਦਮਾਸ਼ਾਂ ਨੇ ਸਿੱਧੂ ਦੇ ਮਾਂ-ਪਿਓ ਤੋਂ ਉਨ੍ਹਾਂ ਦੇ ਜਿਊਣ ਦਾ ਇਕਲੌਤਾ ਸਹਾਰਾ ਵੀ ਖੋਹ ਲਿਆ ਹੈ। ਉਸ ਨੇ ਸਿੱਧੂ ਦੀ ਮੌਤ ਤੋਂ ਬਾਅਦ ਕਈ ਦਿਨ ਤੱਕ ਰੋਟੀ ਵੀ ਨਹੀਂ ਖਾਧੀ ਸੀ। ਇਸ ਤੋਂ ਬਾਅਦ ਉਸ ਨੇ ਹਨੂੰਮਾਨ ਮੰਦਰ 'ਚ ਮੰਨਤ ਮੰਗੀ ਸੀ ਕਿ ਜੇਕਰ ਸਿੱਧੂ ਇਕ ਵਾਰ ਵਾਪਸ ਆ ਜਾਵੇ ਤਾਂ ਉਹ ਮੰਦਰ ਨੂੰ 51 ਹਜਾਰ ਰੁਪਏ ਦਾਨ ਕਰੇਗਾ। ਇਸ ਦੌਰਾਨ ਬੀਤੇ ਦਿਨੀਂ ਜਦੋਂ ਉਸ ਨੂੰ ਮਾਂ ਚਰਨ ਕੌਰ ਵੱਲੋਂ ਪੁੱਤਰ ਨੂੰ ਜਨਮ ਦੇਣ ਦੀ ਖਬਰ ਪਤਾ ਲੱਗੀ ਤਾਂ ਉਹ ਮਾਤਾ ਚਿੰਤਪੁਰਨੀ ਵੱਲ ਜਾ ਰਿਹਾ ਸੀ। ਜਦੋਂ ਉਸ ਨੂੰ ਨਿੱਕੇ ਸਿੱਧੂ ਦੇ ਆਉਣ ਦਾ ਪਤਾ ਲੱਗਿਆ ਤਾਂ ਉਸ ਨੇ ਰਸਤੇ 'ਚੋਂ ਹੀ ਗੱਡੀ ਮੋੜ ਲਈ ਅਤੇ ਸਭ ਤੋਂ ਪਹਿਲਾਂ ਮੰਦਰ 'ਚ ਪਰਮਾਤਮਾ ਦਾ ਸ਼ੁਕਰ ਕਰਨ ਪੁੱਜ ਗਿਆ। ਉਸ ਨੇ ਆਪਣੀ ਮੰਨਤ ਪੂਰੀ ਹੋਣ 'ਤੇ ਭਗਵਾਨ ਦਾ ਧੰਨਵਾਦ ਕੀਤਾ ਅਤੇ 51 ਹਜਾਰ ਰੁਪਏ ਦਾ ਦਾਨ ਮੰਦਰ ਦੇ ਪੁਜਾਰੀ ਨੂੰ ਭੇਟ ਕੀਤਾ। ਮਨੀ ਨੇ ਅੱਗੇ ਦੱਸਿਆ ਕਿ ਉਸ ਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਸਿੱਧੂ ਦੇ ਮਾਂ-ਪਿਓ ਨੂੰ ਜਿਊਣ ਦਾ ਸਹਾਰਾ ਮਿਲ ਗਿਆ ਹੈ। ਉਸ ਨੇ ਦੱਸਿਆ ਕਿ ਉਹ 'ਡਾਲਰ' ਗੀਤ ਤੋਂ ਸਿੱਧੂ ਦਾ ਫੈਨ ਬਣਿਆ ਸੀ ਤੇ ਉਨ੍ਹਾਂ ਦੇ ਘਰ ਦੀ ਹਰ ਗੱਡੀ ਪਿੱਛੇ ਸਿੱਧੂ ਮੂਸੇਵਾਲਾ ਦੀ ਫੋਟੋ ਬਣਵਾਈ ਹੋਈ ਹੈ। ਉਹ ਜਦੋਂ ਵੀ ਨਵੀਂ ਗੱਡੀ ਲੈਂਦੇ ਹਨ ਤਾਂ ਬਾਕੀ ਕੰਮ ਬਾਅਦ 'ਚ ਕਰਦੇ ਹਨ, ਪਰ ਸਿੱਧੂ ਦੀ ਤਸਵੀਰ ਪਹਿਲਾਂ ਬਣਵਾਉਂਦੇ ਹਨ। ਉਸ ਨੇ ਅੱਗੇ ਦੱਸਿਆ ਕਿ ਉਹ ਅਜਿਹਾ ਇਸ ਲਈ ਕਰਦੇ ਹਨ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਦੁਨੀਆ 'ਚ ਹਾਲੇ ਵੀ ਸਿੱਧੂ ਨੂੰ ਪਿਆਰ ਕਰਨ ਵਾਲੇ ਜਿਊਂਦੇ ਹਨ।

# ਪੰਜਾਬ ਦੇ ਸਕੂਲਾਂ 'ਚ ਗਰਮੀਆਂ ਦੀਆਂ ਛੁੱਟੀਆਂ ਦਾ ਲੋਕ ਸਭਾ ਚੋਣਾਂ 'ਤੇ ਪਵੇਗਾ ਵੱਡਾ ਅਸਰ

ਜਲੰਧਰ, 20 ਮਾਰਚ : ਦੇਸ ਭਰ 'ਚ ਲੋਕ ਸਭਾ ਚੋਣਾਂ 2024 ਦਾ ਬਿਗਲ ਵੱਜ ਗਿਆ ਹੈ। ਲੋਕ ਸਭਾ ਚੋਣਾਂ 19 ਅਪ੍ਰੈਲ ਤੋਂ 7 ਪੜਾਵਾਂ 'ਚ ਹੋਣ ਜਾ ਰਹੀਆਂ ਹਨ। ਪੰਜਾਬ 'ਚ 7ਵੇਂ ਤੇ ਆਖਰੀ ਪੜਾਅ 'ਚ 1 ਜੂਨ ਨੂੰ ਚੋਣਾਂ ਹੋਣਗੀਆਂ। ਅਜਿਹੇ 'ਚ ਸਕੂਲਾਂ ਦੀਆਂ ਛੁੱਟੀਆਂ ਤੇ ਘੁੰਮਣ ਦੀਆਂ ਯੋਜਨਾਵਾਂ ਦਾ ਚੋਣਾਂ 'ਤੇ ਸਿੱਧਾ ਅਸਰ ਪੈ ਸਕਦਾ ਹੈ। ਆਮ ਤੌਰ 'ਤੇ ਪੰਜਾਬ 'ਚ ਮਈ ਤੇ ਜੂਨ ਦੇ ਮਹੀਨਿਆਂ 'ਚ ਸਖਤ ਗਰਮੀ ਹੁੰਦੀ ਹੈ ਤੇ ਤਾਪਮਾਨ 48 ਡਿਗਰੀ ਤੱਕ ਪਹੁੰਚ ਜਾਂਦਾ ਹੈ। ਪੰਜਾਬ 'ਚ 1 ਜੂਨ ਨੂੰ ਚੋਣਾਂ ਹੋਣੀਆਂ ਹਨ ਤੇ ਪੰਜਾਬ ਦੇ ਜ਼ਿਆਦਾਤਰ ਸਕੂਲਾਂ 'ਚ ਮਈ ਦੇ ਆਖਰੀ ਹਫਤੇ ਛੁੱਟੀਆਂ ਹੁੰਦੀਆਂ ਹਨ। ਅਜਿਹੇ 'ਚ ਸੰਭਾਵਨਾ ਹੈ ਕਿ ਚੋਣਾਂ ਆਉਣ ਤੱਕ ਬਹੁਤ ਸਾਰੇ ਲੋਕ ਜਾਂ ਤਾਂ ਆਪਣੇ ਬੱਚਿਆਂ ਨਾਲ ਛੁੱਟੀਆਂ ਮਨਾਉਣ ਦੂਜੇ ਸੂਬਿਆਂ 'ਚ ਚਲੇ ਗਏ ਹੋਣਗੇ ਜਾਂ ਫਿਰ ਵਿਦੇਸ ਯਾਤਰਾ 'ਤੇ ਚਲੇ ਜਾਣਗੇ। ਅਕਸਰ ਲੋਕਾਂ ਨੇ ਬੱਚਿਆਂ ਨਾਲ ਛੁੱਟੀਆਂ ਬਿਤਾਉਣ ਦੀ ਯੋਜਨਾ ਬਣਾਈ ਹੁੰਦੀ ਹੈ। ਲੋਕ ਅਕਸਰ ਕਈ ਮਹੀਨੇ ਪਹਿਲਾਂ ਜਹਾਜ ਦੀਆਂ ਟਿਕਟਾਂ ਬੁੱਕ ਕਰਵਾ ਲੈਂਦੇ ਹਨ। ਅਜਿਹੇ 'ਚ ਸੰਭਾਵਨਾ ਹੈ ਕਿ ਪੰਜਾਬ ਦੇ ਬਹੁਤ ਸਾਰੇ ਲੋਕ ਇਸ ਵਾਰ ਚੋਣਾਂ 'ਚ ਵੋਟ ਨਹੀਂ ਪਾ ਸਕਣਗੇ ਕਿਉਂਕਿ ਉਹ ਆਪੋ-ਆਪਣੇ ਵੋਟਿੰਗ ਖੇਤਰ 'ਚ ਨਹੀਂ ਹੋਣਗੇ। ਇਸ ਤੋਂ ਇਲਾਵਾ 1 ਜੂਨ ਨੂੰ ਉਂਝ ਵੀ ਸਨੀਵਾਰ ਹੈ ਤੇ ਜ਼ਿਆਦਾਤਰ ਲੋਕ ਵੀਕੈਂਡ ਦਾ ਫਾਇਦਾ ਉਠਾ ਕੇ ਸੈਰ ਲਈ ਨਿਕਲਣਗੇ।

## ਲੋਕ ਸਭਾ ਚੋਣਾਂ : ਹੁਣ ਸਰਕਾਰੀ ਪ੍ਰਾਪਰਟੀ 'ਤੇ ਸਿਆਸੀ ਹੋਰਡਿੰਗ ਲਾਉਣ ਵਾਲਿਆਂ 'ਤੇ ਦਰਜ ਹੋ ਸਕਦੈ ਕੇਸ

ਲੁਧਿਆਣਾ, 20 ਮਾਰਚ : ਲੋਕ ਸਭਾ ਚੋਣ ਦੇ ਲਈ ਕੋਡ ਲਾਗੂ ਹੋਣ ਦੇ ਬਾਅਦ ਨਾਜਾਇਜ਼ ਤੌਰ 'ਤੇ ਲੱਗੇ ਸਿਆਸੀ ਹੋਰਡਿੰਗ ਹਟਾਉਣ ਦੇ ਲਈ ਚੋਣ ਕਮਿਸ਼ਨ ਵਲੋਂ ਜੋ 72 ਘੰਟੇ ਦੀ ਡੈਡਲਾਈਨ ਫਿਕਸ ਕੀਤੀ ਗਈ ਸੀ, ਉਹ ਮੰਗਲਵਾਰ ਸ਼ਾਮ ਨੂੰ ਖਤਮ ਹੋ ਗਈ ਹੈ। ਇਸ ਤੋਂ ਬਾਅਦ ਸਰਕਾਰੀ ਪ੍ਰਾਪਰਟੀ 'ਤੇ ਸਿਆਸੀ ਹੋਰਡਿੰਗ ਲਗਾਉਣ ਵਾਲਿਆਂ 'ਤੇ ਕੇਸ ਦਰਜ ਹੋ ਸਕਦਾ ਹੈ। ਇੱਥੇ ਜ਼ਿਕਰਯੋਗ ਹੋਵੇਗਾ ਕਿ ਚੋਣ ਕਮਿਸ਼ਨ ਵਲੋਂ 16 ਮਾਰਚ ਦੁਪਹਿਰ ਨੂੰ ਲੋਕ ਸਭਾ ਚੋਣਾਂ ਦੇ ਸ਼ਡਿਊਲ ਦਾ ਐਲਾਨ ਕਰਨ ਦੇ ਕੁੱਝ ਦੇਰ ਬਾਅਦ ਹੀ ਨਗਰ ਨਿਗਮ ਦੀਆਂ ਟੀਮਾਂ ਫੀਲਡ ਵਿਚ ਉਤਰ ਗਈਆਂ ਸੀ। ਇਨ੍ਹਾਂ ਵਲੋਂ ਚਾਰੇ ਜ਼ੋਨਾਂ ਦੇ ਅਧੀਨ ਆਉਂਦੇ ਇਲਾਕੇ ਵਿਚ ਸਰਕਾਰੀ ਬਿਲਡਿੰਗਾਂ, ਖੰਭਿਆਂ, ਪੁਲਾਂ ਆਦਿ 'ਤੇ ਲੱਗੇ ਸਿਆਸੀ ਹੋਰਡਿੰਗ, ਬੈਨਰ, ਪੋਸਟਰ, ਝੰਡੇ ਹਟਾਉਣ ਸਮੇਤ ਵਾਲ ਪੇਂਟਿੰਗ ਖਤਮ ਕਰਨ ਦੀ ਕਾਰਵਾਈ ਕੀਤੀ ਗਈ। ਇਸ ਸਬੰਧ ਵਿਚ ਰਿਪੋਰਟ ਬਣਾ ਕੇ ਚੋਣ ਕਮਿਸ਼ਨ ਨੂੰ ਭੇਜ ਦਿੱਤੀ ਗਈ ਹੈ। ਜਿਸਦੇ ਬਾਅਦ ਸਰਕਾਰੀ ਬਿਲਡਿੰਗਾਂ, ਖੰਭਿਆਂ, ਪੁਲਾਂ ਆਦਿ 'ਤੇ ਸਿਆਸੀ ਹੋਰਡਿੰਗ, ਬੈਨਰ, ਪੋਸਟਰ, ਝੰਡੇ ਲਗਾਉਣ ਸਮੇਤ ਵਾਲੇ ਪੇਂਟਿੰਗ ਕਰਨ ਵਾਲਿਆਂ ਦੇ ਖਿਲਾਫ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦੇ ਮੁਤਾਬਕ ਡਿਫੈਸਮੈਂਟ ਆਫ ਪਬਲਿਕ ਪ੍ਰਾਪਰਟੀ ਐਕਟ ਦੇ ਤਹਿਤ ਕੇਸ ਦਰਜ ਕਰਵਾਉਣ ਦੀ ਕਾਰਵਾਈ ਕੀਤੀ ਜਾਵੇਗੀ।

## ਪੁਲਸ ਕਮਿਸ਼ਨਰ ਨੇ ਲਾਇਸੈਂਸੀ ਹਥਿਆਰ ਜਮ੍ਹਾਂ ਕਰਵਾਉਣ ਦੇ ਦਿੱਤੇ ਹੁਕਮ

ਲੁਧਿਆਣਾ, 20 ਮਾਰਚ : ਲੋਕ ਸਭਾ ਚੋਣਾਂ ਦੇ ਮੱਦੇਨਜਰ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਵੱਲੋਂ ਲਾਇਸੈਂਸੀ ਹਥਿਆਰ ਜਮ੍ਹਾਂ ਕਰਵਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਦੇ ਨਾਲ ਹੀ ਕਿਸੇ ਵੀ ਤਰ੍ਹਾਂ ਦੇ ਭਾਲੇ, ਖੰਜਰ, ਧਮਾਕਾਖੇਜ ਸਮੱਗਰੀ, ਧਾਰਦਾਰ ਅਤੇ ਘਾਤਕ ਹਥਿਆਰ ਰੱਖਣ 'ਤੇ ਵੀ ਪੂਰੀ ਤਰ੍ਹਾਂ ਪਾਬੰਦੀ ਲਾਈ ਗਈ ਹੈ। ਅਸਲ 'ਚ, ਪੰਜਾਬ 'ਚ 7ਵੇਂ ਪੜਾਅ ਦੌਰਾਨ 1 ਜੂਨ ਨੂੰ ਲੋਕ ਸਭਾ ਚੋਣਾਂ ਹਨ। ਚੋਣਾਂ 'ਚ ਸੁਰੱਖਿਆ, ਕਾਨੂੰਨ ਵਿਵਸਥਾ ਅਤੇ ਸ਼ਾਂਤੀ ਬਣਾਈ ਰੱਖਣ ਲਈ ਜਿੱਥੇ ਪੁਲਸ ਪ੍ਰਸ਼ਾਸਨ ਨੇ ਲੱਕ ਬੰਨ੍ਹ ਲਿਆ ਹੈ।

# ਹਿਮਾਚਲ 'ਚ ਆਰੇਂਜ ਅਲਰਟ ਜਾਰੀ, ਜਾਣੋ ਪੰਜਾਬ 'ਚ ਆਉਣ ਵਾਲੇ 4 ਦਿਨਾਂ ਦੇ ਮੌਸਮ ਦਾ ਹਾਲ

**ਸਰਦੂਲ ਸਿੰਘ**

ਪੰਜਾਬ ਡੈਸਕ, 20 ਮਾਰਚ : ਹਿਮਾਚਲ ਪ੍ਰਦੇਸ 'ਚ ਪੱਛਮੀ ਗੜਬੜੀ ਦਾ ਪ੍ਰਭਾਵ ਜਾਰੀ ਹੈ। ਮੰਗਲਵਾਰ ਨੂੰ ਲਾਹੌਲ ਸਪਿਤੀ, ਕੁੱਲੂ ਦੀਆਂ ਚੋਟੀਆਂ ਸਮੇਤ ਸ਼ਿਮਲਾ ਦੇ ਨਾਰਕੰਡਾ 'ਚ ਤਾਜਾ ਬਰਫਬਾਰੀ ਹੋਈ। ਸੂਬੇ ਦੇ ਦਰਮਿਆਨੇ ਤੋਂ ਉਚਾਈ ਵਾਲੇ ਇਲਾਕਿਆਂ 'ਚ ਮੀਂਹ ਪੈਣ ਕਾਰਨ ਮੌਸਮ ਠੰਡਾ ਬਣਿਆ ਹੋਇਆ ਹੈ। ਡਬਲਯੂ. ਡੀ. ਦੀ ਗਤੀਵਿਧੀ ਕਾਰਨ ਸਰਾਹਨ 'ਚ 9 ਮਿਲੀਮੀਟਰ, ਰਾਮਪੁਰ 'ਚ 7.6, ਬੰਜਾਰ 'ਚ 3 ਤੇ ਨਾਰਕੰਡਾ 'ਚ 1 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ ਹੈ। ਸ਼ਿਮਲਾ ਤੇ ਆਲੇ-ਦੁਆਲੇ ਦੇ ਇਲਾਕਿਆਂ 'ਚ ਦੁਪਹਿਰ ਤੱਕ ਬੱਦਲ ਛਾਏ ਰਹੇ। ਕੁਝ ਇਲਾਕਿਆਂ 'ਚ ਹਲਕਾ ਮੀਂਹ ਪਿਆ। ਮੌਸਮ ਵਿਭਾਗ ਨੇ 21 ਮਾਰਚ ਤੋਂ 23 ਮਾਰਚ ਤੱਕ ਤੇਜ ਤੂਫਾਨ ਤੇ ਗੜ੍ਹੇਮਾਰੀ ਦੀ ਚਿਤਾਵਨੀ ਜਾਰੀ ਕੀਤੀ ਹੈ। ਇਸ ਦੌਰਾਨ ਬਿਲਾਸਪੁਰ, ਹਮੀਰਪੁਰ ਤੇ ਸ਼ਿਮਲਾ ਦੇ ਉਪਰਲੇ ਇਲਾਕਿਆਂ 'ਚ ਕੁਝ ਥਾਵਾਂ 'ਤੇ ਗੜ੍ਹੇਮਾਰੀ ਦਾ ਆਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਇਥੇ ਮੈਦਾਨੀ ਇਲਾਕਿਆਂ 'ਚ ਧੁੱਪ ਨਿਕਲਣ ਕਾਰਨ ਤਾਪਮਾਨ ਵਧਣਾ ਸੁਰੂ ਹੋ ਗਿਆ ਹੈ। ਕਈ ਵੱਡੇ ਸਹਿਰਾਂ 'ਚ ਤਾਪਮਾਨ 30 ਡਿਗਰੀ ਤੱਕ ਪਹੁੰਚ ਗਿਆ ਹੈ। ਊਨਾ ਦਾ ਪਾਰਾ 30.4 ਡਿਗਰੀ ਦਰਜ ਕੀਤਾ ਗਿਆ ਹੈ। ਇਥੇ ਪੰਜਾਬ 'ਚ ਦਿਨ ਦਾ ਤਾਪਮਾਨ ਤੇਜੀ ਨਾਲ ਵਧਿਆ ਹੈ। ਫਰੀਦਕੋਟ 'ਚ ਵੱਧ ਤੋਂ ਵੱਧ ਤਾਪਮਾਨ 32.3 ਡਿਗਰੀ ਰਿਹਾ। ਸੂਬੇ 'ਚ 24 ਘੰਟਿਆਂ 'ਚ ਔਸਤਨ ਪਾਰਾ 0.6 ਡਿਗਰੀ ਤੱਕ ਵਧਿਆ ਹੈ। ਰਾਤ ਦਾ ਸਭ ਤੋਂ ਘੱਟ ਤਾਪਮਾਨ ਮੋਗਾ 'ਚ 9.8 ਰਿਹਾ। ਹਰਿਆਣਾ ਦੇ ਨਾਰਨੌਲ 'ਚ ਵੀ ਤਾਪਮਾਨ 31.5 ਡਿਗਰੀ ਰਿਹਾ। ਸਾਲ 2023 'ਚ ਗਰਮੀ ਨੇ ਸਾਰੇ ਰਿਕਾਰਡ ਤੋੜ ਦਿੱਤੇ। ਸੰਯੁਕਤ ਰਾਸਟਰ ਦੇ ਵਿਸਵ ਮੌਸਮ ਵਿਗਿਆਨ ਸੰਗਠਨ ਨੇ ਮੰਗਲਵਾਰ



ਨੂੰ ਆਪਣੀ ਸਾਲਾਨਾ ਜਲਵਾਯੂ ਸਥਿਤੀ ਰਿਪੋਰਟ ਜਾਰੀ ਕੀਤੀ। ਇਸ ਨੇ ਸੰਕੇਤ ਦਿੱਤਾ ਕਿ 2024 ਹੁਣ ਤੱਕ ਦਾ ਸਭ ਤੋਂ ਗਰਮ ਸਾਲ ਹੋ ਸਕਦਾ ਹੈ। ਜਦਕਿ 2014 ਤੋਂ 2023 ਤੱਕ ਦਾ ਸਮਾਂ ਸਭ ਤੋਂ ਗਰਮ ਦਹਾਕੇ ਵਜੋਂ ਦਰਜ ਕੀਤਾ ਗਿਆ ਹੈ। ਇਨ੍ਹਾਂ 10 ਸਾਲਾਂ 'ਚ ਗਰਮੀ ਦੀਆਂ ਲਹਿਰਾਂ ਨੇ ਸਮੁੰਦਰਾਂ ਨੂੰ ਪ੍ਰਭਾਵਿਤ ਕੀਤਾ। ਵਿਸਵ ਮੌਸਮ ਵਿਗਿਆਨ ਸੰਗਠਨ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਅੰਕੜੇ ਸਭ ਤੋਂ ਗਰਮ 10 ਸਾਲ ਦੀ ਮਿਆਦ ਦੇ ਅੰਤ 'ਤੇ ਆਏ ਹਨ। ਸੰਯੁਕਤ ਰਾਸਟਰ ਦੇ ਮੁਖੀ ਐਂਟੋਨੀਓ ਗੁਟੇਰੇਸ ਨੇ ਕਿਹਾ ਕਿ ਇਹ ਰਿਪੋਰਟ ਦਰਸਾਉਂਦੀ ਹੈ ਕਿ ਸਾਡਾ ਗ੍ਰਹਿ ਸੰਕਟ ਦੇ ਸੰਕੇਤ ਦਿਖਾ ਰਿਹਾ ਹੈ। ਜੈਵਿਕ ਬਾਲਣ ਪ੍ਰਦੂਸਣ ਚਾਰਟ ਦਰਸਾਉਂਦੇ ਹਨ ਕਿ ਜਲਵਾਯੂ ਨੂੰ ਕਿੰਨਾ ਨੁਕਸਾਨ ਹੋ ਰਿਹਾ ਹੈ। ਇਹ ਇਕ ਚਿਤਾਵਨੀ ਹੈ ਕਿ ਧਰਤੀ 'ਤੇ ਕਿੰਨੀ ਤੇਜੀ ਨਾਲ ਤਬਦੀਲੀਆਂ ਹੋ ਰਹੀਆਂ ਹਨ। ਭਾਰਤੀ ਮੌਸਮ ਵਿਭਾਗ ਨੇ ਇਸ ਹਫਤੇ ਤੋਂ ਪੰਜਾਬ, ਦਿੱਲੀ ਤੇ ਹਰਿਆਣਾ ਸਮੇਤ ਉੱਤਰ-ਪੱਛਮੀ ਭਾਰਤ 'ਚ ਦਿਨ ਦਾ ਤਾਪਮਾਨ 2 ਤੋਂ 4 ਡਿਗਰੀ ਸੈਲਸੀਅਸ ਵਧਣ ਦੀ ਭਵਿੱਖਬਾਣੀ ਕੀਤੀ ਹੈ। ਹਿਮਾਚਲ ਪ੍ਰਦੇਸ, ਪੰਜਾਬ ਤੇ ਉੱਤਰ-ਪੂਰਬ ਦੇ ਕੁਝ ਹਿੱਸਿਆਂ ਨੂੰ ਛੱਡ ਕੇ ਦੇਸ ਦੇ ਜ਼ਿਆਦਾਤਰ ਹਿੱਸਿਆਂ 'ਚ ਅਗਲੇ 4-5 ਦਿਨਾਂ 'ਚ ਵੱਧ ਤੋਂ ਵੱਧ ਤਾਪਮਾਨ 'ਚ 2 ਤੋਂ 4 ਡਿਗਰੀ ਸੈਲਸੀਅਸ ਦਾ ਵਾਧਾ ਹੋ ਸਕਦਾ ਹੈ। ਮੌਸਮ ਵਿਭਾਗ ਨੇ ਹਿਮਾਚਲ ਪ੍ਰਦੇਸ 'ਚ 21 ਮਾਰਚ ਤੋਂ 23 ਮਾਰਚ ਤੱਕ ਤੇਜ ਤੂਫਾਨ ਤੇ ਗੜ੍ਹੇਮਾਰੀ ਦੀ ਚਿਤਾਵਨੀ ਜਾਰੀ ਕੀਤੀ ਹੈ। ਹਾਲਾਂਕਿ ਸੂਬੇ 'ਚ 24 ਮਾਰਚ ਤੱਕ ਮੌਸਮ ਖਰਾਬ ਰਹੇਗਾ। ਇਸ ਦੌਰਾਨ ਮੌਸਮ ਵਿਭਾਗ ਨੇ ਸ਼ਿਮਲਾ ਦੇ ਬਿਲਾਸਪੁਰ, ਹਮੀਰਪੁਰ ਤੇ ਉਪਰਲੇ ਇਲਾਕਿਆਂ 'ਚ ਕੁਝ ਥਾਵਾਂ 'ਤੇ ਗੜ੍ਹੇਮਾਰੀ ਦਾ ਆਰੇਂਜ ਅਲਰਟ ਜਾਰੀ ਕੀਤਾ ਹੈ।